ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA Weekly

Since April 2005 Editor : Sharnjit Singh Thind

Vol. 14 Issue 25 Friday 20 Sep to 26 Sep, 2019 www.PUNJABIDUNIYA.com Published Weekly from New York

Indian Visa Center
VISA/OCI/PIO/Passport Application Assistance Center
Deepak Bansal
Cell : 516-304-8808
Fax : 516-218-8009

# ਜੀ ਆਇਆਂ ਨੂੰ


## ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਮਰੀਕਾ ਪਹੁੰਚਣ 'ਤੇ ਸਵਾਗਤ



## ਸਰਹੱਦ 'ਤੇ ਕੈਪਟਨ ਨੇ ਪਾਕਿਸਤਾਨ ਨੂੰ ਵੰਗਾਰਿਆ, 20 ਡਾਲਰ ਫੀਸ ਨਹੀਂ ਮਨਜ਼ੂਰ



ਗੁਰਦਾਸਪੁਰ (ਪੰਜਾਬੀ ਦੁਨੀਆ ਬਿਓਰੋ): ਪੰਜਾਬ ਕੈਬਨਿਟ ਦੀ ਮੀਟਿੰਗ ਡੇਰਾ ਬਾਬਾ ਨਾਨਕ 'ਚ ਹੋਈ। ਇਸ ਮੀਟਿੰਗ ਵਿੱਚ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਨਵੰਬਰ ਵਿੱਚ ਖੁੱਲ੍ਹ ਰਹੇ ਲਾਂਘੇ ਤੇ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਸਬੰਧੀ ਜਾਇਜ਼ਾ ਲਿਆ ਗਿਆ।ਇਸ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਾਕਿਸਤਾਨ ਨੂੰ ਘੇਰਦਿਆਂ ਲਾਂਘੇ ਨੂੰ ਲੈ ਕੇ 20 ਅਮਰੀਕੀ ਡਾਲਰ ਦੀ ਫੀਸ ਨੂੰ ਜਜ਼ੀਆ ਟੈਕਸ ਕਰਾਰ ਦਿੱਤਾ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਪਾਕਿਸਤਾਨ ਵੱਲੋਂ ਲਾਂਘੇ 'ਤੇ ਫੀਸ ਲਾਉਣ ਦੀ ਸ਼ਰਤ ਨਾ ਮੰਨੀ ਜਾਵੇ। ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਭਾਰਤ ਵਾਲੇ ਪਾਸੇ 31 ਅਕਤੂਬਰ ਤੱਕ ਲਾਂਘੇ ਦਾ ਸਾਰਾ ਕੰਮ ਮੁਕੰਮਲ ਹੋ ਜਾਏਗਾ। ਉਨ੍ਹਾਂ ਕਿਹਾ ਕਿ ਪੰਜ ਹਜ਼ਾਰ ਸ਼ਰਧਾਲੂਆਂ ਲਈ 40 ਏਕੜ ਵਿੱਚ ਟੈਂਟ ਸਿਟੀ ਬਣੇਗਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵੱਲੋਂ ਜੋ ਵੀ ਤਾਰੀਖ ਦਿੱਤੀ ਜਾਵੇਗੀ, ਉਸੇ ਮੁਤਾਬਕ ਭਾਰਤ ਵੱਲੋਂ ਵੀ ਕਰਤਾਰਪੁਰ ਕੌਰੀਡੋਰ ਖੋਲ੍ਹਿਆ ਜਾਵੇਗਾ। ਯਾਦ ਰਹੇ ਸੁਲਤਾਨਪੁਰ ਲੋਧੀ ਮਗਰੋਂ ਪੰਜਾਬ ਕੈਬਨਿਟ ਦੀ ਮੀਟਿੰਗ ਡੇਰਾ ਬਾਬਾ ਨਾਨਕ 'ਚ ਹੋਈ ਹੈ। ਇਹ ਪਹਿਲੀ ਵਾਰ ਹੈ ਜਦੋਂ ਪੰਜਾਬ ਸਰਕਾਰ ਰਾਜਧਾਨੀ ਚੰਡੀਗੜ੍ਹ ਤੋਂ ਬਾਹਰ ਕੈਬਨਿਟ ਮੀਟਿੰਗਾਂ ਕਰ ਰਹੀ ਹੈ।



## ਕਸ਼ਮੀਰ 'ਚ ਇਸ ਤਿੰਨ ਸੂਤਰੀ ਫਾਰਮੂਲੇ ਉੱਤੇ ਕੰਮ ਕਰ ਰਹੀ ਭਾਰਤ ਸਰਕਾਰ

ਸ੍ਰੀ ਨਗਰ (ਪੰਜਾਬੀ ਦੁਨੀਆ ਬਿਓਰੋ) : ਪੰਜ ਅਗਸਤ ਨੂੰ ਜੰਮੂ ਤੇ ਕਸ਼ਮੀਰ ਵਿਚੋਂ ਧਾਰਾ 370 ਹਟਾਏ ਜਾਣ ਤੋਂ ਬਾਅਦ ਪ੍ਰਸ਼ਾਸਨ ਲਗਾਤਾਰ ਡੇਢ ਮਹੀਨੇ ਤੋਂ ਹਾਲਾਤ ਨੂੰ ਸੁਖਾਵਾਂ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਨੁਕਸਾਨ ਨੂੰ ਬਹੁਤ ਹੱਦ ਤੱਕ ਰੋਕਿਆ ਗਿਆ ਹੈ, ਹੁਣ ਰਾਜਪਾਲ ਤੋਂ ਲੈ ਕੇ ਪੁਲਿਸ ਪ੍ਰਸ਼ਾਸਨ ਤੱਕ ਜੋ ਗੱਲਾਂ ਹੋ ਰਹੀਆਂ ਹਨ , ਉਸ ਵਿਚ ਤਿੰਨ ਤਰ੍ਹਾਂ ਦੇ ਫਾਰਮੂਲੇ ਉੱਭਰ ਕੇ ਸਾਹਮਣੇ ਆ ਰਹੇ ਹਨ।

**ਕੀ ਹਨ ਇਹ ਤਿੰਨ ਫਾਰਮੂਲੇ**

**ਪਹਿਲਾ ਫਾਰਮੂਲਾ**

ਵੱਡੀ ਗਿਣਤੀ ਵਿੱਚ ਕਸ਼ਮੀਰੀ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਣਗੀਆਂ। ਪਰ ਇਹ ਜ਼ਿਆਦਾਤਰ ਨੌਕਰੀਆਂ ਸੁਰੱਖਿਆ ਬਲਾਂ , ਜਿਵੇਂ ਫ਼ੌਜ, ਬੀਐੱਸਐੱਫ, ਸੀਆਰਪੀਐੱਫ, ਸੀਆਈਐੱਸਐਫ਼, ਐੱਸਐੱਸਬੀ ਤੇ ਫੌਜ ਵਿਚ ਦਿੱਤੀਆਂ ਜਾਣਗੀਆਂ। ਇਸਦੇ ਲਈ ਬਕਾਇਕਾ ਭਰਤੀ ਮੁਹਿੰਮ ਸ਼ੁਰੂ ਕੀਤੀ ਜਾਵੇਗੀ। ਪਹਿਲੇ ਗੇੜ ਵਿਚ 2 ਹਜ਼ਾਰ ਕਸ਼ਮੀਰੀਆਂ ਨੂੰ ਭਰਤੀ ਕੀਤਾ ਜਾਵੇਗਾ। ਜੰਮੂ ਕਸ਼ਮੀਰ ਦੇ ਰਾਜਪਾਲ ਸਤਿਆਪਾਲ ਮਲਿਕ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ ਕਿ ਅਗਲੇ ਤਿੰਨ ਮਹੀਨਿਆਂ ਦੌਰਾਨ 50 ਹਜ਼ਾਰ ਨੌਕਰੀਆਂ ਦਿੱਤੀਆਂ ਜਾਣਗੀਆਂ।

**ਦੂਜਾ ਫਾਰਮੂਲਾ**

ਸਰਦੀਆਂ ਵਿਚ ਇੱਥੇ ਟਰਾਂਸਮਿਸ਼ਨ ਲਾਇਨਾਂ ਬਹੁਤ ਖ਼ਰਾਬ ਹੋ ਜਾਂਦੀਆਂ ਹਨ। ਸਰਦੀਆਂ ਵਿਚ ਇੱਥੋਂ ਦੀਆਂ ਲੋੜਾਂ ਮੁਤਾਬਕ ਬਿਜਲੀ ਦਾ ਉਤਪਾਦਨ ਨਹੀਂ ਹੋ ਪਾਉਂਦਾ। ਇਸ ਲ਼ਈ ਕੇਂਦਰ ਸਰਕਾਰ ਨੇ ਬਿਜਲੀ ਮੰਤਰਾਲੇ ਨੂੰ 10 ਹਜ਼ਾਰ ਕਰੋੜ ਦੀ ਲਾਗਤ ਨਾਲ ਕਈ ਪ੍ਰੋਜੈਕਟ ਇੱਕੋ ਵੇਲੇ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਫਾਸਟ ਟਰੈਕ ਅਧਾਰ ਉੱਤੇ ਸ਼ੁਰੂ ਕੀਤਾ ਜਾਵੇਗਾ ਅਤੇ ਉਹ ਦਿਨ ਦੂਰ ਨਹੀਂ ਜਦੋਂ ਕਸ਼ਮੀਰ ਵਿਚ 24 ਘੰਟੇ ਬਿਜਲੀ ਮੁਹੱਈਆ ਕਰਵਾਈ ਜਾਵੇਗੀ।

**ਤੀਸਰਾ ਫਾਰਮੂਲਾ**

ਪੁਲਿਸ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਬੀਤੇ 45 ਦਿਨਾਂ ਵਿਚ ਉਨ੍ਹਾਂ ਨੇ 24 ਕੱਟੜਪੰਥੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਡੀਜੀਪੀ ਨੇ ਇਹ ਗੱਲ ਜ਼ੋਰ ਦੇ ਕੇ ਕਹੀ ਕਿ ਉਹ ਅਜਿਹੇ ਲੋਕਾਂ ਦੀ ਪਛਾਣ ਕਰ ਰਹੇ ਹਨ, ਜਿਹੜੇ ਲੋਕਾਂ ਨੂੰ ਡਰਾਉਂਦੇ ਹਨ, ਕਿ ਬਾਹਰ ਨਾਲ ਨਿਕਲੋ ਅਤੇ ਦੁਕਾਨਦਾਰਾ ਅਤੇ ਕਮਰਸ਼ੀਅਲ ਵਾਹਨ ਚਲਾਉਣ ਵਾਲਿਆਂ ਨੂੰ ਧਮਕੀਆਂ ਦਿੰਦੇ ਹਨ। ਉਨ੍ਹਾਂ ਦੀ ਸ਼ਨਾਖ਼ਤ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ ਅਤੇ ਮੁਕੱਦਮੇ ਚਲਾਏ ਜਾਣਗੇ।

(ਬਾਕੀ ਸਫਾ 4 'ਤੇ)

Home Business Auto
Insurance
NLIGHT INSURANCE
(A Division of Nlight Financial LLC)
Call : 917-612-3158
See Full Page Advt on page 24

# ਮੋਦੀ ਨੂੰ ਬਿਲ ਗੇਟਸ ਵੱਲੋਂ ਮਿਲਣ ਵਾਲੇ ਐਵਾਰਡ 'ਤੇ ਇਤਰਾਜ਼ ਕਿਉਂ



**ਸਰਕਾਰ ਦਾ ਦਾਅਵਾ ਹੈ ਕਿ ਇਸ ਪ੍ਰੋਗਰਾਮ ਰਾਹੀਂ ਦੇਸ ਵਿੱਚ ਲੱਖਾਂ ਪਖਾਨੇ ਬਣਾਏ ਗਏ ਹਨ ਅਤੇ ਸਫਾਈ ਪ੍ਰਤੀ ਲੋਕਾਂ ਵਿੱਚ ਵਿਆਪਕ ਜਾਗਰੂਕਤਾ ਆਈ ਹੈ। ਪਰ ਮੋਦੀ ਨੂੰ ਐਵਾਰਡ ਦੇਣ ਦੇ ਐਲਾਨ ਤੋਂ ਬਾਅਦ ਤੋਂ ਗੇਟਸ ਫਾਊਂਡੇਸ਼ਨ ਦੀ ਆਲੋਚਨਾ ਹੋ ਰਹੀ ਹੈ।**

ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਨਰਿੰਦਰ ਮੋਦੀ ਨੂੰ ਕਈ ਗਲੋਬਲ ਐਵਾਰਡ ਮਿਲੇ ਹਨ। ਅਜਿਹਾ ਹੀ ਇੱਕ ਹੋਰ ਐਵਾਰਡ ਮਿਲਣ ਵਾਲਾ ਹੈ ਅਤੇ ਜਿਸ 'ਤੇ ਕਾਫੀ ਵਿਵਾਦ ਹੋ ਰਿਹਾ ਹੈ। ਬਿਲ ਐਂਡ ਮੇਲਿੰਡਾ ਗੇਟਸ ਫਾਊਂਡੇਸ਼ਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸੇ ਮਹੀਨੇ 'ਗਲੋਬਲ ਗੋਲਕੀਪਰ ਐਵਾਰਡ' ਦੇਣ ਦਾ ਐਲਾਨ ਕੀਤਾ ਹੈ। ਪਰ ਇਸ ਐਲਾਨ ਦੇ ਬਾਅਦ ਮਸ਼ਹੂਰ ਵਕੀਲਾਂ, ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਸਮਾਜਿਕ ਕਾਰਕੁਨਾਂ ਨੇ ਬਿਲ ਐਂਡ ਮੇਲਿੰਡਾ ਗੇਟਸ ਫਾਊਂਡੇਸ਼ਨ ਦੀ ਸਖ਼ਤ ਆਲੋਚਨਾ ਕੀਤੀ ਹੈ। ਫਾਊਂਡੇਸ਼ਨ 24 ਸਤੰਬਰ ਨੂੰ ਚੌਥੇ ਸਾਲਾਨਾ ਗੋਲਕੀਪਰਸ ਗਲੋਬਲ ਗੋਲਸ ਐਵਾਰਡ ਦੌਰਾਨ ਪ੍ਰਧਾਨ ਮੰਤਰੀ ਨੂੰ ਸਨਮਾਨਿਤ ਕਰੇਗੀ। ਇਹ ਐਵਾਰਡ ਪ੍ਰਧਾਨ ਮੰਤਰੀ ਮੋਦੀ ਦੇ ਫਲੈਗਸ਼ਿਪ ਪ੍ਰੋਗਰਾਮ 'ਸਵੱਛ ਭਾਰਤ ਅਭਿਆਨ' ਨੂੰ ਲੈ ਕੇ ਹੈ। ਸਰਕਾਰ ਦਾ ਦਾਅਵਾ ਹੈ ਕਿ ਇਸ ਪ੍ਰੋਗਰਾਮ ਰਾਹੀਂ ਦੇਸ ਵਿੱਚ ਲੱਖਾਂ ਪਖਾਨੇ ਬਣਾਏ ਗਏ ਹਨ ਅਤੇ ਸਫਾਈ ਪ੍ਰਤੀ ਲੋਕਾਂ ਵਿੱਚ ਵਿਆਪਕ ਜਾਗਰੂਕਤਾ ਆਈ ਹੈ। ਪਰ ਮੋਦੀ ਨੂੰ ਐਵਾਰਡ ਦੇਣ ਦੇ ਐਲਾਨ ਤੋਂ ਬਾਅਦ ਤੋਂ ਗੇਟਸ ਫਾਊਂਡੇਸ਼ਨ ਦੀ ਆਲੋਚਨਾ ਹੋ ਰਹੀ ਹੈ।

**ਆਲੋਚਨਾ ਕਿਉਂ ਹੋ ਰਹੀ ਹੈ ?**

1976 ਨੋਬਲ ਸ਼ਾਂਤੀ ਪੁਰਸਕਾਰ ਜੇਤੂ ਮੇਰਿਡ ਮੈਗਵੇਈਰ ਨੇ ਗੇਟਸ ਫਾਊਂਡੇਸ਼ਨ ਨੂੰ ਆਪਣੇ ਪੱਤਰ 'ਚ ਲਿਖਿਆ, "ਸਾਨੂੰ ਇਹ ਜਾਣ ਕੇ ਬਹੁਤ ਹੈਰਾਨੀ ਹੋਈ ਹੈ ਕਿ ਬਿਲ ਐਂਡ ਮੇਲਿੰਡਾ ਗੇਟਸ ਫਾਊਂਡੇਸ਼ਨ ਇਸ ਮਹੀਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੁਰਸਕਾਰ ਦੇਵੇਗਾ।" "ਨਰਿੰਦਰ ਮੋਦੀ ਦੇ ਰਾਜ ਵਿੱਚ ਭਾਰਤ ਖ਼ਤਰਨਾਕ ਅਤੇ ਘਾਤਕ ਦੌਰ ਵੱਲ ਵਧ ਰਿਹਾ ਹੈ, ਜਿਸ ਕਾਰਨ ਮਨੁੱਖੀ ਅਧਿਕਾਰ ਅਤੇ ਲੋਕਤੰਤਰ ਲਗਾਤਾਰ ਕਮਜ਼ੋਰ ਹੋਇਆ ਹੈ। ਇਹ ਸਾਨੂੰ ਖ਼ਾਸ ਤੌਰ 'ਤੇ ਪਰੇਸ਼ਾਨ ਕਰ ਰਿਹਾ ਹੈ ਕਿਉਂਕਿ ਤੁਹਾਡੇ ਫਾਊਂਡੇਸ਼ਨ ਦਾ ਐਲਾਨਿਆ ਮਿਸ਼ਨ ਜੀਵਨ ਨੂੰ ਸੁਰੱਖਿਅਤ ਕਰਨਾ ਅਤੇ ਅਸਮਾਨਤਾ ਨਾਲ ਲੜਨਾ ਹੈ।" ਇਸ ਪੱਤਰ ਵਿੱਚ ਉਨ੍ਹਾਂ ਨੇ ਭਾਰਤ ਵਿੱਚ ਘੱਟ ਗਿਣਤੀਆਂ (ਖ਼ਾਸ ਕਰਕੇ ਮੁਸਲਮਾਨਾਂ, ਈਸਾਈਆਂ ਅਤੇ ਦਲਿਤਾਂ) 'ਤੇ ਵਧੇ ਹਮਲੇ, ਆਸਾਮ ਅਤੇ ਕਸ਼ਮੀਰ ਵਿੱਚ ਮਨੁੱਖੀ ਅਧਿਕਾਰਾਂ ਦੀ ਕਥਿਤ ਉਲੰਘਣਾ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਫਾਊਂਡੇਸ਼ਨ ਨੂੰ ਪ੍ਰਧਾਨ ਮੰਤਰੀ ਮੋਦੀ ਨੂੰ ਪੁਰਸਕਾਰ ਦਿੱਤੇ ਜਾਣ 'ਤੇ ਦੁਬਾਰਾ ਵਿਚਾਰ ਕਰਨ ਦੀ ਅਪੀਲ ਕੀਤੀ ਹੈ।ਇਸ ਸਨਮਾਨ ਦੇ ਐਲਾਨ ਦੇ ਸਮੇਂ ਨੂੰ ਲੈ ਕੇ ਵੀ ਆਲੋਚਨਾ ਹੋ ਰਹੀ ਹੈ। ਇਸ ਵੇਲੇ ਆਸਾਮ ਅਤੇ ਜੰਮੂ-ਕਸ਼ਮੀਰ ਵਿੱਚ ਮੋਦੀ ਸਰਕਾਰ ਨੇ ਵਿਵਾਦਿਤ ਫ਼ੈਸਲੇ ਲਏ ਹਨ, ਜਿਸ ਦੀ ਆਲੋਚਨਾ ਹੋ ਰਹੀ ਹੈ। ਜੰਮੂ-ਕਸ਼ਮੀਰ ਵਿੱਚ 5 ਅਗਸਤ ਦੇ ਬਾਅਦ ਤੋਂ ਹੀ ਹਾਲਾਤ ਆਮ ਨਹੀਂ ਹੋ ਸਕੇ ਹਨ। ਕਸ਼ਮੀਰ ਵਿੱਚ ਕਈ ਜ਼ਰੂਰੀ ਸੇਵਾਵਾਂ ਅੱਜ ਵੀ ਪਾਬੰਦੀਸ਼ੁਦਾ ਹਨ। ਕਸ਼ਮੀਰ ਵਿੱਚ ਭਾਰਤ ਸਰਕਾਰ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਗੰਭੀਰ ਇਲਜ਼ਾਮ ਲੱਗ ਰਹੇ ਹਨ। ਨਰਿੰਦਰ ਮੋਦੀ ਨੂੰ ਦਿੱਤਾ ਜਾਣ ਵਾਲਾ ਇਹ ਐਵਾਰਡ ਉਨ੍ਹਾਂ ਨੂੰ ਪੂਰੀ ਦੁਨੀਆਂ ਵਿੱਚ ਮਿਲੇ ਐਵਾਰਡਾਂ ਵਿਚੋਂ ਸਭ ਤੋਂ ਨਵਾਂ ਹੈ। ਮੰਗਲਵਾਰ ਨੂੰ ਸਮਾਜ ਸੇਵਾ ਨਾਲ ਜੁੜੀਆਂ ਦੱਖਣੀ ਏਸ਼ਾਈ ਅਮਰੀਕੀਆਂ ਦੇ ਇੱਕ ਸਮੂਹ ਨੇ ਗੇਟਸ ਫਾਊਂਡੇਸ਼ਨ ਨੂੰ ਇੱਕ ਖੁੱਲੀ ਚਿੱਠੀ ਲਿਖੀ ਹੈ। ਇਸ ਖ਼ਤ ਵਿੱਚ ਕਥਿਤ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਹਵਾਲਾ ਦਿੰਦਿਆਂ ਹੋਇਆ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੁਰਸਕਾਰ ਦੇਣ ਦੀ ਆਲੋਚਨਾ ਕੀਤੀ ਗਈ ਹੈ।ਇਸ ਚਿੱਠੀ ਵਿੱਚ ਲਿਖਿਆ ਗਿਆ ਹੈ, "ਬੀਤੇ ਇੱਕ ਮਹੀਨੇ ਤੋਂ ਵੱਧ ਸਮੇਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੰਮੂ-ਕਸ਼ਮੀਰ ਦੇ 80 ਲੱਖ ਲੋਕਾਂ ਨੂੰ ਨਜ਼ਰਬੰਦ ਕਰ ਕੇ ਰੱਖਿਆ ਹੋਇਆ ਹੈ। ਬਾਹਰੀ ਦੁਨੀਆਂ ਤੋਂ ਉਥੋਂ ਦੀਆਂ ਸੰਚਾਰ ਸਹੂਲਤਾਂ ਅਤੇ ਮੀਡੀਆ ਕਵਰੇਜ਼ ਬੰਦ ਹਨ। ਉੱਥੇ ਬੱਚਿਆਂ ਸਣੇ ਹਜ਼ਾਰਾਂ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।" ਇਸ ਵਿੱਚ ਲਿਖਿਆ ਗਿਆ ਹੈ, "ਭਾਰਤੀ ਸੁਰੱਖਿਆ ਕਰਮੀਆਂ ਵੱਲੋਂ ਸਥਾਨਕ ਲੋਕਾਂ ਨੂੰ ਕੁੱਟਣ, ਤਸੀਹੇ ਦੇਣ ਅਤੇ ਇੱਕ ਛੋਟੇ ਬੱਚੇ ਦੇ ਕਤਲ ਤੱਕ ਦੀ ਰਿਪੋਰਟ ਵੀ ਸਾਹਮਣੇ ਆ ਰਹੀ ਹੈ।" "ਇਹ ਪੁਰਸਕਾਰ ਭਾਰਤ ਸਰਕਾਰ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਵਿਰੋਧ ਵਿੱਚ ਕੌਮਾਂਤਰੀ ਭਾਈਚਾਰੇ ਦੀ ਅਣਦੇਖੀ ਅਤੇ ਚੁੱਪ ਧਾਰਨ ਨੂੰ ਦਰਸਾਏਗਾ।" ਜਦੋਂ ਤੋਂ ਮੋਦੀ ਸੱਤਾ ਵਿੱਚ ਆਏ ਹਨ, ਉਨ੍ਹਾਂ ਨੇ ਦੁਨੀਆਂ ਦੇ ਕਈ ਦੇਸਾਂ ਤੋਂ ਪੁਰਸਕਾਰ ਮਿਲੇ ਹਨ। ਮੋਦੀ ਨੂੰ ਫਿਲਿਪ ਕੋਟਲਰ ਰਾਸ਼ਟਰਪਤੀ ਪੁਰਸਕਾਰ, "ਲੋਕਤੰਤਰ ਅਤੇ ਆਰਥਿਕ ਵਿਕਾਸ ਨੂੰ ਨਵਾਂ ਜੀਵਨ ਦੇਣ" ਲਈ, ਤਾਂ ਉੱਥੇ ਹੀ ਸੋਲ ਸ਼ਾਂਤੀ ਪੁਰਕਸਾਰ "ਗਰੀਬ ਅਤੇ ਅਮੀਰ ਵਿਚਾਲੇ ਸਮਾਜਿਕ ਅਤੇ ਆਰਥਿਕ ਨਾ-ਬਰਾਬਰੀ ਨੂੰ ਦੂਰ ਕਰਨ" ਲਈ ਦਿੱਤਾ ਗਿਆ ਹੈ।ਦੱਖਣੀ ਕੋਰੀਆ ਯਾਨਿ ਸੋਲ ਦੇ ਇਸ ਸਨਮਾਨ ਦੀ ਵੀ ਆਲੋਚਨਾ ਹੋਈ ਕਿਉਂਕਿ ਅਰਥ-ਵਿਵਸਥਾ ਦੇ ਜਾਣਕਾਰ ਨੋਟਬੰਦੀ ਸਣੇ ਮੋਦੀ ਦੀਆਂ ਕਈ ਆਰਥਿਕ ਨੀਤੀਆਂ ਦੀ ਆਲੋਚਨਾ ਕਰ ਰਹੇ ਹਨ। ਬੀਤੇ ਸਾਲ ਸੰਯੁਕਤ ਰਾਸ਼ਟਰ ਨੇ ਮੋਦੀ ਨੂੰ 'ਚੈਂਪੀਅਨਸ ਆਫ ਦਿ ਅਰਥ ਪੁਰਸਕਾਰ' ਨਾਲ ਨਿਵਾਜਿਆ ਸੀ। ਉਦੋਂ ਵੀ ਇਸ ਦੀ ਇਹ ਕਹਿੰਦਿਆਂ ਹੋਇਆ ਆਲੋਚਨਾ ਹੋਈ ਸੀ ਕਿ ਜਿੱਥੇ ਉਨ੍ਹਾਂ ਦੇ ਗਰੀਨ ਲਾਈਟ ਪ੍ਰੋਜੈਕਟ ਨਾਲ ਵੱਡੇ ਪੱਧਰ 'ਤੇ ਜੰਗਲਾਂ ਦੀ ਕਟਾਈ ਦਾ ਖ਼ਤਰਾ ਹੈ, ਉੱਥੇ ਹੀ ਉਨ੍ਹਾਂ ਨੇ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਨੂੰ ਧਰਤੀ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਬਣਾ ਦਿੱਤਾ ਹੈ। ਇੰਨਾ ਹੀ ਨਹੀਂ ਮੋਦੀ ਸਵੱਛ ਭਾਰਤ ਅਭਿਆਨ ਦੀ ਵੀ ਭਾਰਤ ਵਿੱਚ ਵੀ ਆਲੋਚਨਾ ਹੋਈ ਹੈ।

## ਬਿਲ ਗੇਟਸ ਨੇ ਕੀ ਕਿਹਾ ?

ਬਿਲ ਗੇਟਸ ਨੇ ਅੰਗਰੇਜ਼ੀ ਅਖ਼ਬਾਰ ਹਿੰਦੁਸਤਾਨ ਟਾਈਮਜ਼ ਦੇ ਨਾਲ ਗੱਲਬਾਤ ਵਿੱਚ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਹ ਪੁਰਸਕਾਰ ਕਿਉਂ ਦਿੱਤਾ ਜਾ ਰਿਹਾ ਹੈ।ਉਨ੍ਹਾਂ ਨੇ ਕਿਹਾ, "ਸਵੱਛ ਭਾਰਤ ਮਿਸ਼ਨ ਤੋਂ ਪਹਿਲਾਂ ਭਾਰਤ ਵਿੱਚ 50 ਕਰੋੜ ਤੋਂ ਵੱਧ ਲੋਕਾਂ ਕੋਲ ਪਖਾਨੇ ਨਹੀਂ ਸਨ ਅਤੇ ਹੁਣ ਉਨ੍ਹਾਂ ਵਿਚੋਂ ਵਧੇਰੇ ਇਸ ਦਾਇਰੇ ਵਿੱਚ ਆ ਗਏ ਹਨ। ਅਜੇ ਵੀ ਲੰਬਾ ਰਸਤਾ ਤੈਅ ਕਰਨਾ ਹੈ, ਪਰ ਭਾਰਤ ਵਿੱਚ ਮੋਦੀ ਸਵੱਛ ਅਭਿਆਨ ਦੇ ਅਸਰ ਦਿਖ ਰਹੇ ਹਨ।" ਫਾਊਂਡੇਸ਼ਨ ਨੇ ਬਿਆਨ ਵਿੱਚ ਕਿਹਾ, "ਸਵੱਛ ਭਾਰਤ ਮਿਸ਼ਨ ਦੁਨੀਆਂ ਭਰ ਦੇ ਹੋਰਨਾਂ ਦੇਸਾਂ ਲਈ ਉਦਾਹਰਣ ਵਜੋਂ ਕੰਮ ਕਰ ਸਕਦਾ ਹੈ, ਜਿਨ੍ਹਾਂ ਨੂੰ ਪੂਰੀ ਦੁਨੀਆਂ 'ਚ ਗਰੀਬ ਲੋਕਾਂ ਲਈ ਸਵੱਛਤਾ 'ਚ ਸੁਧਾਰ ਕਰਨ ਦੀ ਤਤਕਾਲ ਜ਼ਰੂਰਤ ਹੈ।"







# 550ਵਾਂ ਪ੍ਰਕਾਸ਼ ਪੁਰਬ : ਸੁਲਤਾਨਪੁਰ ਲੋਧੀ 'ਚ ਸਮਾਗਮਾਂ ਸੰਬੰਧੀ ਕਾਰਜ ਜੰਗੀ ਪੱਧਰ 'ਤੇ



ਸੁਲਤਾਨਪੁਰ ਲੋਧੀ, 18 ਸਤੰਬਰ-ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਵਲੋਂ ਵੱਖ-ਵੱਖ ਕਾਰਜ ਜੰਗੀ ਪੱਧਰ 'ਤੇ ਕੀਤੇ ਜਾ ਰਹੇ ਹਨ।ਸ਼੍ਰੋਮਣੀ ਕਮੇਟੀ ਵਲੋਂ ਸੰਤ ਮਹਾਂਪੁਰਸ਼ਾਂ ਦੇ ਸਹਿਯੋਗ ਨਾਲ ਬਣਾਈਆਂ ਜਾ ਰਹੀਆਂ ਸਰਾਵਾਂ, ਦਰਸ਼ਨੀ ਡਿਓੜੀ, ਪਾਰਕਿੰਗ ਅਸਥਾਨ, ਲੰਗਰ ਹਾਲ ਦੀ ਇਮਾਰਤ ਤੇ ਹੋਰ ਕਾਰਜ ਮੁਕੰਮਲ ਹੋਣ ਵਾਲੇ ਹਨ।ਗੁਰਦੁਆਰਾ ਸ੍ਰੀ ਸੰਤ ਘਾਟ ਸਾਹਿਬ ਨੇੜੇ ਬਣ ਰਹੇ ਮੂਲ ਮੰਤਰ ਅਸਥਾਨ ਦੀ ਉਸਾਰੀ ਦਾ ਕੰਮ ਵੀ ਜੰਗੀ ਪੱਧਰ 'ਤੇ ਚੱਲ ਰਿਹਾ ਹੈ ।ਸ਼੍ਰੋਮਣੀ ਕਮੇਟੀ ਵਲੋਂ ਇਤਿਹਾਸਕ ਸ਼ਹਿਰ ਸੁਲਤਾਨਪੁਰ ਲੋਧੀ ਨੂੰ ਆਉਂਦੇ ਸਾਰੇ ਮਾਰਗਾਂ 'ਤੇ ਗੇਟ ਬਣਾਏ ਗਏ ਹਨ, ਜਿਨ੍ਹਾਂ ਦੇ ਨਾਂਅ ਵੱਖ-ਵੱਖ ਧਾਰਮਿਕ ਸ਼ਖ਼ਸੀਅਤਾਂ ਦੇ ਨਾਂਅ 'ਤੇ ਰੱਖੇ ਜਾ ਰਹੇ ਹਨ ।ਪੰਜਾਬ ਸਰਕਾਰ ਵਲੋਂ ਤਲਵੰਡੀ ਚੌਧਰੀਆਂ ਰੋਡ, ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਨੇੜੇ ਤੇ ਪਿੰਡ ਬੂਸੋਵਾਲ ਨੂੰ ਜਾਂਦਿਆਂ ਵੇਂਈ 'ਤੇ ਪੁਲ ਬਣਾਉਣ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ? ਇਸੇ ਤਰ੍ਹਾਂ 5 ਕਰੋੜ ਰੁਪਏ ਦੀ ਲਾਗਤ ਨਾਲ ਨਵਾਂ ਬੱਸ ਅੱਡਾ 30 ਸਤੰਬਰ ਤੱਕ ਮੁਕੰਮਲ ਹੋਣ ਦੀ ਆਸ ਹਸੁਲਤਾਨਪੁਰ ਲੋਧੀ, 18 ਸਤੰਬਰ-ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਵਲੋਂ ਵੱਖ-ਵੱਖ ਕਾਰਜ ਜੰਗੀ ਪੱਧਰ 'ਤੇ ਕੀਤੇ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਵਲੋਂ ਸੰਤ ਮਹਾਂਪੁਰਸ਼ਾਂ ਦੇ ਸਹਿਯੋਗ ਨਾਲ ਬਣਾਈਆਂ ਜਾ ਰਹੀਆਂ ਸਰਾਵਾਂ, ਦਰਸ਼ਨੀ ਡਿਓੜੀ, ਪਾਰਕਿੰਗ ਅਸਥਾਨ, ਲੰਗਰ ਹਾਲ ਦੀ ਇਮਾਰਤ ਤੇ ਹੋਰ ਕਾਰਜ ਮੁਕੰਮਲ ਹੋਣ ਵਾਲੇ ਹਨ।ਗੁਰਦੁਆਰਾ ਸ੍ਰੀ ਸੰਤ ਘਾਟ ਸਾਹਿਬ ਨੇੜੇ ਬਣ ਰਹੇ ਮੂਲ ਮੰਤਰ ਅਸਥਾਨ ਦੀ ਉਸਾਰੀ ਦਾ ਕੰਮ ਵੀ ਜੰਗੀ ਪੱਧਰ 'ਤੇ ਚੱਲ ਰਿਹਾ ਹੈ ।ਸ਼੍ਰੋਮਣੀ ਕਮੇਟੀ ਵਲੋਂ ਇਤਿਹਾਸਕ ਸ਼ਹਿਰ ਸੁਲਤਾਨਪੁਰ ਲੋਧੀ ਨੂੰ ਆਉਂਦੇ ਸਾਰੇ ਮਾਰਗਾਂ 'ਤੇ ਗੇਟ ਬਣਾਏ ਗਏ ਹਨ, ਜਿਨ੍ਹਾਂ ਦੇ ਨਾਂਅ ਵੱਖ-ਵੱਖ ਧਾਰਮਿਕ ਸ਼ਖ਼ਸੀਅਤਾਂ ਦੇ ਨਾਂਅ 'ਤੇ ਰੱਖੇ ਜਾ ਰਹੇ ਹਨ। ਪੰਜਾਬ ਸਰਕਾਰ ਵਲੋਂ ਤਲਵੰਡੀ ਚੌਧਰੀਆਂ ਰੋਡ, ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਨੇੜੇ ਤੇ ਪਿੰਡ ਬੂਸੋਵਾਲ ਨੂੰ ਜਾਂਦਿਆਂ ਵੇਂਈ 'ਤੇ ਪੁਲ ਬਣਾਉਣ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹ।ਇਸੇ ਤਰ੍ਹਾਂ 5 ਕਰੋੜ ਰੁਪਏ ਦੀ ਲਾਗਤ ਨਾਲ ਨਵਾਂ ਬੱਸ ਅੱਡਾ 30 ਸਤੰਬਰ ਤੱਕ ਮੁਕੰਮਲ ਹੋਣ ਦੀ ਆਸ ਹੈ । ਸੁਲਤਾਨਪੁਰ ਲੋਧੀ ਤੋਂ ਪਿੰਡ ਚੱਕ ਕੋਟਲਾ ਤੱਕ ਸੜਕ ਦੇ ਇਕ ਪਾਸੇ ਐਲ.ਈ.ਡੀ. ਲਾਈਟਾਂ ਲਾਈਆਂ ਜਾ ਰਹੀਆਂ ਹਨ ਤੇ ਦੋਵਾਂ ਪਾਸਿਆਂ 'ਤੇ ਬੂਟੇ ਲਾਏ ਗਏ ਹਨ ।ਚੰਡੀਗੜ੍ਹ ਦੇ ਐਡਵੋਕੇਟ ਹਰਪ੍ਰੀਤ ਸਿੰਘ ਸੰਧੂ ਵਲੋਂ 4 ਲੱਖ ਫੁੱਲ ਬੂਟੇ ਲਗਾਉਣ ਦਾ ਟੀਚਾ ਮਿਥਿਆ ਗਿਆ ਹੈ ।ਇਸ ਤੋਂ ਇਲਾਵਾ ਵੱਖ-ਵੱਖ ਥਾਵਾਂ 'ਤੇ ਅਮਲਤਾਸ ਤੇ ਹੋਰ ਬੂਟੇ ਲਗਾਏ ਜਾ ਰਹੇ ਹਨ ।ਪ੍ਰਸ਼ਾਸਨ ਵਲੋਂ ਇਤਿਹਾਸਕ ਗੁਰਦੁਆਰਾ ਸੁਲਤਾਨਪੁਰ ਲੋਧੀ ਨੂੰ ਜਾਂਦੇ ਮੁੱਖ ਮਾਰਗ 'ਤੇ ਕੰਧਾਂ 'ਤੇ ਸਿੱਖ ਇਤਿਹਾਸ ਨਾਲ ਸਬੰਧਿਤ ਚਿੱਤਰ ਬਣਾਏ ਜਾ ਰਹੇ ।ਇਹ ਸਾਰਾ ਕਾਰਜ ਪ੍ਰਸ਼ਾਸਨ ਦੀ ਦੇਖਰੇਖ ਹੇਠ ਦਿੱਲੀ ਦੀ ਇਕ ਕੰਪਨੀ ਵਲੋਂ ਕੀਤਾ ਜਾ ਰਿਹਾ ਹੈ । ਸ਼੍ਰੋਮਣੀ ਅਕਾਲੀ ਦਲ ਵਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ 'ਚ ਸੁਲਤਾਨਪੁਰ ਲੋਧੀ ਨੂੰ ਵਾਈਟ ਸਿਟੀ ਬਣਾਉਣ ਦਾ ਕੰਮ ਅਕਾਲੀ ਵਿਧਾਇਕ ਐਨ. ਕੇ. ਸ਼ਰਮਾ ਦੀ ਦੇਖਰੇਖ ਹੇਠ ਚੱਲ ਰਿਹਾ ਹੈ ਤੇ ਹੁਣ ਤੱਕ ਸ਼ਹਿਰ ਦਾ 35 ਪ੍ਰਤੀਸ਼ਤ ਹਿੱਸਾ ਚਿੱਟੇ ਰੰਗ 'ਚ ਰੰਗਿਆ ਜਾ ਚੁੱਕਾ ਹੈ ।

**277 ਏਕੜ ਰਕਬੇ 'ਚ ਬਣਾਏ ਜਾ ਰਹੇ ਹਨ ਤਿੰਨ ਟੈਂਟ ਸ਼ਹਿਰ**

ਪੰਜਾਬ ਸਰਕਾਰ ਵਲੋਂ ਇੰਦੌਰ ਦੀ ਇਕ ਕੰਪਨੀ ਤੋਂ 277 ਏਕੜ ਰਕਬੇ 'ਚ ਰਣਧੀਰਪੁਰ ਤੇ ਮਾਛੀਜੋਆ ਨੇੜੇ ਤਿੰਨ ਟੈਂਟ ਸਿਟੀ ਬਣਾਈਆਂ ਜਾ ਰਹੀਆਂ ਹਨ, ਜਿਨ੍ਹਾਂ 'ਚ 35 ਹਜ਼ਾਰ ਦੇ ਕਰੀਬ ਸ਼ਰਧਾਲੂਆਂ ਦੀ ਰਿਹਾਇਸ਼, ਲੰਗਰ ਦੀ ਵਿਵਸਥਾ ਤੋਂ ਇਲਾਵਾ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ । ਪ੍ਰਸ਼ਾਸਨਿਕ ਅਧਿਕਾਰੀਆਂ ਦਾ ਦਾਅਵਾ ਹੈ ਕਿ ਇਹ ਸਾਰੇ ਕਾਰਜ ਹਰ ਹਾਲਤ 'ਚ 30 ਅਕਤੂਬਰ ਤੱਕ ਪੂਰੇ ਕਰ ਲਏ ਜਾਣਗੇ ।

**ਵੀ.ਆਈ.ਪੀਜ਼. ਲਈ ਬੂਸੋਵਾਲ 'ਚ ਬਣਾਏ ਜਾ ਰਹੇ ਹਨ 5 ਹੈਲੀਪੈਡ**

550 ਸਾਲਾ ਪ੍ਰਕਾਸ਼ ਪੁਰਬ ਦੇ ਸਬੰਧ 'ਚ ਸ਼੍ਰੋਮਣੀ ਕਮੇਟੀ ਵਲੋਂ ਗੁਰੂ ਨਾਨਕ ਸਟੇਡੀਅਮ ਸੁਲਤਾਨਪੁਰ ਲੋਧੀ 'ਚ ਧਾਰਮਿਕ ਸਮਾਗਮ ਕਰਵਾਇਆ ਜਾ ਰਿਹਾ ਹੈ, ਜਦਕਿ ਪੰਜਾਬ ਸਰਕਾਰ ਪਿੰਡ ਮਾਛੀਜੋਆ ਨੇੜੇ ਰਾਜ ਪੱਧਰੀ ਸਮਾਗਮ ਕਰਵਾ ਰਹੀ ਹੈ ।ਸ਼੍ਰੋਮਣੀ ਕਮੇਟੀ ਦੇ ਸਮਾਗਮ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 12 ਨਵੰਬਰ ਨੂੰ ਪੁੱਜਣ ਦੀ ਉਮੀਦ ਹੈ

# PUBLIC NOTICE

**OFFICE OF THE REGISTRAR, UNLAWFUL ACTIVITIES (PREVENTION) TRIBUNAL,**
**ROOM NO. 104, FIRST FLOOR, BLOCK 'A', DELHI HIGH COURT, NEW DELHI — 110503**

RE: Notification No. S.O. 2469(E) dated 10th July, 2019, issued by the Central Government, under sub-Section (1) and (3) of Section 3 of the Unlawful Activities (Prevention) Act, 1967, declaring the Sikhs For Justice (SFJ) as an Unlawful Association.

To,

Sikhs For Justice,
having its registered office at
Empire State Building,
350th Avenue, 59th Floor
New Yori‹ 10118, USA

WHEREAS the Central Government in exercise of the powers conferred by sub-sections (1) and f3) of Section 3 of the Unlawful Activities (Prevention) Act, 1957 (37 of 1967) (hereinafter referred to as "the Act") has declared Sikhs For Justice (for short 'SFJ') to be an "Unlawful Association" vide Notification No. S.O. 2469(E) dated 10t July, 2019 [published in the Gazette of India: Extraordinary Part II, Sectìcn 3 (ii)].

AND WHEREAS by Gazette Notification No. S.O. 2856(E) dated 7th August, 2019 [published :n the Gazette of India: Extraordinary Part II, Section 3 (ii)], in exercise of poweis under sub-section (1) of Section 5 of the Act, the Central Government has constituted a Tribunal comprising Hon'ble Mr. Justice D. N. Patel, Chief Justice, High Court of Delhi, for adjudicating as to whether there is sufficient cause for declaring Sikhs For Justice ('SFJ') as an "Unlawful Association" as requireo• f›v sub-section (1) of Section 4 of the said Act.

NOW TUE.REFORM, a notice is hereby given under sub-section (2) of Section 4 of the Act anr! yo are hereby called upon to show cause, within 30 days from the date of service ot notice, as to why your Association, declared as unlawful, be not adjuri cated to be so and why an order confirming such declaration be not made under section 4 (3) of the Act.

The objections/reply affidavits, if any, may be filed/delivered, before the next date of hearing of the Tribunal, to the undersigned at his office in Room No. 104, First Floor, 'A' Block, Delhi High Court, Sher Shah Road, New Delhi- 110503. In case the objections/reply and the documents are in regional language, true English Translation thereof be also attached.

You may appear through a duly authorized person before the Tribunal on 20.09.2019 at 9:30 a.m. in Court Room No. 01, "A" Block, Second Floor, Delhi High Court, Sher Shah Road, New Delhi-110503 for further proceedings.

Given under my hand and the seal of the Unlawful Activities (Prevention) Tribunal, High Court of Delhi, New Delhi this the 13'h August, 2019.

Sd/-
(Lorren Bamniyal)
Unlawful Ac ivities (Prevention) Tribunal

# ਜਨਮ ਦਿਨ ਮੌਕੇ ਮੋਦੀ ਨੇ ਮਾਂ ਤੋਂ ਲਿਆ ਅਸ਼ੀਰਵਾਦ

## ਸਰਦਾਰ ਪਟੇਲ ਦੇ ਸੁਪਨਿਆਂ ਦਾ ਭਾਰਤ ਸਾਕਾਰ ਕਰਨ ਜਾ ਰਹੇ ਹਾਂ : ਮੋਦੀ



ਗਾਂਧੀਨਗਰ -ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ 69ਵੇਂ ਜਨਮ ਦਿਨ ਮੌਕੇ ਆਪਣੀ ਮਾਂ ਹੀਰਾਬੇਨ ਨੂੰ ਮਿਲੇ ਅਤੇ ਉਨ੍ਹਾਂ ਤੋਂ ਅਸ਼ੀਰਵਾਦ ਲਿਆ ? ਇਸ ਤੋਂ ਪਹਿਲਾਂ ਮੋਦੀ ਜੋ ਸੋਮਵਾਰ ਨੂੰ ਗੁਜਰਾਤ ਪਹੁੰਚੇ ਸਨ, ਨੇ ਅੱਜ ਨਮਾਮੀ ਦੇਵੀ ਨਰਮਦੇ ਮਹਾਂਉਤਸਵ ਦਾ ਉਦਘਾਟਨ ਕੀਤਾ । ਇੱਥੇ ਮੋਦੀ ਨੂੰ ਮਾਂ ਨੇ ਅਸ਼ੀਰਵਾਦ ਦਿੱਤਾ ਅਤੇ ਨਾਲ 501 ਰੁਪਏ ਦਿੱਤੇ। ਇਸ ਸਮਾਰੋਹ ਤੋਂ ਬਾਅਦ ਮੋਦੀ ਆਪਣੀ ਮਾਂ ਦੇ ਘਰ ਪਹੁੰਚੇ ਅਤੇ ਉਨ੍ਹਾਂ ਨਾਲ ਭੋਜਨ ਕੀਤਾ। ਇੱਥੇ ਮੋਦੀ ਨੇ ਲੋਕਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਆਟੋਗ੍ਰਾਫ਼ ਵੀ ਦਿੱਤੇ।ਮੋਦੀ ਨੇ ਸਰਦਾਰ ਸਰੋਵਰ ਪ੍ਰੋਗਰਾਮ ਤੋਂ ਪਹਿਲਾਂ ਮੰਗਲਵਾਰ ਨੂੰ ਆਪਣੀ ਮਾਂ ਨੂੰ ਮਿਲਣਾ ਸੀ ਪਰ ਪ੍ਰੋਗਰਾਮ ਵਿਚ ਬਦਲਾਅ ਕਾਰਨ ਉਹ ਬਾਅਦ ਵਿਚ ਮਿਲੇ।

**ਦੇਸ਼-ਵਿਦੇਸ਼ ਦੇ ਆਗੂਆਂ ਵਲੋਂ ਵਧਾਈ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅੱਜ ਦੇਸ਼-ਵਿਦੇਸ਼ ਦੇ ਆਗੂਆਂ ਵਲੋਂ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਗਈਆਂ । ਉਨ੍ਹਾਂ ਨੂੰ ਭੂਟਾਨ ਦੇ ਪ੍ਰਧਾਨ ਮੰਤਰੀ ਲੋਟੇ ਸ਼ੇਰਿੰਗ, ਨਿਪਾਲ ਦੇ ਪ੍ਰਧਾਨ ਮੰਤਰੀ ਕੇ. ਪੀ. ਸ਼ਰਮਾ ਓਲੀ ਸਮੇਤ ਭਾਰਤ ਦੇ ਉੱਪ ਰਾਸ਼ਟਰਪਤੀ ਵੈਂਕਈਆ ਨਾਇਡੂ, ਰੱਖਿਆ ਮੰਤਰੀ ਰਾਜਨਾਥ ਸਿੰਘ, ਭਾਜਪਾ ਪ੍ਰਧਾਨ ਅਮਿਤ ਸ਼ਾਹ ਸਮੇਤ ਹੋਰ ਵੱਖ-ਵੱਖ ਅਹਿਮ ਆਗੂਆਂ ਨੇ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ



# ਫਰਜ਼ੀ ਪੁਲਿਸ ਮੁਕਾਬਲੇ ‘ਚ ਘਿਰਿਆ ਕੈਪਟਨ ਦਾ ਸੁਰੱਖਿਆ ਸਲਾਹਕਾਰ, 1993 ‘ਚ ਛੇ ਲੋਕਾਂ ਦਾ ਕੀਤਾ ਸੀ ਕਤਲ

ਚੰਡੀਗੜ੍ਹ (ਪੰਜਾਬੀ ਦੁਨੀਆ ਬਿਓਰੋ): ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਲਾਹਕਾਰ ਮੁਸ਼ਕਲਾਂ ਵਧਾ ਰਹੇ ਹਨ। ਤਾਜ਼ਾ ਖੁਲਾਸੇ ਨਾਲ ਕੈਪਟਨ ਲਈ ਨਵੀਂ ਮੁਸੀਬਤ ਖੜ੍ਹੀ ਹੋ ਸਕਦੀ ਹੈ। ਤਰਨ ਤਾਰਨ ਵਿੱਚ 1993 ਵਿੱਚ ਹੋਏ ਛੇ ਬੰਦਿਆਂ ਦੇ ਕਤਲ ਮਾਮਲੇ ਵਿੱਚ ਕੈਪਟਨ ਦੇ ਸੁਰੱਖਿਆ ਸਲਾਹਕਾਰ ਖੂਬੀ ਰਾਮ ਦਾ ਨਾਂ ਸਾਹਮਣੇ ਆਇਆ ਹੈ। ਅਦਾਲਤ ਵਿੱਚ 1993 ਦੇ ਫਰਜ਼ੀ ਮੁਕਾਬਲਾ ਕੇਸ ਦੀ ਸੁਣਵਾਈ ਦੌਰਾਨ ਇਹ ਖੁਲਾਸਾ ਹੋਇਆ ਹੈ।ਮੁਹਾਲੀ ਦੀ ਵਿਸ਼ੇਸ਼ ਸੀਬੀਆਈ ਅਦਾਲਤ ਵਿੱਚ ਮਾਮਲੇ ਦੀ ਸੁਣਵਾਈ ਦੌਰਾਨ ਸੀਬੀਆਈ ਵੱਲੋਂ ਪੇਸ਼ ਕੀਤੇ ਗਏ ਗਵਾਹ ਕੰਵਰ ਸਿੰਘ ਧਾਮੀ ਨੇ ਦਾਅਵਾ ਕੀਤਾ ਕਿ ਖੂਬੀ ਰਾਮ ਉਸ ਸਮੇਂ ਦਾ ਐਸਪੀ ਆਪ੍ਰੇਸ਼ਨ ਤਰਨ ਤਾਰਨ ਸਨ। ਉਹ ਫਰਜ਼ੀ ਮੁਕਾਬਲੇ ਵਿੱਚ ਮਾਰੇ ਗਏ ਬਾਬਾ ਚਰਨ ਸਿੰਘ ਨੂੰ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਲੈ ਕੇ ਗਏ ਸੀ। ਧਾਮੀ ਨੇ ਇਸ ਦੇ ਨਾਲ ਹੀ ਸੀਬੀਆਈ ਦੀ ਅਦਾਲਤ ਵਿੱਚ ਇੱਕ ਅਰਜ਼ੀ ਲਾਈ ਜਿਸ ਵਿੱਚ ਖੂਬੀ ਰਾਮ ਨੂੰ ਬਤੌਰ ਮੁਲਜ਼ਮ ਸੰਮਨ ਕਰਨ ਦੀ ਗੁਜ਼ਾਰਸ਼ ਕੀਤੀ ਗਈ ਹੈ। ਅਰਜ਼ੀ ‘ਤੇ ਵਿਸ਼ੇਸ਼ ਅਦਾਲਤ ਨੇ ਸੀਬੀਆਈ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ। ਇਸ ਬਾਰੇ ਧਾਮੀ ਨੇ ਆਪਣੀ ਅਰਜ਼ੀ ਵਿੱਚ ਲਿਖਿਆ ਕਿ ਤਰਨ ਤਾਰਨ ਵਿੱਚ ਉਨ੍ਹਾਂ ਤੇ ਬਾਬਾ ਚਰਨ ਸਿੰਘ ਨੂੰ ਇੱਕ ਹੀ ਹਵਾਲਾਤ ਵਿੱਚ ਰੱਖਿਆ ਗਿਆ ਸੀ। ਉਸ ਦੇ ਸਾਹਮਣੇ ਉਸ ਵੇਲੇ ਦੇ ਤਰਨ ਤਾਰਨ ਦੇ ਐਸਐਸਪੀ ਅਜੀਤ ਸਿੰਘ ਸੰਧੂ ਨੇ ਖੂਬੀ ਰਾਮ ਨੂੰ ਬਾਬਾ ਚਰਨ ਸਿੰਘ ਨੂੰ ਮਾਰਨ ਦੀਆਂ ਹਦਾਇਤਾਂ ਦਿੱਤੀਆਂ ਸੀ। ਇਹ ਬਿਆਨ ਧਾਮੀ ਨੇ ਅਦਾਲਤ ਵਿੱਚ ਦਿੱਤਾ ਤੇ ਅਰਜ਼ੀ ਲਾਈ ਹੈ।ਯਾਦ ਰਹੇ 1993 ਵਿੱਚ ਬਾਬਾ ਚਰਨ ਸਿੰਘ ਸਮੇਤ ਉਸ ਦੇ ਤਿੰਨ ਭਰਾ ਮੇਜਾ ਸਿੰਘ, ਕੇਸਰ ਸਿੰਘ, ਗੁਰਦੇਵ ਸਿੰਘ ਤੇ ਸਾਲਾ ਗੁਰਮੀਤ ਸਿੰਘ ਸਮੇਤ ਉਸ ਦੇ ਪੁੱਤਰ ਬਲਵਿੰਦਰ ਸਿੰਘ ਨੂੰ ਫਰਜ਼ੀ ਮੁਕਾਬਲੇ ਵਿੱਚ ਮਾਰਿਆ ਗਿਆ ਸੀ। ਇਹ ਮਾਮਲਾ 1997 ਵਿੱਚ ਤਫਤੀਸ਼ ਲਈ ਸੀਬੀਆਈ ਨੂੰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਸੀਬੀਆਈ ਨੇ ਆਪਣੀ ਤਫਤੀਸ਼ ਕਰਕੇ 2001 ਵਿੱਚ ਚਲਾਨ ਪੇਸ਼ ਕੀਤਾ ਸੀ।



# ਜਸਟਿਨ ਟਰੂਡੋ ਨੇ ਇੱਕ ਪੁਰਾਣੀ ਤਸਵੀਰ ਲਈ ਕਿਉਂ ਮੰਗੀ ਮੁਆਫੀ ਤੇ ਜਗਮੀਤ ਨੇ ਉਸ ‘ਤੇ ਕੀ ਕਿਹਾ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਤਕਰੀਬਨ ਦੋ ਦਹਾਕੇ ਪਹਿਲਾਂ ਇੱਕ ਨਿੱਜੀ ਸਕੂਲ ਦੇ ਪ੍ਰੋਗਰਾਮ ਵਿਖੇ “ਚਿਹਰੇ ‘ਤੇ ਭੂਰਾ ਰੰਗ ਲਾਇਆ“ ਹੋਇਆ ਸੀ। ਟਾਈਮ ਮੈਗਜ਼ੀਨ ਨੇ ਇਸ ਦੀ ਤਸਵੀਰ ਛਾਪੀ ਹੈ।ਤਸਵੀਰ ਬਾਰੇ ਜ਼ਿਕਰ ਕਰਦੇ ਹੋਏ ਜਸਟਿਨ ਟਰੂਡੋ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੇ ਇਸ ਕਾਰੇ ਉੱਤੇ “ਡੂੰਘਾ ਪਛਤਾਵਾ“ ਹੈ ਅਤੇ “ਇਸ ਬਾਰੇ ਬਿਹਤਰ ਜਾਣਕਾਰੀ ਹੋਣੀ ਚਾਹੀਦੀ ਸੀ“।2001 ਦੀ ਯੀਅਰ ਬੁੱਕ ਤਸਵੀਰ ਵਿੱਚ ਜਸਟਿਨ ਟਰੂਡੋ ਨੇ ਵੈਨਕੂਵਰ ਵਿੱਚ ਵੈਸਟ ਪੁਆਇੰਟ ਗ੍ਰੇ ਅਕੈਡਮੀ ਵਿੱਚ ਆਪਣੇ ਚਿਹਰੇ ਅਤੇ ਹੱਥਾਂ ਉੱਤੇ ਰੰਗ ਨੂੰ ਕਾਲਾ ਕਰਨ ਵਾਲਾ ਮੇਕਅਪ ਕੀਤਾ ਹੋਇਆ ਹੈ।ਟਰੂਡੋ 21 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਲਈ ਇੱਕ ਵਾਰ ਫਿਰ ਪ੍ਰਧਾਨ ਮੰਤਰੀ ਦੀ ਦੌੜ ਵਿੱਚ ਹਨ। ਜਸਟਿਨ ਟਰੂਡੋ ਮਰਹੂਮ ਪ੍ਰਧਾਨ ਮੰਤਰੀ ਪੀਅਰ ਟਰੂਡੋ ਦੇ ਪੁੱਤਰ ਹਨ ਤੇ ਇਲੀਟ ਅਕੈਡਮੀ ਵਿੱਚ ਪੜ੍ਹਾਉਂਦੇ ਸਨ।ਟਾਈਮ ਮੈਗਜ਼ੀਨ ਵਿੱਚ ਤਸਵੀਰ ਛਪਣ ਤੋਂ ਬਾਅਦ ਟਰੂਡੋ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤਸਵੀਰ ਵਿੱਚ ਉਹ ਇੱਕ ਅਰੇਬੀਨ ਨਾਈਟ ਦੀ ਥੀਮ ਪਾਰਟੀ ਵਿੱਚ ਅਲਾਦੀਨ ਬਣੇ ਹੋਏ ਸਨ।ਉਨ੍ਹਾਂ ਮੰਨਿਆ ਕਿ ਤਸਵੀਰ ਨਸਲਵਾਦੀ ਸੀ ਤੇ ਉਨ੍ਹਾਂ ਨੂੰ ਸਮਝ ਆ ਗਿਆ ਹੈ ਕਿ ‘ਅਜਿਹਾ ਨਹੀਂ ਕਰਨਾ ਚਾਹੀਦਾ ਸੀ।‘ਜਦੋਂ ਪੁੱਛਿਆ ਗਿਆ ਕਿ ਇਸ ਤੋਂ ਇਲਾਵਾ ਵੀ ਕਦੇ ਉਨ੍ਹਾਂ ਨੇ ਅਜਿਹਾ ਕੀਤਾ ਹੈ ਤਾਂ ਉਨ੍ਹਾਂ ਦੱਸਿਆ ਕਿ ਹਾਈ ਸਕੂਲ ਵਿੱਚ ਇੱਕ ਟੈਲੰਟ ਸ਼ੋਅ ਦੌਰਾਨ ਅਜਿਹਾ ਮੇਕਅਪ ਕਰ ਚੁੱਕੇ ਹਨ।

**ਤਸਵੀਰ ਤੋਂ ਨਾਰਾਜ਼ਗੀ**

‘ਨੈਸ਼ਨਲ ਕੌਂਸਲ ਆਫ਼ ਕੈਨੇਡੀਅਨ ਮੁਸਲਿਮਸ‘ ਇਹ ਰਿਪੋਰਟ ਦੇਖ ਕੇ ਭੜਕ ਗਈ ਹੈ। ਇਸ ਦੇ ਕਾਰਜਕਾਰੀ ਡਾਇਰੈਕਟਰ ਮੁਸਤਫ਼ਾ ਫਾਰੂਖ ਦਾ ਕਹਿਣਾ ਹੈ, “ਪ੍ਰਧਾਨ ਮੰਤਰੀ ਨੂੰ ਭੂਰੇ ਜਾਂ ਕਾਲੇ ਰੰਗ ਵਿੱਚ ਦੇਖਣਾ ਬਹੁਤ ਦੁਖ ਦੇਣ ਵਾਲਾ ਹੈ। ਕਾਲੇ ਜਾਂ ਭੂਰੇ ਰੰਗ ਦਾ ਚਿਹਰਾ ਰੰਗਣਾ ਨਿੰਦਣਯੋਗ ਹੈ ਅਤੇ ਨਸਲਵਾਦ ਦੇ ਇਤਿਹਾਸ ਅਤੇ ਓਰੀਐਂਟਲਿਸਟ ਮਿਥਿਹਾਸਕ ਵੱਲ ਇਸ਼ਾਰਾ ਕਰਦਾ ਹੈ ਜੋ ਕਬੂਲ ਨਹੀਂ ਕੀਤਾ ਜਾ ਸਕਦਾ।“ ਵਿਰੋਧੀ ਧਿਰ ਕੰਜ਼ਰਵੇਟਿਵਜ਼ ਪਾਰਟੀ ਦੇ ਆਗੂ ਐਂਡਰਿਊ ਸ਼ੀਅਰ ਨੇ ਕਿਹਾ ਕਿ ਇਹ ਤਸਵੀਰ 2001 ਵਿੱਚ ਨਸਲਵਾਦੀ ਸੀ ਅਤੇ ਹੁਣ ਵੀ ਨਸਲਵਾਦੀ ਹੈ। ਉਨ੍ਹਾਂ ਕਿਹਾ, “ਕੈਨੇਡੀਆ ਵਾਸੀਆਂ ਨੇ ਜੋ ਇਸ ਸ਼ਾਮ ਨੂੰ ਦੇਖਿਆ ਉਹ ਅਜਿਹਾ ਸ਼ਖ਼ਸ ਹੈ ਜਿਸ ਵਿੱਚ ਪੂਰੀ ਤਰ੍ਹਾਂ ਫੈਸਲੇ ਲੈਣ ਅਤੇ ਇਮਾਨਦਾਰੀ ਦੀ ਘਾਟ ਹੈ ਅਤੇ ਅਜਿਹਾ ਵਿਅਕਤੀ ਹੈ ਜੋ ਇਸ ਦੇਸ ਨੂੰ ਚਲਾਉਣ ਦੇ ਯੋਗ ਨਹੀਂ ਹੈ।“ ਡੈਮੋਕਰੇਟਿਕ ਪਾਰਟੀ ਦੇ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਕਿ ਇਹ ਤਸਵੀਰ “ਪਰੇਸ਼ਾਨ“ ਕਰਨ ਵਾਲੀ ਅਤੇ “ਅਪਮਾਨਜਨਕ“ ਹੈ।ਟੋਰਾਂਟੋ ਵਿੱਚ ਚੋਣ ਮੁਹਿਮ ਦੌਰਾਨ ਜਗਮੀਤ ਸਿੰਘ ਨੇ ਪੱਤਰਕਾਰਾਂ ਨੂੰ ਕਿਹਾ, “ਜਦੋਂ ਵੀ ਅਸੀਂ ਭੂਰੇ ਜਾਂ ਕਾਲੇ ਰੰਗ ਦੀਆਂ ਮਿਸਾਲਾਂ ਸੁਣਦੇ ਹਾਂ ਤਾਂ ਇਹ ਕਿਸੇ ਦਾ ਮਖੌਲ ਉਡਾਉਂਦਾ ਹੈ ਕਿ ਉਹ ਕਿਵੇਂ ਰਹਿ ਰਹੇ ਹਨ ਅਤੇ ਉਨ੍ਹਾਂ ਦੇ ਇਸ ਬਾਰੇ ਤਜਰਬੇ ਕੀ ਹਨ।“ ਗ੍ਰੀਨ ਪਾਰਟੀ ਦੀ ਆਗੂ ਐਲਿਜ਼ਾਬੈਥ ਮੇਅ ਨੇ ਵੀ ਇੱਕ ਟਵੀਟ ਵਿੱਚ ਇਸ ਤਸਵੀਰ ਦੀ ਆਲੋਚਨਾ ਕੀਤੀ ਸੀ। ਇਹ ਤਸਵੀਰ ਪ੍ਰਧਾਨ ਮੰਤਰੀ ਲਈ ਸਿਆਸੀ ਤੌਰ ‘ਤੇ ਸ਼ਰਮਿੰਦਗੀ ਵਾਲੀ ਹੈ ਕਿਉਂਕਿ ਉਨ੍ਹਾਂ ਨੇ ਅਗਾਂਹਵਧੂ ਨੀਤੀਆਂ ਨੂੰ ਅਹਿਮ ਮੁੱਦਾ ਬਣਾਇਆ ਹੈ। ਓਪੀਨੀਅਨ ਪੋਲ ਨੇ ਸੰਕੇਤ ਦਿੱਤਾ ਹੈ ਕਿ ਅਕਤੂਬਰ ਦੀ ਚੋਣ ਜਸਟਿਨ ਟਰੂਡੋ ਦੇ ਲਈ ਇੱਕ ਸਖ਼ਤ ਮੁਕਾਬਲਾ ਹੋਵੇਗੀ ਜੋ ਕਿ ਦੂਜੀ ਵਾਰ ਪ੍ਰਧਾਨ ਮੰਤਰੀ ਅਹੁਦੇ ਦੀ ਚੋਣ ਲੜ ਰਹੇ ਹਨ।



WE THANK OUR CUSTOMERS FOR THEIR TRUST & LOYALTY

26 YEARS OF EXCELLENT CUSTOMER SERVICE

INDO US EXPRESS, INC

HICKSVILLE, NEW YORK

WORLDWIDE COURIER · FREIGHT-FORWARDER

DOMESTIC & LOCAL DELIVERY

CALL US AT: 212-447-5720 or FAX 516-932-3750

ALTERNATE NUMBER: 347-538-7041

OR EMAIL US: INDOUSEXPRESS@GMAIL.COM

www.indousexpress.com

GREAT SERVICE, 7 DAYS A WEEK, 365 DAYS A YEAR!

CALL ABOUT OUR SPECIAL RATES

TO INDIA/WORLDWIDE

LIONS INTERNATIONAL

LONG ISLAND INDO AMERICAN LIONS CLUB

INITIATES HURRICANE RELIEF EFFORTS

HURRICAN RELIEF - BAHAMAS

FOOD DRIVE

Supplies Will Be Delivered To Hurricane -Ravaged Bahamas Through Our District Offices.
From 1st September Through 31st October, 2019
Your Generous Contribution Of Non-perishable Food Items Will Go A Long Way In Supporting Hurricane Affected People In Bahamas

Food Drive Committe:

| | |
|---|---|
| Indu Gajwani (President) | 646 620 0074 |
| Rita Shah (VP) | 516 652 2633 |
| Anju Sharma (Event Chair) | 516 582 5888 |
| Kamlesh Parekh (Treasures) | 718 612 3200 |
| Kanak Golia (Director) | 347 386 7112 |
| Rekha Chichara | 646 678 7034 |
| Yogni Oza | 516 301 7430 |
| Ashok Vora | 917 406 3102 |
| Joseph Thomas | 516 343 9506 |
| Veena Lamba (Chair-Food Drive) | 516 395 1468 |
| Dr. Sunil Mehra (VP) | 516 503 1467 |
| Nimesh Shah (Secretary) | 516 702 0804 |
| Gobind Bathija (Director) | 631 748 9333 |
| Vandana Kumar (Club Admin) | 516 236 8502 |
| Vinod Goyal | 516 851 3234 |
| Atul Pareek | 917 535 2808 |
| Jyoti Gupta | 516 984 5220 |

L.I Indo American Lions Club Wish List: Food Drive:

- Canned Soups
- Canned vegetables
- Breakfast Cereals & Cookies
- Paper Goods Hot/Cold Cups, 9" plates
- Canned Meats
- Canned Tomato Sauce
- Peanut Butter & Jelly
- Granola Bars
- Canned Fish
- Canned Fruits
- Fruit Drinks
- Canned Beans
- Packets of Beans, Rice &Pasta
- Tea Bags & Ground Coffee
- Boxed Powder or Evaporated Milk

Food Donation and Monetary Donations Drop Off Locations:

| | |
|---|---|
| Raj Bhog | Hicksville 516 513 0930 |
| Nassau Gold Buyyers | 10 West Cherry St, Hicksville 516 827 3131 |
| K & R Store | 485 Hempstead TPKE, West Hempstead |
| Fortune | 527 Old Country Road, Westbury |
| Asamai Hindu Center | Hicksville (Gobind Bathija) 631 748 9333 |
| Shyam | Floral Park 646 541 5859 |
| Atul Pareek | 209 Princess St, Hicksville 917 535 2808 |
| Concord Market (Ashok Vora) | 917 406 3102 |
| Joseph Thomas | 256-10, Union Tpke, Floral Park 516 343 9506 |

Check Donations: please make check payable to and mail: L.I Indo American Lions Club
1947 Plymouth Drive, Westbury, N.Y. 11590.

WE SERVE

# ਫੇਸਬੁੱਕ 'ਸੁਪਰੀਮ ਕੋਰਟ' ਕੀ ਹੈ, ਇਸ ਨਾਲ ਤੁਹਾਨੂੰ ਕੀ ਫ਼ਰਕ ਪਵੇਗਾ





ਫੇਸਬੁੱਕ ਨੇ ਆਪਣੇ ਨੈਟਵਰਕ ਦੇ ਤਰੀਕਿਆਂ ਬਾਰੇ ਫ਼ੈਸਲੇ ਲੈਣ ਲਈ ਇੱਕ ਸੁਤੰਤਰ "ਨਿਗਰਾਨੀ" ਬੋਰਡ ਬਣਾਉਣ ਦੀ ਯੋਜਨਾ ਦਾ ਖੁਲਾਸਾ ਕੀਤਾ ਹੈ। ਕੰਪਨੀ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਜੋ ਪੈਨਲ 2020 ਵਿੱਚ ਪਹਿਲੇ "ਕੇਸਾਂ" ਦੀ ਸੁਣਵਾਈ ਕਰੇਗਾ, ਉਸ ਕੋਲ ਵਿਵਾਦਿਤ ਸਮੱਗਰੀ 'ਤੇ ਕੀਤੇ ਗਏ ਫੈਸਲਿਆਂ ਨੂੰ ਰੱਦ ਕਰਨ ਅਤੇ ਨਵੀਂ ਨੀਤੀ ਨੂੰ ਬਣਾਉਣ ਦੀ ਤਾਕਤ ਹੋਵੇਗੀ। ਇਸ ਨੂੰ ਫੇਸਬੁੱਕ ਸੁਪਰੀਮ ਕੋਰਟ ਕਿਹਾ ਜਾ ਰਿਹਾ ਹੈ , ਜਿਸ ਵਿੱਚ ਦੁਨੀਆਂ ਭਰ 'ਚੋਂ 40 ਲੋਕਾਂ ਨੂੰ ਸ਼ਾਮਲ ਕੀਤਾ ਜਾਵੇਗਾ ਪਰ ਸ਼ੁਰੂਆਤ ਵਿੱਚ ਪੈਨਲ ਛੋਟਾ ਹੋਵੇਗਾ। ਮਾਹਰਾਂ ਨੇ ਬੋਰਡ ਦੀ ਸੁਤੰਤਰਤਾ ਦੇ ਨਾਲ-ਨਾਲ ਇਸ ਦੇ ਮੰਤਵ 'ਤੇ ਵੀ ਸਵਾਲ ਚੁੱਕੇ ਗਏ ਹਨ। ਆਕਸਫੋਰਡ ਇੰਟਰਨੈੱਟ ਇੰਸਟੀਚਿਊਟ ਦੇ ਸੀਨੀਅਰ ਰਿਸਰਚਰ ਬਰਨੀ ਹੋਗਨ ਦਾ ਕਹਿਣਾ ਹੈ, "ਫੇਸਬੁੱਕ ਦੀ ਆਪਣੀ ਅਦਾਲਤ ਨਹੀਂ ਹੈ। ਇਕੋ-ਇੱਕ ਵੋਟ, ਜੋ ਅਸਲ ਵਿੱਚ ਮਾਅਨੇ ਰੱਖਦੀ ਹੈ, ਉਹ ਹੈ ਵਧੇਰਾ ਹਿੱਸੇਦਾਰ ਮਾਰਕ ਜ਼ੁਕਰਬਰਗ ਦੀ ਵੋਟ।" ਉਨ੍ਹਾਂ ਨੇ ਅੱਗੇ ਕਿਹਾ, "ਫੇਸਬੁੱਕ ਦੀ ਕਥਿਤ 'ਸੁਪਰੀਮ ਕੋਰਟ' ਇਸ ਤਰ੍ਹਾਂ ਦੀ ਪੇਸ਼ ਕੀਤੀ ਜਾ ਰਹੀ ਹੈ ਜਿਵੇਂ ਕੋਈ ਅਸਲੀ ਅਦਾਲਤ ਹੋਵੇ ਪਰ ਲੋਕਾਂ ਪ੍ਰਤੀ ਇਸ ਦੀ ਕੋਈ ਜਵਾਬਦੇਹੀ ਨਹੀਂ ਹੈ।" ਫੇਸਬੁੱਕ ਨੇ ਕਿਹਾ ਕਿ ਬੋਰਡ ਘੱਟੋ-ਘੱਟ 11 ਪਾਰਟ-ਟਾਈਮ ਮੈਂਬਰਾਂ ਨਾਲ ਲਾਂਚ ਕੀਤਾ ਜਾਵੇਗਾ ਅਤੇ ਜਿਵੇਂ ਹੀ ਵਿਚਾਰ-ਵਟਾਂਦਰਾ ਹੋ ਜਾਵੇਗਾ ਉਨ੍ਹਾਂ ਦੇ ਨਾਮ ਜਨਤਕ ਕਰ ਦਿੱਤੇ ਜਾਣਗੇ। ਬੋਰਡ ਨੂੰ ਅਦਾਇਗੀ ਫੇਸਬੁੱਕ ਵਲੋਂ ਬਣਾਏ ਅਤੇ ਫੰਡ ਕੀਤੇ ਗਏ ਟਰੱਸਟ ਵਲੋਂ ਕੀਤੀ ਜਾਏਗੀ। ਫੇਸਬੁੱਕ ਦੇ ਮੁੱਖ ਕਾਰਜਕਾਰੀ ਅਫ਼ਸਰ ਮਾਰਕ ਜ਼ੁਕਰਬਰਗ ਨੇ ਲਿਖਿਆ, "ਅਸੀਂ ਹਰ ਰੋਜ਼ ਆਪਣੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹਾਂ ਅਤੇ ਅਸੀਂ ਹਰ ਹਫ਼ਤੇ ਲੱਖਾਂ ਫੈਸਲੇ ਲੈਂਦੇ ਹਾਂ। ਪਰ ਮੈਨੂੰ ਨਹੀਂ ਲੱਗਦਾ ਕਿ ਸਾਡੇ ਵਰਗੀਆਂ ਨਿੱਜੀ ਕੰਪਨੀਆਂ ਨੂੰ ਖੁਦ ਹੀ ਲੋਕਾਂ ਦੇ ਬੋਲਣ ਬਾਰੇ ਅਹਿਮ ਫ਼ੈਸਲੇ ਲੈਣੇ ਚਾਹੀਦੇ ਹਨ।"

**ਪ੍ਰਕਿਰਿਆ ਕਿਵੇਂ ਕੰਮ ਕਰੇਗੀ ?**

ਮੰਗਲਵਾਰ ਨੂੰ ਛਾਪੇ ਗਏ ਆਪਣੇ ਚਾਰਟਰ ਵਿੱਚ ਫੇਸਬੁੱਕ ਨੇ ਦੱਸਿਆ ਕਿ ਬੋਰਡ ਕਿਵੇਂ ਕੰਮ ਕਰੇਗਾ। ਇਸ ਦੌਰਾਨ ਫੇਸਬੁੱਕ ਨੇ ਦੱਸਿਆ ਕਿ ਪੈਨਲ ਦੇ ਟੀਚੇ ਹਨ- ਫੇਸਬੁੱਕ ਦੀ ਸਮੱਗਰੀ ਬਾਰੇ ਫੈਸਲਿਆਂ ਦੀ ਨਿਗਰਾਨੀ ਕਰਨਾ ਲੋੜ ਪੈਣ 'ਤੇ ਫੇਸਬੁੱਕ ਦੇ ਫੈਸਲਿਆਂ ਨੂੰ ਪਲਟ ਦੇਣਾ ਫੇਸਬੁੱਕ ਦੇ ਬਾਹਰ ਸੁਤੰਤਰ ਅਥਾਰਟੀ ਵਜੋਂ ਕੰਮ ਕਰਨਾ ਫੇਸਬੁੱਕ ਦੇ ਮੌਜੂਦ ਸਾਰੇ ਮੌਜੂਦਾ ਪੱਧਰਾਂ ਵਿੱਚ ਮਸਲੇ ਦਾ ਹੱਲ ਨਾ ਹੋਣ 'ਤੇ, ਵੱਡੀਆਂ ਅਸਹਿਮਤੀਆਂ ਪੈਨਲ ਅੱਗੇ ਲਿਆਂਦੀਆਂ ਜਾਣਗੀਆਂ। ਫੇਸਬੁੱਕ ਧਿਆਨ ਰੱਖੇਗਾ ਕਿ ਕਿਹੜੇ ਕੇਸ ਬੋਰਡ ਨੂੰ ਸੌਂਪੇ ਜਾਣ। ਹਾਲਾਂਕਿ ਪੈਨਲ ਦੇ ਮੈਂਬਰ ਇਹ ਫੈਸਲਾ ਲੈਣਗੇ ਕਿ ਇਨ੍ਹਾਂ ਵਿੱਚੋਂ ਕਿਹੜੇ ਕੇਸਾਂ ਦੀ ਸੁਣਵਾਈ ਕੀਤੀ ਜਾਣੀ ਚਾਹੀਦੀ ਹੈ। ਫੇਸਬੁੱਕ ਨੇ ਕਿਆਸ ਲਗਾਇਆ ਹੈ ਕਿ ਉਹ ਸਾਲਾਨਾ ਕੁਝ ਦਰਜਨਾਂ ਮਾਮਲੇ ਹੀ ਸੁਣੇਗਾ ਅਤੇ ਇਸ ਦੌਰਾਨ ਉਹ ਉਨ੍ਹਾਂ ਮਾਮਲਿਆਂ 'ਤੇ ਧਿਆਨ ਕੇਂਦਰਿਤ ਕਰੇਗਾ "ਜਿਨ੍ਹਾਂ ਦਾ ਸਬੰਧ ਵੱਡੇ ਪੱਧਰ 'ਤੇ ਆਮ ਲੋਕਾਂ ਨਾਲ" ਹੋਵੇਗਾ। ਜੋ ਯੂਜ਼ਰ ਪ੍ਰਭਾਵਿਤ ਹੋਣਗੇ ਉਹ ਆਪਣਾ ਮਾਮਲੇ ਲਿਖਤੀ ਰੂਪ ਵਿਚ ਦਰਜ ਕਰਾ ਸਕਣਗੇ। ਪਰ ਫੇਸਬੁੱਕ ਨੇ ਕਿਹਾ ਕਿ ਕੁਝ ਬੋਰਡ ਮੈਂਬਰ ਯੂਜ਼ਰਜ਼ ਨਾਲ "ਆਹਮੋ-ਸਾਹਮਣੇ" ਗੱਲ ਵੀ ਕਰ ਸਕਦੇ ਹਨ। ਜ਼ਕਰਬਰਗ ਨੇ ਕਿਹਾ, " ਬੋਰਡ ਦਾ ਫੈਸਲਾ ਸਭ ਨੂੰ ਮੰਨਣਾ ਪਵੇਗਾ ਫਿਰ ਭਾਵੇਂ ਮੈਂ ਜਾਂ ਫੇਸਬੁੱਕ ਵਿਚ ਕੋਈ ਵੀ ਇਸ ਨਾਲ ਸਹਿਮਤ ਨਾ ਵੀ ਹੋਵੇ। ਬੋਰਡ ਆਪਣੇ ਫੈਸਲਿਆਂ ਨੂੰ ਦੱਸਣ ਲਈ ਸਾਡੀਆਂ ਕਦਰਾਂ-ਕੀਮਤਾਂ ਦੀ ਵਰਤੋਂ ਕਰੇਗਾ ਅਤੇ ਆਪਣੇ ਤਰਕ ਇਸ ਤਰ੍ਹਾਂ ਨਾਲ ਖੁੱਲ੍ਹ ਕੇ ਸਾਹਮਣੇ ਰੱਖੇਗਾ ਤਾਂ ਜੋ ਲੋਕਾਂ ਦੀ ਨਿੱਜਤਾ ਦਾ ਖਿਆਲ ਰੱਖਿਆ ਜਾ ਸਕੇ।" ਚਾਰਟਰ ਅਨੁਸਾਰ ਇੱਕ ਚੇਤਾਵਨੀ ਉਦੋਂ ਹੁੰਦੀ ਹੈ ਜਦੋਂ ਸਿਫਾਰਸ਼ਾਂ ਤਕਨੀਕੀ ਤੌਰ 'ਤੇ ਸੰਭਵ ਨਹੀਂ ਹੁੰਦੀਆਂ। ਫੇਸਬੁੱਕ ਨੇ ਕਿਹਾ ਕਿ ਭਵਿੱਖ ਵਿੱਚ ਟਰਸਟ ਹੋਰ ਨੈਟਵਰਕਾਂ ਨੂੰ ਸ਼ਾਮਲ ਕਰਨ ਅਤੇ ਫੰਡ ਕਰਨ ਲਈ ਖੋਲ੍ਹ ਦਿੱਤਾ ਜਾਵੇਗਾ।

**ਫੇਸਬੁੱਕ ਅਜਿਹਾ ਕਿਉਂ ਕਰ ਰਿਹਾ ਹੈ ?**

ਫੇਸਬੁੱਕ ਦੀ ਮੁੱਖ ਚਿੰਤਾ ਇਹ ਹੈ ਕਿ ਵਰਤਮਾਨ ਵਿੱਚ ਜੋ ਉਸ ਦੀ ਤਾਕਤ ਹੈ, ਉਹ ਉਸਨੂੰ ਨਹੀਂ ਰੱਖਣਾ ਚਾਹੁੰਦਾ ਜਾਂ ਘੱਟੋ-ਘੱਟ ਇਹ ਨਹੀਂ ਚਾਹੁੰਦਾ ਕਿ ਉਸ ਤਾਕਤ ਕਾਰਨ ਉਸ ਦੀ ਜਾਂਚ-ਪੜਤਾਲ ਹੋਵੇ। ਫੇਸਬੁੱਕ ਨੂੰ ਆਪਣੇ ਪਲੈਟਫਾਰਮ 'ਤੇ ਚਲਾਈ ਜਾਣ ਵਾਲੀ ਸਮੱਗਰੀ ਬਾਰੇ ਫੈਸਲਾ ਲੈਣਾ ਮੁਸੀਬਤ ਦਾ ਕਾਰਨ ਬਣ ਜਾਂਦਾ ਹੈ, ਖਾਸਕਰ ਉਸ ਦੇ ਖੁਦ ਦੇ ਦੇਸ ਵਿੱਚ। ਇੱਕ ਤਾਜ਼ਾ ਉਦਾਹਰਨ ਹੈ ਜਦੋਂ ਫੇਸਬੁੱਕ ਨੂੰ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ। ਇੱਕ ਗਰਭਪਾਤ ਵਿਰੋਧੀ ਵੀਡੀਓ ਸੀ ਜਿਸ ਵਿੱਚ ਕੁਝ ਖਾਮੀਆਂ ਸਨ ਉਸ ਨੂੰ ਹਟਾ ਦਿੱਤਾ ਗਿਆ ਸੀ। ਦਰਅਸਲ ਚਾਰ ਰਿਪਬਲੀਕਨ ਸੈਨੇਟਰਾਂ ਨੇ ਜ਼ਕਰਬਰਗ ਨੂੰ ਨਿੱਜੀ ਤੌਰ 'ਤੇ ਸ਼ਿਕਾਇਤ ਕੀਤੀ ਸੀ। ਸ਼ਿਕਾਇਤ ਵਿੱਚ ਸਾਈਟ 'ਤੇ ਰੂੜ੍ਹੀਵਾਦੀ ਵਿਚਾਰਾਂ ਪ੍ਰਤੀ ਪੱਖਪਾਤ ਕਰਨ ਦਾ ਦੋਸ਼ ਲਗਾਇਆ ਗਿਆ ਸੀ । ਭਵਿੱਖ ਵਿੱਚ ਇਸ ਕਿਸਮ ਦਾ ਮਾਮਲਾ ਫੇਸਬੁੱਕ ਦੇ ਸਿੱਧੇ ਕਾਬੂ ਤੋਂ ਬਾਹਰ ਲਿਆ ਜਾ ਸਕਦਾ ਹੈ ਅਤੇ ਨਿਗਰਾਨੀ ਬੋਰਡ ਦੇ ਹਵਾਲੇ ਕੀਤਾ ਜਾ ਸਕਦਾ ਹੈ। ਜਿਸ ਵਿੱਚ ਸਾਈਟ ਦੀਆਂ ਨੀਤੀਆਂ ਨੂੰ ਬਦਲਣ ਦੀ ਤਾਕਤ ਹੈ। ਹਾਲਾਂਕਿ ਮਾਹਰ ਕਿਆਸ ਲਾ ਰਹੇ ਹਨ ਕਿ ਫੇਸਬੁੱਕ ਨੂੰ ਫਿਰ ਵੀ ਆਲੋਚਨਾ ਦਾ ਸਾਹਮਣਾ ਝੱਲਣਾ ਪਵੇਗਾ। ਹੋਗਨ ਮੁਤਾਬਕ, "ਇਸ ਪੈਨਲ ਨੂੰ ਕੁਝ ਕਰਨ ਦੀ ਕੋਸ਼ਿਸ਼ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ ਪਰ ਮਜ਼ਬੂਤ ਹਥਿਆਰ ਨਾ ਹੋਣ ਕਾਰਨ ਇਹ ਸ਼ਾਇਦ ਹੀ ਕੋਈ ਫ਼ਰਕ ਪਾ ਸਕੇ।" ਇਹ ਆਲੋਚਕਾਂ ਨੂੰ ਦੱਸਣ ਦਾ ਬਸ ਇੱਕ ਤਰੀਕਾ ਹੈ ਕਿ ਅਸੀਂ ਜੋ ਕਰ ਸਕਦੇ ਸੀ ਉਹ ਸਭ ਕਰ ਰਹੇ ਹਾਂ। ਹਾਲਾਂਕਿ ਅਜਿਹੇ ਪੈਨਲ ਨੂੰ ਸਹੀ ਢੰਗ ਨਾਲ ਸੰਗਠਿਤ ਟਰੋਲਜ਼ ਦਾ ਸਾਹਮਣਾ ਕਰਨਾ ਪੈ ਸਕਦਾ ਹੈ।"



## ਸਿੱਖ ਵਫਦ ਵੱਲੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਵਿਸ਼ੇਸ਼ ਸਹਾਇਕ ਨਾਲ ਮੁਲਾਕਾਤ

# ਕਰਤਾਰਪੁਰ ਕਾਰੀਡੋਰ ਲਈ ਪਾਕਿਸਤਾਨ ਦਾ ਕੀਤਾ ਧੰਨਵਾਦ, ਕਸ਼ਮੀਰੀਆਂ ਨਾਲ ਇਕਮੁੱਠਤਾ ਦਾ ਪ੍ਰਗਟਾਵਾ



ਨਿਊਯਾਰਕ -(ਹੁਸਨ ਲੜੋਆ ਬੰਗਾ) ਯੂਨਾਇਟੇਡ ਨੇਸ਼ਨਜ਼ ਜਨਰਲ ਅਸੈਂਬਲੀ ਦੇ ਸਲਾਨਾ ਇਜਲਾਸ ਲਈ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਅਮਰੀਕਾ ਆਉਣਾ ਹੈ ਅਤੇ ਉਹਨਾਂ ਦੀ ਅਮਰੀਕਾ ਫੇਰੀ ਸਫਲ ਬਣਾਉਣ ਦੇ ਮਕਸਦ ਨਾਲ ਉਹਨਾਂ ਦੇ ਵਿਸ਼ੇਸ਼ ਸਹਾਇਕ ਅਤੇ ਕੈਬਿਨੇਟ ਮੰਤਰੀ ਜ਼ੁਲਫੀ ਬੁਖਾਰੀ ਅਮਰੀਕਾ ਦੇ ਦੌਰੇ ਤੇ ਹਨ ਅਤੇ ਸਥਾਨਕ ਅਲੀ ਬਾਬਾ ਰੈਸਤੋਰਾਂ ਵਿਖੇ ਓਵਰਸੀਜ਼ ਪਾਕਿਸਤਾਨੀਜ਼ ਗਲੋਬਲ ਫਾਊਂਡੇਸ਼ਨ ਵੱਲੋਂ ਉਹਨਾਂ ਨਾਲ ਇੱਕ ਮਿਲਣੀ ਦਾ ਪ੍ਰਬੰਧ ਕੀਤਾ ਗਿਆ ਜਿੱਥੇ ਈਸਟ ਕੋਸਟ ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਦੇ ਨੁਮਾਇੰਦਿਆਂ ਦਾ ਇੱਕ ਵਫਦ ਜ਼ੁਲਫੀ ਬੁਖਾਰੀ ਨੂੰ ਮਿਲਿਆ ਅਤੇ ਕਰਤਾਰਪੁਰ ਲਾਂਘਾ ਖੋਲਣ ਲਈ ਪਾਕਿਸਤਾਨ ਦਾ ਧੰਨਵਾਦ ਕੀਤਾ ਅਤੇ ਪਾਕਿਸਤਾਨ ਨਾਲ ਸਿੱਖਾਂ ਦੀ ਇਤਿਹਾਸਿਕ ਸਾਂਝ ਨੂੰ ਹੋਰ ਡੂੰਘਾ ਅਤੇ ਮਜ਼ਬੂਤ ਕਰਨ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ ? ਸਿੱਖ ਜਥੇਬੰਦੀਆਂ ਵੱਲੋਂ ਇੱਕ ਮੰਗ ਪੱਤਰ ਉਹਨਾਂ ਨੂੰ ਸੌਂਪਿਆ ਗਿਆ ਜਿਸ ਵਿੱਚ ਕਸ਼ਮੀਰੀਆਂ ਤੇ ਹੋ ਰਹੇ ਜ਼ੁਲਮ ਦੀ ਨਿੰਦਾ ਕਰਦਿਆਂ ਉਹਨਾਂ ਦੀ ਆਜ਼ਾਦੀ ਦੀ ਲਹਿਰ ਨਾਲ ਇਕਮੁੱਠਤਾ ਪ੍ਰਗਟਾਈ ਗਈ ? ਵਰਲਡ ਸਿੱਖ ਪਾਰਲੀਮੈਂਟ ਵੱਲੋਂ ਸੰਬੋਧਨ ਕਰਦਿਆਂ ਡਾ.ਅਮਰਜੀਤ ਸਿੰਘ ਨੇ ਕਿਹਾ ਕਿ ਸਾਡੀ ਪਾਕਿਸਤਾਨ ਨਾਲ ਇਤਿਹਾਸਕ ਸਾਂਝ ਹੈ ਜੋ ਭਾਰਤੀ ਹੁਕੂਮਤ ਨੂੰ ਹਜ਼ਮ ਨਹੀਂ ਹੁੰਦੀ ਜਿਸ ਕਰਕੇ ਉਹ ਕਰਤਾਰਪੁਰ ਲਾਂਘੇ ਨੂੰ ਤਾਰਪੀਡੋ ਕਰਨ ਲਈ ਹਰ ਸੰਭਵ ਯਤਨ ਕਰ ਰਹੇ ਹਨ ਪਰ ਸਿੱਖ ਕੌਮ ਪਾਕਿਸਤਾਨ ਵੱਲੋਂ ਕੀਤੇ ਜਾ ਰਹੇ ਯਤਨਾਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ ? ਜ਼ੁਲਫੀ ਬੁਖਾਰੀ ਨੇ ਆਪਣੇ ਸੰਬੋਧਨ ਵਿੱਚ ਜਿੱਥੇ ਪਾਕਿਸਤਾਨ ਦੇ ਅੰਦਰੂਨੀ ਮਾਮਲਿਆਂ ਬਾਰੇ ਵਿਚਾਰ ਸਾਂਝੇ ਕੀਤੇ ਉਥੇ ਕਰਤਾਰਪੁਰ ਲਾਂਘੇ ਬਾਰੇ ਉਹਨਾਂ ਕਿਹਾ ਕਿ ਭਾਰਤ ਨਾਲ ਸਾਡੇ ਸਬੰਧ ਕਿੰਨੇ ਵੀ ਖਰਾਬ ਕਿਓਂ ਨਾ ਹੋਣ ਪਰ ਪਾਕਿਸਤਾਨ ਦੀ ਸਰਕਾਰ ਲਾਂਘਾ ਖੋਲਣ ਲਈ ਦ੍ਰਿੜ ਹੈ ਅਤੇ ਦੁਨੀਆ ਭਰ ਵਿੱਚ ਵਸਦੀ ਸਿੱਖ ਕੌਮ ਨੂੰ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਦਿਹਾੜੇ ਮੌਕੇ ਪਾਕਿਸਤਾਨ ਆਉਣ ਦਾ ਸੱਦਾ ਦਿੰਦੀ ਹੈ ? ਉਹਨਾਂ ਕਿਹਾ ਕਿ ਨਨਕਾਣਾ ਸਾਹਿਬ ਅਤੇ ਕਰਤਾਰਪੁਰ ਸਾਹਿਬ ਦੀ ਸਿੱਖਾਂ ਲਈ ਓਹੀ ਅਹਿਮੀਅਤ ਹੈ ਜੋ ਮੁਸਲਮਾਨਾਂ ਲਈ ਮੱਕਾ ਅਤੇ ਮਦੀਨਾ ਦੀ ਹੈ ? ਸਿੱਖ ਵਫਦ ਜਿਸ ਵਿੱਚ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਤੋਂ ਹਿੰਮਤ ਸਿੰਘ, ਵੌਇਸਿਜ਼ ਫ਼ਾਰ ਫਰੀਡਮ ਤੋਂ ਹਰਦਿਆਲ ਸਿੰਘ, ਅਮੇਰਿਕਨ ਸਿੱਖ ਫੋਰਮ ਤੋਂ ਡਾ.ਅਰਵਿੰਦਰ ਸਿੰਘ, ਦੋਆਬਾ ਸਿੱਖ ਐਸੋਸੀਏਸ਼ਨ ਤੋਂ ਸੁਖਜਿੰਦਰ ਸਿੰਘ, ਸਿਖਸ ਫ਼ਾਰ ਜਸਟਿਸ ਤੋਂ ਗੁਰਦਿਆਲ ਸਿੰਘ, ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਤੋਂ ਤਰਲੋਚਨਪਾਲ ਸਿੰਘ ਅਤੇ ਕਿਰਪਾਲ ਸਿੰਘ ਬਿਲਿੰਗ, ਸਿੱਖ ਯੂਥ ਆਫ ਅਮਰੀਕਾ ਤੋਂ ਡਾ.ਰਣਜੀਤ ਸਿੰਘ ਸ਼ਾਮਿਲ ਸਨ, ਨੇ ਇਮਰਾਨ ਖਾਨ ਦੀ ਅਮਰੀਕਾ ਫੇਰੀ ਦੌਰਾਨ ਉਹਨਾਂ ਨਾਲ ਇੱਕ ਮੁਲਾਕਾਤ ਲਈ ਵੀ ਸਮਾਂ ਮੰਗਿਆ ਤਾਂ ਜੋ ਕਰਤਾਰਪੁਰ ਲਾਂਘਾ ਖੋਲਣ ਲਈ ਉਹਨਾਂ ਦਾ ਧੰਨਵਾਦ ਕਰ ਸਕਣ

# ਭਾਰਤੀ ਡਾਂਸ ਗਰੁੱਪ 'ਵੀ ਅਨਬੀਟੇਬਲ' ਪ੍ਰਸਿੱਧ ਸ਼ੋਅ 'ਅਮੈਰੀਕਾ'ਜ਼ ਗੌਟ ਟੇਲੈਂਟ' ਦੇ ਫਾਈਨਲ ਵਿਚ ਪੁੱਜਾ




ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਭਾਰਤੀ ਡਾਂਸ ਗਰੁੱਪ ' ਵੀ ਅਨਬੀਟੇਬਲ' ਅਮਰੀਕਾ ਦੇ ਪ੍ਰਸਿੱਧ ਸ਼ੋਅ 'ਅਮੈਰੀਕਾ'ਜ਼ ਗੌਟ ਟੇਲੈਂਟ' ਦੇ ਫਾਈਨਲ ਵਿਚ ਪੁੱਜਾ ਗਿਆ ਹੈ ਤੇ ਉਹ ਇਹ ਟਾਈਟਲ ਜਿੱਤਣ ਦਾ ਵੱਡਾ ਦਾਅਵੇਦਾਰ ਬਣ ਗਿਆ ਹੈ। ਸੈਮੀ ਫਾਈਨਲ ਵਿਚ ਸ਼ਾਨਦਾਰ ਪੇਸ਼ਕਾਰੀ ਸਦਕਾ ਭਾਰਤੀ ਡਾਂਸ ਗਰੁੱਪ ਦਾ ਜਾਦੂ ਅਮਰੀਕੀਆਂ ਦੇ ਸਿਰ ਚੜ ਬੋਲਿਆ ਤੇ ਉਨਾਂ ਨੇ ਭਾਰਤੀ ਗਰੁੱਪ ਦੇ ਹੱਕ ਵਿਚ ਵੋਟ ਪਾਈ। ਹਰੇ ਰੰਗ ਦੇ ਵਸਤਰ ਪਹਿਨੀ ਗਰੁੱਪ ਦੇ ਮੈਂਬਰਾਂ ਨੇ 'ਗੁੰਡੇ' ਫਿਲਮ ਦੇ 'ਜਸ਼ਨ-ਏ-ਇਸ਼ਕ' ਉਪਰ ਡਾਂਸ ਕੀਤਾ। ਕਲਾਬਾਜੀਆਂ ਪਾਉਂਦੇ, ਲੜਖੜਾਉਂਦੇ ਤੇ ਝੂਮਦੇ ਕਲਾਕਾਰਾਂ ਨੇ ਇਕ ਤਰਾਂ ਸਮਾਂ ਬੰਨ ਦਿੱਤਾ। ਜਿਸ ਨੇ ਵੀ ਉਨਾਂ ਦੀ ਕਲਾ ਨੂੰ ਵੇਖਿਆ ਉਹ ਉਨਾਂ ਦੀ ਪ੍ਰਸੰਸਾ ਕੀਤੇ ਬਿਨਾਂ ਨਾ ਰਹਿ ਸਕਿਆ। ਜੱਜਾਂ ਨੇ ਵੀ ਭਾਰਤੀ ਗਰੁੱਪ ਦੀ ਰਜਵੀਂ ਪ੍ਰਸੰਸਾ ਕੀਤੀ। ਜੱਜ ਸਿਮਨ ਕੌਵੈਲ ਨੇ ਸੈਮੀਫਾਈਨਲ ਦੇ ਨਤੀਜੇ ਦਾ ਐਲਾਨ ਕਰਦਿਆਂ ਕਿਹਾ ਕਿ ਜੱਜ ਉਨਾਂ ਨੂੰ ਪਿਆਰ ਕਰਦੇ ਹਨ ਤੇ ਸਰੋਤਿਆਂ ਨੇ ਵੀ ਤੁਹਾਡੇ ਹੱਕ ਵਿਚ ਫਤਵਾ ਦਿੱਤਾ ਹੈ। ਉਨਾਂ ਕਿਹਾ ਕਿ ਗਰੁੱਪ ਦਾ ਨਾਂ 'ਵੈਰੀ ਅਨਬੀਟੇਬਲ' ਬਹੁਤ ਢੁਕਵਾਂ ਨਾਂ ਹੈ। ਸਮੁੱਚੇ ਮੁਕਾਬਲੇ ਦੌਰਾਨ ਜੋ ਤੁਸੀਂ ਪੇਸ਼ਕਾਰੀ ਦਿੱਤੀ ਹੈ ਤੁਹਾਡਾ ਦੇਸ਼ ਉਸ ਉਪਰ ਮਾਣ ਕਰੇਗਾ। ਸਹਿ ਜੱਜ ਜੁਲੀਅਨ ਹੌਘ ਨੇ ਕਿਹਾ 'ਡਾਂਸ ਹਰ ਇਕ ਲਈ ਹੈ, ਮੈਂ ਤੁਹਾਡੇ ਕੋਲੋਂ ਸਿੱਖਣਾ ਚਹੁੰਦਾ ਹਾਂ, ਤੁਹਾਨੂੰ ਕੋਈ ਹਰਾ ਨਹੀਂ ਸਕਦਾ, ਤੁਸੀਂ ਮੁਕੰਮਲ ਰੂਪ 'ਚ ' ਅਨਬੀਟੇਬਲ' ਹੋ।" ਮੁੰਬਈ ਦੇ ਇਸ ਗਰੁੱਪ ਦੀ ਕਲਾ ਨੇ ਸਭ ਨੂੰ ਪ੍ਰਭਾਵਿਤ ਕੀਤਾ। ਫਾਈਨਲ ਵਾਸਤੇ ਹੁਣ ਇਸ ਗਰੁੱਪ ਉਪਰ ਦਬਾਅ ਵਧ ਗਿਆ ਹੈ ਪਰ ਗਰੁੱਪ ਦੇ ਮੈਂਬਰ ਆਪਣੀ ਜਿੱਤੀ ਪ੍ਰਤੀ ਪੂਰੇ ਆਸਵੰਦ ਹਨ।

# ਇਤਿਹਾਸ ਦੀ ਅੱਖ ਬਨਾਮ ਫਿਰਕਾਪ੍ਰਸਤੀ ਦਾ ਟੀਰ





ਸੰਨ 2002 ਵਿਚ ਰਾਜਸਥਾਨ ਦੀ ਭਾਜਪਾ ਸਰਕਾਰ ਨੇ ਐਨ.ਸੀ.ਈ.ਆਰ.ਟੀ. ਦੁਆਰਾ ਪ੍ਰਕਾਸ਼ਿਤ ਇਤਿਹਾਸ ਦੀਆਂ ਕੁਝ ਕਿਤਾਬਾਂ ਦੇ ਪੰਨੇ ਇਸ ਲਈ ਹਟਾਉਣ ਦਾ ਫਤਵਾ ਜਾਰੀ ਕੀਤਾ ਕਿ ਇਨ੍ਹਾਂ ਵਿਚ ਦਰਜ ਇਤਿਹਾਸ ਅਤੇ ਤੱਥ ਕੁੱਝ ਧਾਰਮਿਕ ਗਰੁੱਪਾਂ ਅਤੇ ਸ਼ਖਸੀਅਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਹਨ। ਇਤਿਹਾਸ ਦੀਆਂ ਇਨ੍ਹਾਂ ਕਿਤਾਬਾਂ ਦੀ ਲੇਖਕ ਪ੍ਰੋ. ਰੋਮਿਲਾ ਥਾਪਰ ਨੇ ਇਸ ਫੈਸਲੇ ਦਾ ਪੁਰਜ਼ੋਰ ਵਿਰੋਧ ਕਰਦਿਆਂ ਕਿਹਾ: 'ਪ੍ਰਾਪੇਗੰਡਾ ਕਦੇ ਵੀ ਇਤਿਹਾਸ ਦਾ ਬਦਲ ਨਹੀਂ ਹੋ ਸਕਦਾ।' ਉਨ੍ਹਾਂ ਦੇ ਇਸ ਤੱਥ ? ਕੇਂਦਰੀ ਨੁਕਤੇ ਵਜੋਂ ਵਿਚਾਰਦਿਆਂ 'ਦਿੱਲੀ ਹਿਸਟੋਰੀਅਨ ਗਰੁੱਪ' ਨੇ 'ਸਿੱਖਿਆ ਦਾ ਫਿਰਕੂਕਰਨ' ਦੇ ਨਾਮ ਥੱਲੇ ਜਿਹੜਾ ਕਿਤਾਬਚਾ ਛਾਪਿਆ, ਉਸ ਵਿਚਲੇ ਸੰਸੇ, ਅੰਦੇਸ਼ੇ ਅਤੇ ਖਦਸ਼ੇ ਹੁਣ 2019 ਵਿਚ ਸਾਡੇ ਦਰਾਂ 'ਤੇ ਮੂੰਹ ਅੱਡੀ ਖੜ੍ਹੇ ਹਨ।

ਇਸ ਪ੍ਰਸੰਗ ਵਿਚ ਮਹੱਤਵਪੂਰਨ ਤੱਥ ਇਹ ਹੈ ਕਿ ਇਹ ਕਿਤਾਬਚਾ ਜਿਥੇ ਧਾਰਮਿਕ ਉਚਤਾ ਦੇ ਆਧਾਰ 'ਤੇ ਖੜ੍ਹੀ ਸੱਜੇ-ਪੱਖੀ ਸਿਆਸਤ ਦੀਆਂ ਜੜ੍ਹਾਂ ਅੰਦਰ ਪਈ ਅਸਹਿਣਸ਼ੀਲਤਾ, ਅਸੁਰੱਖਿਆ ਦੀ ਭਾਵਨਾ ਅਤੇ ਨਸਲਵਾਦੀ ਸੋਚ ਦੀ ਨਿਸ਼ਾਨਦੇਹੀ ਕਰਦਾ ਹੈ, ਉਥੇ ਇਤਿਹਾਸਕ ਹਵਾਲਿਆਂ,ਿ ਵਗਆਨਕ ਸਬੂਤਾਂ ਅਤੇ ਤਰਕ ਆਧਾਰਿਤ ਦਲੀਲਾਂ ਦੇ ਆਧਾਰ ਤੇ 'ਹਿੰਦੋਸਤਾਨੀ' ਹੋਣ ਦੇ ਵਿਚਾਰ ਦੀਆਂ ਮੂਲ ਜੜ੍ਹਾਂ ਅਤੇ ਰਵਾਇਤਾਂ ਦੀ ਪੁਖਤਗੀ ਦੀ ਹਾਮੀ ਭਰਦਾ ਹੈ। ਹਿੰਦੂਤਵ ਦੀ ਧਾਰਨਾ ਦੇ ਪਰਦੇ ਹੇਠ ਕਾਰਪੋਰੇਟੀ ਸੱਤਾ ਦੇ ਫਾਸ਼ੀਵਾਦ ਅਤੇ ਸਾਮਰਾਜਵਾਦ ਨਾਲ ਬਣੇ ਨਾਪਾਕ ਗਠਜੋੜ ਵਿਚਲੀਆਂ ਮਹੀਨ ਤੰਦਾਂ ? ਸੁਲਝਾਉਣ ਦਾ ਯਤਨ ਕਰਦਿਆਂ ਇਸ ਗਰੁੱਪ ਦੇ ਮੈਂਬਰਾਂ ਪ੍ਰੋ. ਬਿਪਨ ਚੰਦਰਾ, ਪ੍ਰੋ. ਇਰਫਾਨ ਹਬੀਬ, ਪ੍ਰੋ. ਸ਼ਤੀਸ਼ ਚੰਦਰ, ਪ੍ਰੋ. ਸੁਮੀਤ ਸਰਕਾਰ, ਪ੍ਰੋ. ਆਰ.ਐਸ. ਸ਼ਰਮਾ, ਵੀਰ ਸਿੰਘਵੀ, ਦਲੀਪ ਪੜਗਾਉਂਕਰ, ਰਾਜੀਵ ਧਵਨ, ਸੁਬੀਰ ਰਾਏ, ਸਬਾ ਨਕਵੀ ਆਦਿ ਨੇ ਆਪਣੀ ਇਤਿਹਾਸਕ ਭੂਮਿਕਾ ਅਦਾ ਕਰਦਿਆਂ ਭਾਰਤੀ ਆਵਾਮ ਦਾ ਧਿਆਨ ਇਤਿਹਾਸਕਾਰੀ ਦੇਿ ਵਗਆਨਕ ਢਾਂਚੇ, ਬੌਧਿਕਤਾ ਅਤੇ ਸਮਕਾਲੀ ਸਿਆਸਤ ਨਾਲ ਇਸ ਦੇ ਟਕਰਾਉ ? ਦਰਸਾਉਂਦਿਆਂ 'ਭਾਰਤ' ਵਰਗੇ ਮੁਲਕ ਵਿਚ ਧਰਮੀ ਵੰਨ-ਸਵੰਨਤਾ, ਬਹੁ-ਸਭਿਆਚਾਰਕ ਤਹਿਜ਼ੀਬ, ਸਹਿਣਸ਼ੀਲਤਾ ਦੀਆਂ ਰਵਾਇਤਾਂ ਅਤੇ ਆਪਸੀ ਸਹਿਹੋਂਦ ਦੇ ਗੁੰਝਲਦਾਰ ਮਸਲਿਆਂ ਵੱਲ ਧਿਆਨ ਦਿਵਾਇਆ ਹੈ ਜਿਸ ਵਿਚੋਂ ਕੁੱਝ ਤੱਥ ਤੇ ਸੱਚਾਈਆਂ ? ਤਤਕਾਲੀ ਤੌਰ 'ਤੇ ਵਿਚਾਰਨਾ ਅਹਿਮ ਹੈ।

ਪ੍ਰੋ. ਰੋਮਿਲਾ ਥਾਪਰ ਨੇ ਮੱਧਕਾਲੀਨ ਇਤਿਹਾਸ ਬਾਰੇ ਨਿੱਠ ਕੇ ਕੰਮ ਕੀਤਾ ਹੈ। ਇਤਿਹਾਸ ਲਿਖਣ ਨਾਲ ਜੁੜੀ ਨੈਤਿਕ ਜ਼ਿੰਮੇਵਾਰੀ ਅਤੇ ਇਤਿਹਾਸਕ ਹਵਾਲਿਆਂ ਦੀ ਭੂਮਿਕਾ ਬਾਰੇ ਉਨ੍ਹਾਂ ਦਾ ਇਹ ਮੰਨਣਾ ਹੈ ਕਿ ਧਰਮ ਅਤੇ ਇਸ ਨਾਲ ਜੁੜੀਆਂ ਮਾਨਤਾਵਾਂ ਕਿਸੇ ਰੱਬ ਜਾਂ ਇਲਹਾਮ ਨਾਲ ਪੈਦਾ ਨਹੀਂ ਹੋਈਆ ਸਗੋਂ ਸਮਾਜਿਕ ਧਿਰਾਂ/ਸ਼ਕਤੀਆਂ ਵਿਚਾਲੇ ਕਾਰ-ਵਿਹਾਰ ਤੇ ਟਕਰਾਉਂ ਵਿਚੋਂ ਨਿਕਲੀਆਂ ਹਨ ਜਿਨ੍ਹਾਂ ਬਾਰੇ ਇਤਿਹਾਸਕ ਸਮਝ ਦਾ ਪੁਖਤਾ ਹੋਣਾ ਭਵਿੱਖ ਵਿਚ ਵੱਖ-ਵੱਖ ਧਿਰਾਂ ਵਿਚਲੀਆਂ ਦਰਾਰਾਂ ? ਪੂਰਨ ਦਾ ਕੰਮ ਕਰ ਸਕਦਾ ਹੈ। ਇਸ ਬਾਬਤ ਉਦਾਹਰਨ ਦਿੰਦਿਆਂ ਉਹ ਲਿਖਦੇ ਹਨ ਕਿ ਜੇ ਜਮਹੂਰੀ ਅਤੇ ਬਰਾਬਰੀ ਆਧਾਰਿਤ ਸਮਾਜ ਸਿਰਜਣਾ ਹੈ ਤਾਂ ਕੀ ਉਨ੍ਹਾਂ ਹਾਲਾਤ ਦੀ ਸੰਰਚਨਾ ਅਤੇ ਢਾਂਚਿਆਂ ? ਨਹੀਂ ਪੜ੍ਹਨਾ ਚਾਹੀਦਾ ਜਿਨ੍ਹਾਂ ਕਾਰਨ ਸਮਾਜਿਕ ਵਿਤਕਰਿਆਂ ਅਤੇ ਛੂਆ-ਛਾਤ ਵਰਗੀਆਂ ਸਮਾਜਿਕ/ਸਿਆਸੀ/ਆਰਥਿਕ ਵਰਤਾਰਿਆਂ ਦਾ ਜਨਮ ਹੋਇਆ ? ਜੇ ਜਾਤੀ ਵਿਵਸਥਾ, ਵਰਗ ਵੰਡ ਅਤੇ ਸਮਾਜਿਕ ਅਨਿਆਂ ਵਰਗੇ ਵਰਤਾਰਿਆਂ ਦੇ ਇਤਿਹਾਸਕ ਕਾਰਕਾਂ ਅਤੇ ਕਾਰਨਾਂ ? ਸਮਝਣਾ ਹੀ ਨਹੀਂ ਤਾਂ ਉਨ੍ਹਾਂ ਦੇ ਖਾਤਮੇ ਬਾਰੇ ਲੋੜੀਂਦੀਆਂ ਨੀਤੀਆਂ, ਕਾ ?ਨਾਂ ਅਤੇ ਵਿਧੀਆਂ ? ਕਿਵੇਂ ਪੜ੍ਹਿਆ ਜਾ ਸਕਦਾ ਹੈ ? ਕੀ ਇਤਿਹਾਸ ? 'ਅਬਜੈਕਟਿਵ ਸਵਾਲਾਂ-ਜਵਾਬਾਂ' ਜਾਂ 'ਹਾਂ ਜਾਂ ਨਹੀਂ' ਦੀ ਗੈਰਿ ਵਗਆਨਕ ਅਤੇ ਬੰਦ ਰਸਤਿਆਂ ਦੀ ਤਕਨੀਕ ਰਾਹੀਂ ਪੜ੍ਹਾਇਆ ਜਾ ਸਕਦਾ ਹੈ ? ਇਸ ਬਾਰੇ ਉਨ੍ਹਾਂ ਆਰ.ਐਸ.ਐਸ. ਦੇ ਸ਼ਿਸ਼ੂ ਨਿਕੇਤਨਾਂ ਦੁਆਰਾ, ਵਿਗਆਨਕ ਤੇ ਤਰਕ ਆਧਾਰਿਤ ਇਤਿਹਾਸਕ ਤੱਥਾਂ ਦੇ ਲੇਖਕਾਂ ? 'ਮੈਕਾਲੇ, ਮਾਰਕਸ ਤੇ ਮਦਰੱਸਿਆਂ ਦੀ ਸੰਤਾਨ' ਕਹਿ ਕੇ ਰੱਦ ਕਰਨ ? ਬੌਧਿਕਤਾ ਖਿਲਾਫ ਖੁਣਸ ਕਰਾਰ ਦਿੰਦਿਆਂ ਕਿਹਾ ਕਿ ਸੌੜੇ ਸਿਆਸੀ ਹਿੱਤਾਂ ਲਈ ਇਤਿਹਾਸ ਨਾਲ ਖਿਲਵਾੜ ਕਰਨਾ ਮੰਦਭਾਗਾ ਤੇ ਨਿੰਦਾਯੋਗ ਹੈ।

ਪ੍ਰੋ. ਰੋਮਿਲਾ ਥਾਪਰ ਦੁਆਰਾ ਫਿਰਕਾਪ੍ਰਸਤੀ ਅਤੇ ਸਿਆਸਤ ਦੇ ਆਪਸੀ ਸਬੰਧ ਬਾਰੇ ਛੇੜੀ ਗੁੰਝਲ ? ਸੁਲਝਾਉਂਦਿਆਂ ਪ੍ਰੋ. ਬਿਪਨ ਚੰਦਰਾ ਆਪਣੇ ਅਹਿਮ ਲੇਖ 'ਇਤਿਹਾਸਕ ਭੁੱਲਾਂ' ਵਿਚ ਲਿਖਦੇ ਹਨ: ਫਿਰਕਾਪ੍ਰਸਤੀ ਦੀਆਂ ਜੜ੍ਹਾਂ ਦੂਜਿਆਂ ਬਾਰੇ ਡਰ, ਦਹਿਸ਼ਤ, ਅਸੁਰੱਖਿਆ, ਵੱਖਰਾਪਣ (ਵਖਰੇਵਾਂ) ਅਤੇ ਨਾ ਪੂਰੀਆਂ ਜਾ ਸਕਣ ਵਾਲੀਆਂ ਸਭਿਆਚਾਰਕ ਤੇ ਸਮਾਜਿਕ ਮਿੱਥਾਂ ਅਤੇ ਧਾਰਨਾਵਾਂ ਦੇ ਏਜੰਡਾ ਆਧਾਰਿਤ ਸਿਆਸੀ ਪ੍ਰਚਾਰ ਨਾਲ ਜੁੜੀਆਂ ਹੁੰਦੀਆਂ ਹਨ। ਇਸ ਦੀ ਮਿਸਾਲ ਦਿੰਦਿਆਂ ਉਹ ਆਖਦੇ ਹਨ ਕਿ ਜੇ 85 ਫੀਸਦੀ ਹੋਣ ਦੇ ਬਾਵਜੂਦ ਕਿਸੇ ਮੁਲਕ ਦੀ ਬਹੁਗਿਣਤੀ ਆਪਣੀ 15 ਫੀਸਦੀ ਘੱਟ ਗਿਣਤੀ ਤੋਂ ਖਤਰਾ ਮਹਿਸੂਸ ਕਰਦੀ ਹੋਵੇ, ਤਾਂ ਇਸ ? ਫਰਜ਼ੀ 'ਡਰ' ਕਿਉਂ ਤੇ ਕਿਵੇਂ ਨਾ ਮੰਨਿਆ ਜਾਵੇ ? ਦੂਜੀ ਅਹਿਮ ਮਿੱਥ ਜਿਸ ? ਉਹ ਹਿੰਦੂਤਵੀ ਏਜੰਡੇ ਦਾ ਮੂਲ ਮੰਨਦੇ ਹਨ, ਉਹ ਮੁਗਲ ਸਾਮਰਾਜ ਦੁਆਰਾ ਭਾਰਤ ਦੇ ਪ੍ਰਾਚੀਨ ਇਤਿਹਾਸ ਦਾ ਇਸਲਾਮੀਕਰਨ ਕਰਨਾ ਹੈ।

ਹਾਲਾਤ ਦੀ ਤਰਾਸਦੀ ਦੇਖੋ ਕਿ 'ਪ੍ਰਾਚੀਨ ਭਾਰਤੀ ਸੱਭਿਅਤਾ ਦੀਆਂ ਜਿਨ੍ਹਾਂ ਮਹਾਨ ਪ੍ਰਾਪਤੀਆਂ' ਬਾਰੇ ਕੋਈ ਪੁਖਤਾ ਸਬੂਤ ਮੌਜੂਦ ਨਹੀਂ ਹੈ, ਉਨ੍ਹਾਂ ਦੇ ਮੁਕਾਬਲੇ ਸਾਬਤ ਸਬੂਤ ਇਤਿਹਾਸਕ ਇਮਾਰਤਾਂ, ਕਿਤਾਬਾਂ, ਕਲਾਵਾਂ ਅਤੇ ਮੁਗਲ ਸ਼ਾਸਕਾਂ ਦੁਆਰਾ ਕੀਤੇ ਸਿਆਸੀ-ਸਮਾਜਿਕ ਕੰਮਾਂ ? ਸਬੂਤਾਂ ਦੇ ਬਾਵਜੂਦ ਉਕਾ ਹੀ ਰੱਦ ਕੀਤਾ ਜਾ ਰਿਹਾ ਹੈ। -ਕੀ ਇਸ ਤਰ੍ਹਾਂ ਕਰਕੇ ਇਤਿਹਾਸ ? ਪਲਟਾਇਆ ਜਾ ਸਕਦਾ ਹੈ ? ਪ੍ਰੋ. ਬਿਪਨ ਚੰਦਰਾ ਦੇ ਸ਼ਬਦਾਂ ਵਿਚ, ਜੇ ਇਤਿਹਾਸ ਦੀ ਇਸ ਤਰ੍ਹਾਂ ਵਿਆਖਿਆ ਦਾ ਅਮਲ ਨਾ ਰੁਕਿਆ ਤਾਂ ਸਾਡਾ ਇਤਿਹਾਸ ਵੀ ਪਾਕਿਸਤਾਨੀ ਇਤਿਹਾਸ ਵਾਂਗ ਫਿਰਕੂ ਰੰਗਣ ਵਿਚ ਡੁੱਬਿਆ ਇਤਿਹਾਸ ਬਣੇਗਾ।

ਇਸ ਬਾਰੇ ਐਨ.ਸੀ.ਈ.ਆਰ.ਟੀ. ਦੇ ਸਾਬਕਾ ਮੁਖੀ ਅਰਜੁਨ ਦੇਵ ਦੀ ਲਿਖਤ ਵੀ ਧਿਆਨ ਮੰਗਦੀ ਹੈ। ਉਨ੍ਹਾਂ ਅਨੁਸਾਰ, ਇਤਿਹਾਸ ਸਿਰਫ ਸਾਲਾਂ, ਰਾਜਿਆਂ ਦੀਆਂ ਸਲਤਨਤਾਂ, ਇਮਾਰਤਾਂ ਦਾ ਬਣਨਾ-ਢਹਿਣਾ ਨਹੀਂ ਸਗੋਂ ਉਨ੍ਹਾਂ ਹਾਲਾਤ, ਸ਼ਕਤੀਆਂ ਅਤੇ ਤਾਕਤਾਂ ਦੀ ਆਪਸੀ ਰਗੜ ਵਿਚੋਂ ਪੈਦਾ ਹੋਇਆ ਅਜਿਹਾ ਸੱਚ ਹੈ ਜਿਸ ਦੇ ਅੰਗਾਂ ਵਿਚ ਧਰਮ, ਸਿਆਸਤ, ਸਭਿਆਚਾਰ, ਅਰਥਚਾਰਾ ਤਾਂ ਸ਼ਾਮਿਲ ਹਨ ਹੀ ਪਰ ਭੂਗੋਲਿਕ, ਭਾਸ਼ਾਈ, ਕਲਾਤਮਿਕ ਵਰਤਾਰੇ ਅਤੇ ਸਮਾਜਿਕ ਤਬਦੀਲੀਆਂ ਵੀ ਇਸ ਨੂੰ ਤੈਅ ਕਰਦੇ ਹਨ। ਇਸ ਤੋਂ ਬਿਨਾ ਉਹਿ ਮਥਹਾਸ ਅਤੇ ਇਤਿਹਾਸ ? ਰਲਗੱਡ ਕਰਨ ਦੀ ਨਿਖੇਧੀ ਕਰਦਿਆਂ ਇਸ ? 'ਖੱਪਾ' ਆਖਦੇ ਹਨ।

ਇਤਿਹਾਸਕਾਰ ਸੁਮੀਤ ਸਰਕਾਰ ਅਨੁਸਾਰ, 'ਇਤਿਹਾਸ ਦੇ ਕੁਝ ਨਾਪਸੰਦ ਹਿੱਸਿਆਂ ਵਿਚੋਂ ਗੈਰਹਾਜ਼ਿਰ' ਹੋਣ ਦੀ ਇਸ ਸਿਆਸਤ ਦਾ ਮੂਲ ਖਾਸਾ 'ਤਾਨਸ਼ਾਹੀ ਪਸੰਦ' ਸਟੇਟ ਦੀ ਪਹਿਲੀ ਨਿਸ਼ਾਨੀ ਹੈ। ਇਤਿਹਾਸ 'ਹਿੰਦੂ' ਜਾਂ 'ਮੁਸਲਿਮ' ਨਹੀਂ ਹੋ ਸਕਦਾ। ਕੁੱਝ ਖਾਸ ਹਿੱਸਿਆਂ ? ਰੱਦ ਕਰਨ ਜਾਂ ਕੁਝ ਮਤਲਬੀ/ਵਰਤਣਯੋਗ ਹਿੱਸਿਆਂ 'ਤੇ ਏਕਾਧਿਕਾਰ ਜਿਤਾਉਣ ਨਾਲ ਨਾ ਤਾਂ ਇਤਿਹਾਸ ? ਕੁੱਝ ਫਰਕ ਪੈਂਦਾ ਹੈ ਅਤੇ ਨਾ ਹੀ ਸਚਾਈਆਂ ਉਤੇ ਪਰਦਾ ਪਾਇਆ ਜਾ ਸਕਦਾ ਹੈ। ਰੋਜ਼ਾਨਾ 'ਟਾਈਮਜ਼ ਆਫ ਇੰਡੀਆ' ਵਿਚ ਛਪੇ ਆਪਣੇ ਅਹਿਮ ਲੇਖ ਵਿਚ ਦਲੀਪ ਪੜਗਾਉਂਕਰ ਡਾ. ਮੁਰਲੀ ਮਨੋਹਰ ਜੋਸ਼ੀ ਦੁਆਰਾ ਇਤਿਹਾਸ ਨਾਲ 'ਛੇੜਛਾੜ' ? 'ਮੁਲਕ ਦੀ ਸਭਿਆਚਾਰਕ ਆਜ਼ਾਦੀ ਦੀ ਦੂਜੀ ਜੰਗ' ਕਹਿਣ ? ਭਾਰਤੀ ਗਣਤੰਤਰ ਦੀ ਮੂਲ ਭਾਵਨਾ ਨਾਲ ਖਿਲਵਾੜ ਦਾ ਦਰਜਾ ਦਿੰਦਿਆਂ ਲਿਖਦੇ ਹਨ ਕਿ ਇਹ ਜੰਗ ਕਿਸ ਦੇ ਖਿਲਾਫ ਹੈ ਜਾਂ ਹੋ ਸਕਦੀ ਹੈ ? ਉਨ੍ਹਾਂ ਅਨੁਸਾਰ ਇਸ ਦਾ ਜਵਾਬ ਸਦੀਆਂ ਤੋਂ ਕਾਲਿਆਂ ਖਿਲਾਫ ਗੋਰਿਆਂ, ਔਰਤਾਂ ਖਿਲਾਫ ਮਰਦਾਂ ਅਤੇ ਆਦਿਵਾਸੀਆਂ ਖਿਲਾਫ ਤਥਾਕਥਿਤ 'ਸੱਭਿਅਕ' ਸਮਾਜਾਂ ਦੁਆਰਾ ਪੜ੍ਹਾਏ ਤੇ ਪ੍ਰਚਾਰੇ ਗਏ ਤੱਥਾਂ ਤੇ ਇਤਿਹਾਸਾਂ ਤੋਂ ਸਿੱਖਿਆ ਜਾ ਸਕਦਾ ਹੈ। ਦੂਜੇ ਪਾਸੇ ਸਭਿਆਚਾਰ ਵੀ ਕੋਈ 'ਮ੍ਰਿਤਕ ਖਜ਼ਾਨਾ' ਨਹੀਂ ਸਗੋਂ ਜਿਊਂਦੀਆਂ ਜਾਗਦੀਆਂ ਰਵਾਇਤਾਂ, ਰਿਸ਼ਤਿਆਂ, ਆਪਸੀ ਲੈਣ-ਦੇਣ ਅਤੇ ਇੱਕ-ਦੂਜੇ ਨਾਲ ਰਲਣ-ਮਿਲਣ ਦਾ ਜੀਵੰਤ ਫਲਸਫਾ ਹੈ।

ਕੀ ਸਿਰਫ ਇੱਕ ਰੰਗਾ ਤੇ ਇਕਸਾਰ ਸਭਿਆਚਾਰ ਵਿਅਕਤੀ-ਵਿਸ਼ੇਸ਼ ਦੀਆਂ ਸਭਿਆਚਾਰਕ ਤਾਂਘਾਂ ਅਤੇ ਖਾਹਿਸ਼ਾਂ ਪੂਰੀਆਂ ਕਰ ਸਕਦਾ ਹੈ ? ਇਸ ਬਾਰੇ ਦੋ ਉਦਾਹਰਨਾਂ ਬੇਹੱਦ ਅਹਿਮ ਹਨ। ਪਹਿਲੀ ਸੰਸਾਰ ਪ੍ਰਸਿੱਧ ਚਿੱਤਰਕਾਰ ਐਮ.ਐਫ. ਹੁਸੈਨ ? ਹਿੰਦੂਵਾਦੀ ਸੰਗਠਨਾਂ ਦੇ ਉਕਸਾਉਣ 'ਤੇ ਭਾਰਤੀ ਸਟੇਟ ਦੁਆਰਾ ਜਲਾਵਤਨ ਕਰਨ ਦੀ ਹੈ। ਕੀ ਇਸ ਨਾਲ ਉਨ੍ਹਾਂ ਦੀਆਂ ਕਲਾ ਕਿਰਤਾਂ ਵਿਚਲੀ ਕਲਾ ਅਤੇ ਸੁਹਜ ਦੇ ਪੈਮਾਨਿਆਂ 'ਤੇ ਕੋਈ ਫਰਕ ਪਿਆ ਹੈ ? ਜਾਂ ਭਾਰਤੀ ਕਲਾ ਅਤੇ ਸੁਹਜ ਸ਼ਾਸਤਰ ਵਿਚ ਉਨ੍ਹਾਂ ਦੀ 'ਗੈਰਹਾਜ਼ਰੀ' ਨੇ ਕਿਸੇ ਨਵੇਂ ਸਿਰਜਣਾਤਮਿਕ ਅਮਲ ਦਾ ਮੁੱਢ ਬੰਨ੍ਹਿਆ ਹੈ ? ਦੀਪਾ ਮਹਿਤਾ ਦੀ ਫਿਲਮ 'ਵਾਟਰ' ਅਤੇ 'ਫਾਇਰ' ਬਾਰੇ ਆਰ.ਐਸ.ਐਸ. ਮਾਰਕਾ ਸਿਆਸਤ ਦੇ ਇਤਰਾਜ਼ਾਂ ਦੇ ਮੱਦੇਨਜ਼ਰ ਇਸ ਤੱਥ ? ਨਕਾਰਿਆ ਨਹੀਂ ਜਾ ਸਕਦਾ ਕਿ ਇਹ ਮਹਿਜ਼ ਸਿਆਸੀ ਮੁਖ਼ਾਲਫ਼ਤ ਦਾ ਮਸਲਾ ਨਹੀਂ ਸਗੋਂ ਇਹ 'ਸੁਣਨ, ਬੋਲਣ, ਪੜ੍ਹਨ, ਲਿਖਣ ਤੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ' ਉਤੇ ਲੱਗੀ ਅਣ-ਐਲਾਨੀ ਸੈਂਸਰਸ਼ਿਪ ਹੈ, ਤੁਗਲਕੀ ਫਰਮਾਨਾਂ ਦੀ ਅਗਲੀ ਲੜੀ ਹੈ।

ਵੀਰ ਸਿੰਘਵੀ ਇਸ ਦੀ ਤੁਲਨਾ ਤਾਲਿਬਾਨ ਦੁਆਰਾ 'ਕਾਗਜ਼ ਦੇ ਬਣੇ ਲਿਫਾਫੇ' ਵਿਚ ਸਾਮਾਨ ਪਾਈ ਜਾਂਦੇ ਅਫਗਾਨ ਨਾਗਰਿਕ ਦੀ ਹੱਤਿਆ ਦਾ ਹਵਾਲਾ ਦਿੰਦਿਆਂ ਸੰਘ ਦੇ ਫਲਸਫੇ 'ਤੇ ਟਿੱਪਣੀ ਕਰਦਿਆਂ ਲਿਖਦੇ ਹਨ ਕਿ 'ਕਾਗਜ਼ ਦੇ ਬਣੇ ਲਿਫਾਫੇ' ਜ਼ਰੂਰੀ ਨਹੀਂ ਕਿ ਕਿਸੇ ਧਰਮ ਗ੍ਰੰਥ ਦਾ ਹਿੱਸਾ/ਪੰਨੇ ਹੀ ਹੋਣ। ਜੇ ਤੁਸੀਂ ਕਿਸੇ ਜਿਊਂਦੇ ਜਾਗਦੇ ਮਨੁੱਖ ਵਜੋਂ ਆਪਣੇ ਆਲੇ-ਦੁਆਲੇ ਵਾਪਰ ਰਹੀਆਂ ਸਚਾਈਆਂ ? ਨਜ਼ਰਅੰਦਾਜ਼ ਕਰਦਿਆਂ ਸਿਰਫ ਆਪਣੀਆਂ ਖਿਆਲੀ ਕਲਪਨਾਵਾਂ ਅਤੇ ਸਿਆਸੀ 'ਹਵਾ ਮਹੱਲਾਂ' ਵਿਚ ਜਿਊਣਾ ਪਸੰਦ ਕਰਦੇ ਹੋ ਤਾਂ ਵੀ ਨਾ ਤਾਂ ਇਸ ਨਾਲ ਸਚਾਈ ? ਕੋਈ ਫਰਕ ਪੈਂਦਾ ਹੈ ਅਤੇ ਨਾ ਹੀ ਇਤਿਹਾਸ ?। ਇਤਿਹਾਸ ਦੀ ਅੱਖ ਵਿਚ ਵਿਚਾਰਧਾਰਕ ਟੀਰ ਨਹੀਂ ਹੁੰਦਾ।

**ਡਾ. ਕੁਲਦੀਪ ਕੌਰ**
ਫੋਨ: +91-98554-94330

## ਨੌਕਰ ਨਹੀਂ, ਮਾਲਕ !

ਮਹਿੰਦਰਾ ਕਾਲਜ ਪੜ੍ਹਦਿਆਂ ਮਾਈ ਕੀ ਸਰਾਂ ਨੇੜੇ ਦਸ ਰੁਪਏ ਮਹੀਨਾ ਚੁਬਾਰਾ ਕਿਰਾਏ 'ਤੇ ਮਿਲ ਗਿਆ। ਨਾਲ ਲਗਦੀ ਰਸੋਈ ਹੈਗੀ ਤਾਂ ਸੀ, ਪਰ ਵਿਧਵਾ ਮਾਲਕਣ ਨੇ ਉਸ ਵਿਚ ਪਾਥੀਆਂ ਭਰ ਰੱਖੀਆਂ ਸਨ। ਉਸ ਦਾ ਪੁੱਤ ਕਰਮਾ ਮੇਰਾ ਹਾਣੀ, ਮੇਰਾ ਜਮਾਤੀ ਸੀ। ਮੈਂ ਮਾਤਾ ਨੂੰ ਕਿਹਾ, ਇਹ ਰਸੋਈ ਵੀ ਮੈਨੂੰ ਦੇ ਦੇਹ। ਕਮਰੇ ਵਿਚ ਖਾਣ ਪੀਣ ਦੀਆਂ ਚੀਜਾਂ ਦਾ ਘੜਮੱਸ ਬੁਰਾ ਲਗਦੈ। ਖਲਾਰਾ ਸਾਂਭਿਆ ਜਾਊ।

ਉਹ ਕਹਿੰਦੀ, ਮੇਰੀਆਂ ਪਾਥੀਆਂ ਦਾ ਕੀ ਬਣੂੰ ? ਮੈਂ ਕਿਹਾ, ਕੱਢ ਕੇ ਬਾਹਰ ਰੱਖ ਦਿੰਨਾਂ। ਕਹਿੰਦੀ, ਮੀਂਹ ਕਣੀ ਆ ਗਈ ਤਾਂ ਭਿੱਜ ਜਾਣਗੀਆਂ। ਮੈਂ ਕਿਹਾ, ਮੀਂਹ ਆਉਣ ਸਾਰ ਮੈਂ ਅੰਦਰ ਕਰ ਲਿਆ ਕਰੂੰ। ਕਹਿੰਦੀ, ਵਾਅਦਾ ? ਮੈਂ ਕਿਹਾ, ਵਾਅਦਾ।

ਜੇ ਕਿਰਾਇਆ ਹੀ ਭਰਨਾ ਸੀ ਤਾਂ ਪਾਥੀਆਂ ਸਾਂਭਣ ਦੀ ਮੇਰੀ ਜ਼ਿੰਮੇਵਾਰੀ ਕਿਉਂ ?

ਪਰ ਉਦੋਂ ਵੀ ਪਤਾ ਸੀ, ਧਾਰਾ 370 ਵਾਂਗੂੰ ਵਾਅਦੇ ਸ਼ੀਸ਼ੇ ਦੇ ਖਿਡੌਣੇ ਵਾਂਗ ਟੁੱਟਣ ਲਈ ਹੋਇਆ ਕਰਦੇ ਨੇ। ਵਾਅਦਾ ਕਰ ਦਿੱਤਾ। ਉਹ ਕਹਿੰਦੀ, ਚਲ ਠੀਕ ਐ ਫੇਰ, ਪਰ ਇਹਦੇ ਦੋ ਰੁਪਏ ਮਹੀਨਾ ਹੋਰ ਦੇਣੇ ਪੈਣਗੇ। ਮੈਂ ਕਿਹਾ, ਠੀਕ। ਸੋ ਕਿਚਨ ਕਮ ਰੂਮ ਦੇ ਆਪਾਂ 12 ਰੁਪਏ ਮਹੀਨਾ ਕਿਰਾਇਆ ਦਿੰਦੇ। ਉਸੇ ਘਰ ਦੇ ਦੂਜੇ ਕਮਰੇ ਵਿਚ ਆਪਣੀ ਬੀਵੀ ਸਮੇਤ ਇਕ ਹੋਰ ਕਿਰਾਏਦਾਰ ਰੁਲਦੂ ਰਹਿੰਦਾ ਸੀ। ਰੁਲਦੂ ਦੀ ਗੱਲ ਬਾਅਦ ਵਿਚ ਕਰਾਂਗੇ।

ਕਮਰੇ ਦੇ ਬਾਹਰ ਬੈਠਾ ਪ੍ਰਿੰਸੀਪਲ ਦੇ ਨਾਮ ਮੈਂ ਫੀਸ ਮਾਫੀ ਦੀ ਅਰਜ਼ੀ ਲਿਖ ਰਿਹਾ ਸਾਂ ਕਿ ਮਾਈ ਕਿਰਾਇਆ ਲੈਣ ਆ ਗਈ। ਮੈਂ ਕਿਹਾ, ਆਹ ਅਰਜ਼ੀ ਲਿਖ ਲੈਣ ਦੇ, ਦੇ ਦਊਂਗਾ। ਕਹਿੰਦੀ, ਕਾਹਦੀ ਅਰਜ਼ੀ ਲਿਖਦੈਂ ? ਮੈਂ ਕਿਹਾ, ਫੀਸ ਮਾਫੀ ਦੀ। ਕਹਿੰਦੀ, ਕਰਮੇ ਦੀ ਅਰਜ਼ੀ ਵੀ ਲਿਖ ਦੇਹ, ਇਹਦੀ ਹਾਲਤ ਕਿਹੜਾ ਤੈਥੋਂ ਚੰਗੀ ਐ ? ਮੈਂ ਕਿਹਾ, ਮੈਨੂੰ ਅਰਜ਼ੀ ਲਿਖ ਲੈਣ ਦੇ। ਇਹਨੂੰ ਦੇਖ ਕੇ ਉਹ ਲਿਖ ਲਊ। ਕਹਿੰਦੀ, ਜੇ ਤੂੰ ਈ ਲਿਖ ਦੇਵੇਂ, ਇਹਦੇ ਵਿਚ ਕਿਹੜਾ ਬਾਹਲਾ ਜੋਰ ਲਗਦੈ ? ਮੈਂ ਉਹਨੂੰ ਆਪਣੀ ਲਿਖੀ ਜਾ ਰਹੀ ਅਰਜ਼ੀ ਦਿਖਾ ਕੇ ਕਿਹਾ, ਆਹ ਮੇਰੀ ਲਿਖਾਈ ਤਾਂ ਦੇਖ, ਮੋਤੀ ਪਰੋਏ ਪਏ ਨੇ। ਕਿਸੇ ਅਮੀਰ ਦੀ ਲਿਖਤ ਲਗਦੀ ਐ। ਗਰੀਬਾਂ ਦੀ ਹਰੇਕ ਚੀਜ ਫਟੀ ਪੁਰਾਣੀ ਬੋਦੀ ਦਿੱਸਣੀ ਚਾਹੀਦੀ ਐ, ਤਾਂ ਫੀਸ ਮਾਫ ਹੋਊ। ਅੱਗੇ ਤੇਰੀ ਮਰਜ਼ੀ। ਕਹਿੰਦੀ, ਤੇਰੀ ਗੱਲ ਮੈਨੂੰ ਸਮਝ ਨ੍ਹੀਂ ਆਈ। ਮੈਂ ਕਿਹਾ, ਅੰਗਰੇਜ਼ੀ ਵਿਚ ਇਹਨੂੰ 'ਲਾਅ ਆਫ ਕੌਸਮਿਕ ਲੇਜ਼ੀਨੈਸ' ਕਹਿੰਦੇ ਨੇ; ਪੰਜਾਬੀ ਵਿਚ ਕਹਾਂਗੇ, ਸੁਸਤੀ ਦਾ ਬ੍ਰਹਿਮੰਡੀ ਵਿਧਾਨ।

ਅਰਜ਼ੀਆਂ ਦੇਣ ਵਾਲਿਆਂ ਦੀ ਇੰਟਰਵਿਊ ਹੋਈ, ਜਿਨ੍ਹਾਂ ਦੀ ਫੀਸ ਮਾਫ ਹੋਈ, ਉਨ੍ਹਾਂ ਦੇ ਨਾਂਵਾਂ ਦੀ ਲਿਸਟ ਨੋਟਿਸ ਬੋਰਡ 'ਤੇ ਲੱਗੀ। ਕਰਮਾਂ ਵਾਲੇ ਆਪੋ ਆਪਣੇ ਨਾਂ ਦੇਖ ਕੇ ਬਾਗੋ ਬਾਗ। ਮੇਰੀ ਫੀਸ ਮਾਫ ਹੋ ਗਈ, ਕਰਮੇ ਦੀ ਨਾ ਹੋਈ। ਕਰਮੇ ਦੀ ਮਾਂ ਉਹਨੂੰ ਝਿੜਕਾਂ ਦੇਣ ਲੱਗੀ, ਤੈਨੂੰ ਚੱਜ ਨਾਲ ਗੱਲ ਕਰਨੀ ਓ ਨ੍ਹੀਂ ਆਉਂਦੀ ਵੇ ਨਿਕਰਮਿਆਂ। ਤੂੰ ਦੱਸਣਾ ਸੀ ਉਨ੍ਹਾਂ ਨੂੰ, ਬਈ ਮੇਰਾ ਬਾਪੂ ਮਰ ਗਿਆ ਹੋਇਐ ? ਦੱਸਿਆ ਨ੍ਹੀਂ ?

ਕਰਮਾ ਕਹਿੰਦਾ, ਦੱਸਿਆ ਸੀ, ਉਥੇ ਬੜਿਆਂ ਦੇ ਬਾਪ ਮਰੇ ਹੋਏ ਸਨ। ਮੇਰਾ ਤਾਂ ਇਕ ਬਾਪੂ ਮਰਿਐ, ਉਥੇ ਤਾਂ ਉਹ ਵੀ ਫਿਰਦੇ ਸਨ, ਜਿਨ੍ਹਾਂ ਦੇ ਪੰਜ ਪੰਜ, ਸੱਤ ਸੱਤ ਬਾਪੂ ਮਰੇ ਹੋਏ ਸਨ। ਮੇਰੀ ਕੀ ਸੁਣਵਾਈ ਹੋਣੀ ਸੀ ਉਥੇ ? ਚੁਪ ਕਰ ਹੁਣ, ਭੁੱਖ ਲੱਗੀ ਐ, ਰੋਟੀ ਲਿਆ।

ਰੁਲਦੂ ਮਹਿੰਦਰਾ ਕਾਲਜ ਵਿਚ ਸਫਾਈ ਸੇਵਕ, ਸਰਕਾਰੀ ਮੁਲਾਜ਼ਮ। ਭਲਾ ਲੋਕ। ਕਦੀ ਕਦਾਈਂ ਆਪਣੇ ਸਾਈਕਲ ਦੇ ਕੈਰੀਅਰ 'ਤੇ ਬਿਠਾ ਕੇ ਕਾਲਜ ਤੱਕ ਲੈ ਜਾਂਦਾ। ਉਹਦੀ ਇੱਕ ਆਦਤ ਬੜੀ ਬੁਰੀ ਸੀ। ਘਰ ਆ ਕੇ ਆਪਣੀ ਪਤਨੀ ਨੂੰ ਖੂਬ ਡਾਂਟਦਾ, ਆਹ ਖੂੰਜੇ ਵਿਚ ਰੇਤ ਕਿਉਂ ਦਿੱਸ ਰਿਹੈ ? ਅਹੁ ਜਾਲਾ ਕਿਉਂ ਨ੍ਹੀਂ ਉਤਾਰਦੀ ? ਕਹਿੰਦੀ, ਦਿੱਸਿਆ ਨ੍ਹੀਂ। ਮੈਨੂੰ ਦਿੱਸ ਜਾਂਦੈ ਤੈਨੂੰ ਕਿਉਂ ਨ੍ਹੀਂ ਦਿੱਸਿਆ ? ਇੱਕ ਦਿਨ ਮੈਨੂੰ ਗੁੱਸਾ ਆ ਗਿਆ, ਆਖ ਹੀ ਦਿੱਤਾ, ਤੂੰ ਕਾਲਜ ਦੇ ਵੀਹ ਕਮਰੇ ਸਾਫ ਕਰਦੈਂ ਇੱਥੇ ਨ੍ਹੀਂ ਤੈਥੋਂ ਦੋ ਝਾੜੂ ਲਾ ਹੁੰਦੇ ?

ਉਹ ਬਰਾਬਰ ਤੈਸ਼ ਵਿਚ ਆ ਗਿਆ, ਕਹਿੰਦਾ ਉਥੇ ਤਾਂ ਮੈਂ ਕੁੱਤੀ ਨੌਕਰੀ ਕਰਦਾਂ, ਸਮਝਿਆ ? ਇਥੇ ਮਾਲਕ ਆਂ। ਤੂੰ ਮੈਨੂੰ ਘਰ ਵਿਚ ਵੀ ਮਾਲਕੀ ਨ੍ਹੀਂ ਕਰਨ ਦਏਂਗਾ ? ਆਪਣੀਆਂ ਪੋਥੀਆਂ ਚੁੱਕ ਕੇ ਤਿੱਤਰ ਹੋ ਜਾ। ਚੰਗੇ ਭਲੇ ਸੁਖੀ ਵਸਦੇ ਪਰਿਵਾਰ ਵਿਚ ਲੱਗੈਂ ਕਲੇਸ਼ ਪੁਆਉਣ। ਬੈਠੀਂ ਅੱਗੇ ਤੋਂ ਮੇਰੇ ਸਾਈਕਲ 'ਤੇ !

ਬੀ.ਏ. ਕਰਨ ਸਾਰ ਇਕ ਜਮਾਤੀ ਨੂੰ ਏਅਰ ਫੋਰਸ ਵਿਚ ਪਾਇਲਟ ਅਫਸਰ ਰੱਖ ਲਿਆ ਗਿਆ। ਫੋਨ ਨਹੀਂ ਹੁੰਦੇ ਸਨ, ਉਸ ਦੀ ਚਿੱਠੀ ਆਈ, ਟਰੇਨਿੰਗ ਖਤਮ ਹੋ ਗਈ। ਇਥੇ ਡੇਹਰਾਦੂਨ ਪਾਸਿੰਗ ਆਊਟ ਪਰੇਡ ਹੋਏਗੀ।

ਦੇਸ਼ ਦਾ ਰਾਸ਼ਟਰਪਤੀ ਮੋਢਿਆਂ 'ਤੇ ਅਫਸਰੀ ਚਿਪਕਾਉਣ ਆਏਗਾ। ਹਰੇਕ ਨੂੰ ਹੱਕ ਹੈ ਕਿ ਆਪਣੀ ਪਸੰਦ ਦੇ ਦੋ ਮਹਿਮਾਨ ਇਸ ਮੌਕੇ ਬੁਲਾ ਸਕਦਾ ਹੈ। ਦੋ ਬੰਦਿਆਂ ਦੇ ਨਾਂ ਲਿਖਾ ਦਿੱਤੇ ਨੇ। ਇਕ ਮੇਰਾ ਬਾਪੂ ਆਏਗਾ, ਦੂਜਾ ਤੂੰ। ਠੀਕ ਹੈ ? ਇਕ ਦਿਨ ਪਹਿਲਾਂ ਆ ਜਾਈਂ। ਚੱਜ ਦੇ ਕੱਪੜੇ ਪਾ ਕੇ ਆਈਂ। ਕਿਤੇ ਉਹੀ ਵਰਦੀ ਪਾ ਕੇ ਨਾ ਆ ਜੀਂ, ਜੋ ਫੀਸ ਮਾਫੀ ਦੀ ਇੰਟਰਵਿਊ 'ਤੇ ਜਾਣ ਮੌਕੇ ਪਹਿਨਿਆ ਕਰਦਾ ਸੀ, ਓ ਕੇ ? ਓ ਕੇ।

# ਪੰਜਾਬੀ ਚਿੰਤਨ ਦੀ ਹਕੀਕਤ

ਵਕਤ ਦੇ ਨਾਲ-ਨਾਲ ਹਰ ਸਮਾਜ ਕਈ ਤਰ੍ਹਾਂ ਦੇ ਦੌਰਾਂ ਵਿਚੋਂ ਲੰਘਦਾ ਹੈ। ਇਕ ਦੌਰ ਲਹਿਰਾਂ ਦਾ ਦੌਰ ਹੁੰਦਾ ਹੈ, ਜਦ ਜਨਸਮੂਹ ਅਤੇ ਉਨ੍ਹਾਂ ਵਿਚੋਂ ਪੈਦਾ ਹੋਏ ਆਗੂਆਂ ਨੂੰ ਨਿਸ਼ਾਨਾ ਦਿਸਦਾ ਹੁੰਦਾ ਹੈ ਤੇ ਉਨ੍ਹਾਂ ਨੂੰ ਜਾਪਦਾ ਹੁੰਦਾ ਹੈ ਕਿ ਜੇ ਅਸੀਂ ਉਹ ਨਿਸ਼ਾਨਾ ਹਾਸਲ ਕਰ ਲਈਏ ਤਾਂ ਸਾਡੀਆਂ ਸਾਰੀਆਂ ਮੁਸ਼ਕਿਲਾਂ ਦੂਰ ਹੋ ਜਾਣਗੀਆਂ, ਸਮਾਜ ਸਹੀ ਰਸਤੇ 'ਤੇ ਚੱਲ ਪਵੇਗਾ। ਇਹ ਨਿਸ਼ਾਨਾ ਚੱਲ ਰਹੇ ਪ੍ਰਬੰਧ ਵਿਚ ਕਿਸੇ ਸੁਧਾਰ ਤੋਂ ਲੈ ਕੇ ਸਿਆਸੀ ਆਜ਼ਾਦੀ, ਕਿਸੇ ਤਾਨਾਸ਼ਾਹ ਹਾਕਮ ਦੇ ਜ਼ੁਲਮ ਤੋਂ ਛੁਟਕਾਰਾ ਜਾਂ ਕਿਸੇ ਸਥਾਪਿਤ ਪ੍ਰਬੰਧ ਨੂੰ ਪੂਰੀ ਤਰ੍ਹਾਂ ਬਦਲ ਕੇ ਨਵਾਂ ਪ੍ਰਬੰਧ ਸਥਾਪਿਤ ਕਰਨ ਤੀਕ ਹੋ ਸਕਦਾ ਹੈ।

ਇਸ ਦੌਰ ਵਿਚ ਨਿਸ਼ਾਨਾ ਸਪਸ਼ਟ ਹੁੰਦਾ ਹੈ; ਇਸ ਨੂੰ ਹਾਸਲ ਕਰਨ ਵਾਲੇ ਰਾਹ ਬਾਰੇ ਵਾਦ-ਵਿਵਾਦ ਚਲਦੇ ਹਨ, ਪਰ ਵੱਡੇ ਸਿਧਾਂਤਕ ਮੱਤਭੇਦ ਨਹੀਂ ਹੁੰਦੇ; ਜੋ ਮੱਤਭੇਦ ਹੁੰਦੇ ਵੀ ਹਨ, ਉਹ ਲਹਿਰ ਦੇ ਉਤਸ਼ਾਹ ਕਾਰਨ ਦਬ ਜਾਂਦੇ ਹਨ। ਵੱਖ-ਵੱਖ ਦੇਸ਼ਾਂ ਵਿਚ ਆਜ਼ਾਦੀ ਦੀਆਂ ਲਹਿਰਾਂ, ਸਮਾਜਵਾਦੀ ਸਮਾਜ ਲਈ ਲਹਿਰਾਂ, ਧਾਰਮਿਕ ਰਾਜ ਸਥਾਪਿਤ ਕਰਨ ਲਈ ਲਹਿਰਾਂ ਆਦਿ ਇਸ ਦੀਆਂ ਆਮ ਉਦਾਹਰਣਾਂ ਹਨ।

ਲਹਿਰ ਤੋਂ ਬਾਅਦ ਸਮਾਜ ਕੁਝ ਸਮਾਂ ਉਸ ਲਹਿਰ ਦੇ ਆਸ਼ਿਆਂ ਨੂੰ ਹਾਸਲ ਕਰਨ ਲਈ ਨਿੱਠ ਕੇ ਕੰਮ ਕਰਦਾ ਹੈ। ਇਸ ਦੌਰ ਦੀਆਂ ਨਿਸ਼ਾਨੀਆਂ ਭਾਰਤ ਵਿਚ ਆਜ਼ਾਦੀ ਤੋਂ ਬਾਅਦ ਦੇ ਕੁਝ ਸਾਲਾਂ ਦੌਰਾਨ ਜਾਂ ਸਮਾਜਵਾਦੀ ਇਨਕਲਾਬ ਲਿਆਉਣ ਵਾਲੇ ਦੇਸ਼ਾਂ ਦੇ ਮੁੱਢਲੇ ਦੌਰ ਵਿਚ ਦੇਖੀਆਂ ਜਾ ਸਕਦੀਆਂ ਹਨ। ਨਵੇਂ ਜੋਸ਼ ਨਾਲ ਮਿਥੇ ਨਿਸ਼ਾਨਿਆਂ ਵਿਚੋਂ ਕੁਝ ਹਾਸਲ ਕਰ ਲਿਆ ਜਾਂਦਾ ਹੈ ਪਰ ਚਿਤਵਿਆ ਹੋਇਆ ਸਾਰਾ ਕੁਝ ਹਾਸਲ ਨਹੀਂ ਹੁੰਦਾ, ਕਿਉਂਕਿ ਸਮੇਂ ਨਾਲ ਹਾਲਾਤ ਬਦਲ ਜਾਂਦੇ ਹਨ, ਅਮਲ ਵਿਚੋਂ ਨਵੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ, ਸਮਾਜ ਵਿਚ ਨਵੀਂ ਪੀੜ੍ਹੀ ਅੱਗੇ ਆ ਜਾਂਦੀ ਹੈ ਜਿਸ ਵਿਚ ਪਹਿਲੀ ਲਹਿਰ ਪ੍ਰਤੀ ਉਹ ਭਾਵਨਾਤਮਿਕ ਲਗਾਓ ਨਹੀਂ ਹੁੰਦਾ। ਹੌਲੀ-ਹੌਲੀ ਸਮਾਜ ਵਿਚ ਖੜੋਤ ਆ ਜਾਂਦੀ ਹੈ। ਇਸ ਖੜੋਤ ਨੂੰ ਤੋੜਨ ਲਈ ਸਮਾਜ ਵਿਚ ਫਿਰ ਚਿੰਤਨ/ਮੰਥਨ ਦਾ ਦੌਰ ਚਲਦਾ ਹੈ।

ਪੰਜਾਬ ਅੱਜ ਕੱਲ੍ਹ ਇਸੇ ਚਿੰਤਨ/ਮੰਥਨ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਹ ਹੁਣ ਤਕ ਆਜ਼ਾਦੀ, ਸਮਾਜਵਾਦੀ, ਧਾਰਮਿਕ ਅਤੇ ਸੁਧਾਰਕ, ਹਰ ਤਰ੍ਹਾਂ ਦੀਆਂ ਲਹਿਰਾਂ ਦੇ ਦੌਰ ਵਿਚੋਂ ਲੰਘ ਚੁੱਕਾ ਹੈ। ਹੁਣ ਹਰ ਖੇਤਰ ਵਿਚ ਖੜੋਤ ਦਾ ਸ਼ਿਕਾਰ ਹੈ। ਸਿਆਸੀ ਖੇਤਰ ਵਿਚ ਪਾਰਟੀਆਂ ਬਣ ਤੇ ਟੁੱਟ ਰਹੀਆਂ ਹਨ, ਲੇਖ ਅਤੇ ਕਿਤਾਬਾਂ ਲਿਖੀਆਂ/ਪੜ੍ਹੀਆਂ ਜਾ ਰਹੀਆਂ ਹਨ। ਸੋਸ਼ਲ ਮੀਡੀਆ 'ਤੇ ਭਖਵੀਆਂ ਬਹਿਸਾਂ ਹੋ ਰਹੀਆਂ ਹਨ। ਹਰ ਵਿਚਾਰ ਅਤੇ ਹਰ ਵਰਤਾਰੇ ਨੂੰ ਪੜਚੋਲਵੀਂ ਨਿਗ੍ਹਾ ਨਾਲ ਦੇਖਿਆ ਪਰਖਿਆ ਜਾ ਰਿਹਾ ਹੈ। ਸਰਵੇਖਣ ਹੋ ਰਹੇ ਹਨ, ਸਿਧਾਂਤ ਪੇਸ਼ ਹੋ ਰਹੇ ਹਨ ਪਰ ਇਸ ਚਿੰਤਨ ਵਿਚੋਂ ਕੋਈ ਸਪਸ਼ਟ ਸੇਧ ਜਾਂ ਅਜਿਹੇ ਸਾਰਥਿਕ ਸਿੱਟੇ ਨਿਕਲ ਕੇ ਸਾਹਮਣੇ ਨਹੀਂ ਆ ਰਹੇ ਜੋ ਲੋਕਾਂ ਦੇ ਵਿਸ਼ਾਲ ਹਿੱਸਿਆਂ ਨੂੰ ਆਪਣੇ ਵੱਲ ਖਿੱਚ ਸਕਣ। ਸੋ ਸਵਾਲ ਪੈਦਾ ਹੁੰਦਾ ਹੈ ਕਿ ਮੌਜੂਦਾ ਦੌਰ ਦਾ ਚਿੰਤਨ ਸਮਾਜ ਨੂੰ ਕੋਈ ਸੇਧ ਦੇਣ ਜਾਂ ਨਵੇਂ ਸਮਿਆਂ ਦੀਆਂ ਸਮੱਸਿਆਵਾਂ ਦੇ ਹੱਲ ਪੇਸ਼ ਕਰਨ ਵਿਚ ਸਫਲ ਕਿਉਂ ਨਹੀਂ ਹੋ ਰਿਹਾ? ਚੱਲ ਰਹੇ ਚਿੰਤਨ/ਮੰਥਨ ਦੇ ਅਮਲ 'ਤੇ ਝਾਤੀ ਮਾਰਦਿਆਂ ਇਸ ਵਿਚ ਕੁਝ ਅਜਿਹੇ ਰੁਝਾਨ ਦਿਸਦੇ ਹਨ ਜਿਨ੍ਹਾਂ ਕਰਕੇ ਇਹ ਸਮਾਜ ਨੂੰ ਕੋਈ ਸਾਰਥਿਕ ਸੂਝ ਅਤੇ ਅਗਵਾਈ ਦੇਣ ਦੇ ਸਮਰੱਥ ਨਹੀਂ ਹੋ ਰਿਹਾ।

ਪਹਿਲੀ ਗੱਲ ਤਾਂ ਪੰਜਾਬੀ ਚਿੰਤਨ ਭਵਿਖ-ਮੁਖੀ ਹੋਣ ਦੀ ਥਾਂ ਭੂਤ-ਮੁਖੀ ਹੈ। ਵਰਤਮਾਨ ਸਮੇਂ ਦੀਆਂ ਸਮੱਸਿਆਵਾਂ ਦੇ ਹੱਲ ਬੀਤੇ ਸਮੇਂ ਵਿਚੋਂ ਲੱਭੇ ਜਾ ਰਹੇ ਹਨ। ਅਸੀਂ ਬੀਤੇ ਸਮਿਆਂ ਦੇ ਬਿਲਕੁਲ ਵੱਖਰੇ ਜੀਵਨ ਹਾਲਾਤ ਵਿਚ ਪੈਦਾ ਹੋਏ ਵਿਚਾਰਾਂ ਨੂੰ ਅੱਜ ਦੇ ਆਧੁਨਿਕ ਜੀਵਨ ਲਈ ਰਾਹ ਦਸੇਰਾ ਮੰਨ ਰਹੇ ਹਾਂ।

ਧਰਮ ਤੋਂ ਅਗਵਾਈ ਲੈਣ ਵਾਲਿਆਂ ਨੇ ਤਾਂ ਆਪਣੇ ਮੋਢੀਆਂ ਦੇ ਸੈਂਕੜੇ ਸਾਲ ਪਹਿਲਾਂ ਕਹੇ ਬਚਨਾਂ ਨੂੰ ਸਦੀਵੀ ਸੱਚ ਮੰਨਣਾ ਹੀ ਹੋਇਆ, ਇਸ ਕੰਮ ਵਿਚ ਅਗਾਂਹਵਧੂ ਕਹਾਉਣ ਵਾਲੇ ਵੀ ਪਿਛਾਂਹ ਵੱਲ ਹੀ ਦੇਖ ਰਹੇ ਹਨ। ਉਹ ਸਮਾਜ ਨੂੰ ਬਦਲਣ ਲਈ ਕਦੇ ਬਿਲਕੁਲ ਵੱਖਰੇ ਸਮਾਜ ਵਿਚ ਸੌ ਸਾਲ ਪਹਿਲਾਂ ਅਪਣਾਈਆਂ ਗਈਆਂ ਜੁਗਤਾਂ ਨੂੰ ਅੱਜ ਵਰਤਣਾ ਚਾਹੁੰਦੇ ਹਨ ਅਤੇ ਕਦੇ ਕਿਸੇ ਹੋਰ ਮੁਲਕ ਵਿਚ 70 ਸਾਲ ਪਹਿਲਾਂ ਵਾਪਰੇ ਦੀ ਨਕਲ ਕਰਨਾ ਚਾਹੁੰਦੇ ਹਨ। ਬਿਨਾ ਇਹ ਸਮਝੇ ਕਿ ਅੱਜ ਦੀ ਦੁਨੀਆ ਬਹੁਤ ਵੱਖਰੀ ਹੈ। ਜਿੰਨੀ ਤੇਜ਼ੀ ਨਾਲ ਦੁਨੀਆ ਬਦਲ ਰਹੀ ਹੈ, ਇਸ ਨੂੰ ਸਮਝਣ ਲਈ ਤਾਂ 20 ਸਾਲ ਪਹਿਲਾਂ ਘੜੀਆਂ ਜੁਗਤਾਂ ਵੀ ਕੰਮ ਨਹੀਂ ਆਉਣੀਆਂ, ਸੌ-ਡੇਢ ਸੌ ਸਾਲ ਪਹਿਲਾਂ ਤਾਂ ਹਾਲਾਤ ਬਿਲਕੁਲ ਹੀ ਹੋਰ ਸਨ। ਇਉਂ ਅੱਜ ਦੇ ਬਹੁਤੇ ਲੇਖਕ ਸੌ ਸਾਲ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰ ਰਹੇ ਹਨ ਪਰ ਉਹ ਭੁੱਲ ਜਾਂਦੇ ਹਨ ਕਿ ਸੌ ਸਾਲ ਪਹਿਲਾਂ ਵੀ ਪ੍ਰੋ. ਪੂਰਨ ਸਿੰਘ ਉਸ ਤੋਂ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਮਾਰ ਰਿਹਾ ਸੀ (ਪੰਜਾਬ ਨੂੰ ਕੂਕਾਂ ਮੈਂ); ਯਾਨੀ ਸੌ ਸਾਲ ਪਹਿਲਾਂ ਵਾਲੇ ਪੰਜਾਬ ਤੋਂ ਵੀ ਪ੍ਰੋ. ਪੂਰਨ ਸਿੰਘ ਵਰਗਾ ਚਿੰਤਕ ਕਵੀ ਦੁਖੀ ਸੀ। ਉਸ ਤੋਂ ਪਹਿਲਾਂ ਬੁੱਲ੍ਹੇ ਸ਼ਾਹ ਵੀ ਆਪਣੇ ਸਮੇਂ ਬਾਰੇ ਕਹਿੰਦਾ ਸੀ ਕਿ ਉਲਟੇ ਹੋਰ ਜ਼ਮਾਨੇ ਆਏ।

ਸ਼ਾਇਦ ਇਸ ਸੋਚ ਦੀਆਂ ਜੜ੍ਹਾਂ ਪੁਰਾਤਨ ਭਾਰਤੀ ਧਾਰਮਿਕ ਚਿੰਤਨ ਵਿਚ ਪਈਆਂ ਹਨ ਜੋ ਮੰਨਦਾ ਹੈ ਕਿ ਪਹਿਲਾਂ ਸਤਯੁਗ ਸੀ, ਉਸ ਤੋਂ ਬਾਅਦ ਤ੍ਰੇਤਾ, ਫਿਰ ਦੁਆਪਰ ਅਤੇ ਹੁਣ ਕਲਯੁੱਗ ਹੈ ਅਤੇ ਇਨ੍ਹਾਂ ਵਿਚੋਂ ਬਾਅਦ ਵਾਲਾ ਹਰ ਯੁੱਗ ਪਹਿਲੇ ਨਾਲੋਂ ਮਾੜਾ ਹੀ ਆਇਆ; ਭਾਵ, ਮਨੁੱਖੀ ਸਮਾਜ ਵਿਕਾਸ ਦੀ ਬਜਾਏ ਵਿਨਾਸ਼ ਵੱਲ ਜਾ ਰਿਹਾ ਹੈ। ਇਹ ਸੋਚ ਹੀ ਵਰਤਮਾਨ ਦੀਆਂ ਸਮੱਸਿਆਵਾਂ ਨਾਲ ਦੋ ਹੱਥ ਕਰਨ ਦੀ ਬਜਾਏ ਬੀਤੇ ਦਾ ਹੇਰਵਾ ਪੈਦਾ ਕਰਦੀ ਹੈ। ਭਵਿਖ ਬਾਰੇ ਸੋਹਣੇ ਸੁਪਨੇ ਲੈਣ ਅਤੇ ਉਨ੍ਹਾਂ ਨੂੰ ਸਾਕਾਰ ਕਰਨ ਦੀ ਬਜਾਏ ਭੂਤਕਾਲ ਵੱਲ ਮੁੜਨ ਨੂੰ ਆਦਰਸ਼ ਮੰਨਦੀ ਹੈ।

ਇਸ ਤਰ੍ਹਾਂ ਇਹ ਭੂਤ-ਮੁਖੀ ਪਹੁੰਚ ਕੁਝ ਨਵਾਂ ਸੋਚਣ ਅਤੇ ਨਵੇਂ ਵਿਚਾਰਾਂ ਨੂੰ ਅਪਨਾਉਣ ਤੋਂ ਇਨਕਾਰੀ ਹੋਈ ਰਹਿੰਦੀ ਹੈ। ਅਸਲ ਵਿਚ ਕੋਈ ਵੀ ਸਮਾਂ ਸਮੱਸਿਆਵਾਂ ਤੋਂ ਮੁਕਤ ਨਹੀਂ ਹੁੰਦਾ। ਜੋ ਪਹਿਲੇ ਸਮਿਆਂ ਵਿਚ ਦੁੱਖ ਤਕਲੀਫ਼ਾਂ ਸਨ, ਉਹ ਅੱਜ ਨਹੀਂ ਹਨ ਅਤੇ ਜੋ ਅੱਜ ਹਨ, ਉਹ ਭਵਿਖ ਵਿਚ ਨਹੀਂ ਹੋਣਗੀਆਂ, ਕਿਉਂਕਿ ਮਨੁੱਖ ਆਖ਼ਰ ਹਰ ਸਮੱਸਿਆ ਦਾ ਹੱਲ ਲੱਭ ਹੀ ਲੈਂਦਾ ਹੈ।

ਪੰਜਾਬੀ ਚਿੰਤਕਾਂ/ਲੇਖਕਾਂ ਵਿਚੋਂ ਗੁਰਬਖਸ਼ ਸਿੰਘ ਪ੍ਰੀਤਲੜੀ ਇਸ ਆਮ ਰੁਝਾਨ ਦੇ ਉਲਟ ਅਜਿਹਾ ਚਿੰਤਕ ਸੀ ਜਿਸ ਨੇ ਭਵਿਖਮੁਖੀ ਸੁਪਨੇ ਲਏ। ਉਹ ਅਜਿਹਾ ਲੇਖਕ ਸੀ ਜੋ ਪਹਿਲਾਂ ਵਰਣਨ ਕੀਤੀ ਆਮ ਪ੍ਰਚਲਿਤ ਧਾਰਨਾ ਦੇ ਉਲਟ ਦੁਨੀਆ ਨੂੰ ਬਿਹਤਰ ਹੋ ਰਹੀ ਤਸੱਵਰ ਕਰਦਾ ਸੀ। ਇਸੇ ਕਰਕੇ ਉਹ ਇਕ ਥਾਂ ਲਿਖਦਾ ਹੈ, ਉਸ ਦੀਆਂ ਅੱਖਾਂ ਹੀ ਤੋੜ ਉਮਰ ਤੀਕ ਕੰਮ ਕਰਨਗੀਆਂ ਜੋ ਦੁਨੀਆ ਨੂੰ ਸੁਹਣੀ ਤੋਂ ਸੁਹਣੇਰੀ ਹੁੰਦੀ ਤਕਦਾ ਹੈ।

ਮੌਜੂਦਾ ਚਿੰਤਨ ਦਾ ਦੂਸਰਾ ਮਸਲਾ ਆਪਣੇ ਵਿਚਾਰਾਂ ਨੂੰ ਅੰਤਿਮ ਸੱਚ ਮੰਨਣ ਦਾ ਹੈ। ਇਕ ਦੂਜੇ ਨਾਲ ਸੰਵਾਦ ਕਰਕੇ ਸਿੱਖਣ ਸਿਖਾਉਣ ਦੀ ਬਜਾਏ ਦੂਜੇ ਨੂੰ ਗ਼ਲਤ ਸਿੱਧ ਕਰਕੇ ਆਪਣਾ ਲੋਹਾ ਮੰਨਵਾਉਣ ਦਾ ਰੁਝਾਨ ਭਾਰੂ ਰਹਿੰਦਾ ਹੈ। ਇਸ ਦੀਆਂ ਜੜ੍ਹਾਂ ਵੀ ਧਾਰਮਿਕ ਸੋਚ ਦੀ ਜਕੜ ਵਿਚ ਪਈਆਂ ਹਨ। ਕਦੇ ਧਾਰਮਿਕ ਲੋਕ ਸ਼ਾਸਤਰਾਥ ਕਰਦੇ ਸਨ, ਉਥੇ ਕਿਸੇ ਸਚਾਈ 'ਤੇ ਪਹੁੰਚਣ ਦੀ ਬਜਾਏ ਦੂਜੇ ਨੂੰ ਬਹਿਸ ਵਿਚ ਹਰਾਉਣਾ ਮੁੱਖ ਮੰਤਵ ਹੁੰਦਾ ਸੀ।

ਕਿਸੇ ਵੀ ਸਾਰਥਿਕ ਬਹਿਸ ਵਿਚਾਰ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਵਿਚਾਰ ਕਰਤਾ ਇਹ ਮੰਨ ਕੇ ਚੱਲਣ ਕਿ ਸੰਪੂਰਨ ਸਚਾਈ ਕਿਸੇ ਕੋਲ ਨਹੀਂ ਹੁੰਦੀ; ਹਰ ਸ਼ਖਸ ਜਾਂ ਸ਼ਖ਼ਸਾਂ ਦੇ ਸਮੂਹ ਕੋਲ ਸਚਾਈ ਦਾ ਇਕ ਟੋਟਾ ਹੁੰਦਾ ਹੈ ਅਤੇ ਦੂਜਿਆਂ ਕੋਲ ਹੋਰ ਟੋਟੇ ਹੋ ਸਕਦੇ ਹਨ। ਸੰਵਾਦ ਦਾ ਮਕਸਦ ਇਹ ਸਾਰੇ ਟੁਕੜੇ ਇਕੱਠੇ ਕਰ ਕੇ ਪੂਰਨ ਸਚਾਈ ਦੇ ਵੱਧ ਤੋਂ ਵੱਧ ਨਜ਼ਦੀਕ ਪਹੁੰਚਣਾ ਹੁੰਦਾ ਹੈ ਪਰ ਜਦ ਆਪਣੇ ਅਧੂਰੇ ਸੱਚ ਨੂੰ ਸੰਪੂਰਨ ਮੰਨ ਕੇ ਬਹਿਸ ਕੀਤੀ ਜਾਂਦੀ ਹੈ ਤਾਂ ਉਹ ਮਸਲਿਆਂ ਦੇ ਹੱਲ ਵੱਲ ਅੱਗੇ ਵਧਣ ਦੀ ਬਜਾਏ ਬਹਿਸ ਕਰਨ ਦੀ ਕਲਾ ਦਾ ਪ੍ਰਗਟਾਵਾ ਮਾਤਰ ਰਹਿ ਜਾਂਦਾ ਹੈ। ਸਾਡੇ ਬਹੁਤ ਸਾਰੇ ਵਿਦਵਾਨ ਇਸ ਕਲਾ ਦੇ ਤਾਂ ਬਹੁਤ ਮਾਹਿਰ ਹਨ ਜਿਸ ਨਾਲ ਉਹ ਆਪਣੀ ਗੱਲ ਜਚਾ ਜਾਂਦੇ ਹਨ ਪਰ ਉਹ ਪਾਠਕ/ਸਰੋਤੇ ਦੀ ਸਮਝ ਵਿਚ ਕੋਈ ਵਾਧਾ ਨਹੀਂ ਕਰਦੇ। ਇਸੇ ਕਰਕੇ ਉਨ੍ਹਾਂ ਦੇ ਵਿਚਾਰਾਂ ਦਾ ਅਸਰ ਸਥਾਈ ਨਹੀਂ ਹੁੰਦਾ।

ਤੀਜਾ ਨੁਕਤਾ ਵਿਦਵਾਨਾਂ ਅਤੇ ਆਮ ਲੋਕਾਂ ਵਿਚਕਾਰ ਵੱਡਾ ਪਾੜਾ ਹੋਣਾ ਹੈ। ਆਮ ਲੋਕਾਂ ਦੇ ਵਿਚਾਰ ਆਪਣੇ ਜੀਵਨ ਤਜਰਬੇ ਵਿਚੋਂ ਬਣਦੇ ਹਨ ਜਦੋਂਕਿ ਵਿਦਵਾਨਾਂ ਦੇ ਵਿਚਾਰ ਉਨ੍ਹਾਂ ਵਲੋਂ ਪੜ੍ਹੀਆਂ ਕਿਤਾਬਾਂ ਵਿਚੋਂ ਬਣੇ ਹੁੰਦੇ ਹਨ। ਦੋਵਾਂ ਦਾ ਆਪੋ ਆਪਣਾ ਮਹੱਤਵ ਹੈ ਪਰ ਜੇ ਦੋਵਾਂ ਦਾ ਆਪਸੀ ਤਾਲਮੇਲ ਨਹੀਂ ਹੁੰਦਾ ਤਾਂ ਇਹ ਸਮਾਜ ਦੇ ਵਿਕਾਸ ਵਿਚ ਕੋਈ ਚੰਗੀ ਭੂਮਿਕਾ ਨਹੀਂ ਨਿਭਾ ਸਕਦੇ। ਜੇ ਭਾਰਤ ਵਿਚ ਵਿਗਿਆਨ ਦਾ ਵਿਕਾਸ ਨਹੀਂ ਹੋਇਆ ਤਾਂ ਇਸ ਪਿੱਛੇ ਵੀ ਇਹ ਤੀਜਾ ਨੁਕਤਾ ਹੀ ਕਾਰਜਸ਼ੀਲ ਸੀ।

ਰਾਜਪਾਲ ਸਿੰਘ

-ਫੋਨ: +91-98767-10809

# ਏਅਰਲਾਈਨਾਂ ਹੁਣ ਯਾਤਰੀਆਂ ਦੀ ਖੱਜਲ-ਖੁਆਰੀ ਨਹੀਂ ਕਰ ਸਕਣਗੀਆਂ

ਹੁਣ ਤੱਕ ਦੁਨੀਆਂ ਭਰ ਵਿੱਚ ਹਵਾਈ ਸਫ਼ਰ ਦੌਰਾਨ ਏਅਰ ਲਾਈਨਾਂ ਭਾਵੇਂ ਉਹ ਘਰੇਲੂ ਉਡਾਣਾਂ ਸਨ ਜਾਂ ਅੰਤਰਰਾਸ਼ਟਰੀ, ਸਭ ਨੇ ਆਪਣੀਆਂ ਮਨ-ਮਰਜ਼ੀਆਂ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਯਾਤਰੀਆਂ ਦੀ ਖੱਜਲ ਖੁਆਰੀ ਵੱਲ ਬਹੁਤੀਆਂ ਏਅਰਲਾਈਨਾਂ ਨੇ ਕੋਈ ਧਿਆਨ ਹੀ ਨਹੀਂ ਦਿੱਤਾ। ਹਵਾਈ ਸਫ਼ਰ 20ਵੀਂ ਸਦੀ ਦੇ ਪਿਛਲੇ ਦਹਾਕਿਆਂ ਦੌਰਾਨ ਦੁਨੀਆਂ ਭਰ ਦੇ ਮੁਲਕਾਂ (ਖਾਸ ਕਰਕੇ ਵਿਕਸਤ ਮੁਲਕਾਂ) ਵਿੱਚ ਏਨਾਂ ਪ੍ਰਚਲਤ ਤੇ ਪਾਪੂਲਰ ਹੋਇਆ ਕਿ ਹਰ ਕੋਈ ਜਹਾਜ਼ੀ ਝੂਟੇ ਲੈਣ ਦੇ ਉਪਰਾਲੇ ਕਰਨ ਲੱਗਾ। ਸਮੁੰਦਰੀ ਸਫ਼ਰ, ਜਿਹੜਾ ਕਿ ਕਈ ਵਾਰ ਮਹੀਨਿਆਂ ਦਾ ਹੁੰਦਾ ਸੀ, ਉਹ ਤੇਜ਼ੀ ਦੇ ਯੁਗ ਵਿੱਚ, ਹਵਾਈ ਸਫ਼ਰ ਨਾਲ ਘੰਟਿਆਂ ਵਿੱਚ ਤਬਦੀਲ ਹੋ ਗਿਆ। ਹਵਾਈ ਸਫ਼ਰ, ਭਾਵੇਂ ਅਰਾਮਦਾਇਕ ਹੈ, ਪਰ ਇਸ ਵਿੱਚ ਯਾਤਰੀਆਂ ਨੂੰ ਆ ਰਹੀਆਂ ਸਮੱਸਿਆ, ਖਾਸ ਕਰਕੇ ਗਰਾਊਂਡ ਦੀਆਂ ਸਮੱਸਿਆ ਨੇ ਯਾਤਰੀਆਂ ਦੇ ਨੱਕ ਵਿੱਚ ਦਮ ਜਰੂਰ ਕਰੀ ਰੱਖਿਆ। ਰਾਤ-ਬਰਾਤੇ ਕੱਲ੍ਹੀ ਕਹਿਰੀ ਔਰਤ, ਦੁਨੀਆ ਦੇ ਕਿਸੇ ਵੀ ਮਹਾਂਨਗਰ ਵਿੱਚ ਔਕੜਾਂ ਦਾ ਸਾਹਮਣਾ ਕਿਵੇਂ ਕਰ ਸਕਦੀ ਹੈ। ਜਦ ਉਹਦੀ ਕੁਨੈਕਟਿੰਗ ਫਲਾਈਟ ਖੁੰਝ ਜਾਵੇ? ਜਾਂ ਫਲਾਈਟ ਕੈਂਸਲ ਹੋ ਜਾਵੇ। ਅਤੀ ਥਕੇਵੇਂ, ਖਾਣ ਪੀਣ ਦਾ ਯੋਗ ਬੰਦੋਬਸਤ ਨਾ ਹੋਣਾ ਜਾਂ ਹੋਟਲ ਦਾ ਪ੍ਰਬੰਧ ਏਅਰਲਾਈਨਾਂ ਵਲੋਂ ਨਾ ਕਰਕੇ ਦੇਣਾ। ਕੱਲ੍ਹੀ ਕਹਿਰੀ ਸਵਾਰੀ ਖਾਸ ਕਰਕੇ ਔਰਤ ਉਹ ਵੀ ਇੱਕ-ਦੋ ਬੱਚਿਆਂ ਨਾਲ ਸਫ਼ਰ ਕਰ ਰਹੀ ਹੋਵੇ। ਉਹ ਆਪਣਾ ਸਮਾਨ ਜਾਂ ਬੱਚੇ ਨੂੰ ਯੋਗ ਸਹੂਲਤ ਨਾ ਮਿਲਣ ਤੇ ਏਅਰਪੋਰਟਾਂ ਤੇ ਕਿਵੇਂ ਰਾਤ ਕੱਟੇਗੀ। ਫਲਾਈਟ ਕੈਂਸਲ ਹੋ ਜਾਣੀ। ਓਵਰ ਬੁਕਿੰਗ, ਫਲਾਈਟ ਲੇਟ ਹੋਣੀ, ਪਰਿਵਾਰ ਲਈ ਸੀਟਾਂ ਅਲੱਗ-ਅਲੱਗ ਹੋਣਾ, ਸਮਾਨ ਕਿਸੇ ਹੋਰ ਫਲਾਈਟ ਰਾਹੀਂ ਜਾਂ ਪਹੁੰਚਣ ਵਿੱਚ ਦੇਰੀ ਹੋ ਜਾਣ, ਅਜਿਹੇ ਮਾਮਲਿਆਂ ਵਿੱਚ ਹਵਾਈ ਕੰਪਨੀਆਂ ਹੁਣ ਆਪਣੀ ਮਨ-ਮਰਜ਼ੀ ਨਹੀਂ ਕਰ ਸਕਣਗੀਆਂ। ਅਜਿਹਾ ਰਾਤੋ-ਰਾਤ ਸੰਭਵ ਨਹੀਂ ਹੋਇਆ। ਹਵਾਈ ਮੁਸਾਫ਼ਰਾਂ ਦੀਆਂ ਚਿਰਾਂ ਤੋਂ ਹੋ ਰਹੀਆਂ ਸ਼ਿਕਾਇਤਾਂ ਕਰਕੇ ਅਜਿਹਾ ਕੀਤਾ ਗਿਆ ਹੈ। ਸਰਕਾਰ ਨੇ ਹੁਣ ਸਖਤ ਨਿਯਮ ਅਖ਼ਤਿਆਰ ਕੀਤੇ ਹਨ। ਏਅਰ ਪੈਸੇਂਜ਼ਰ ਬਿਲ ਆਫ਼ ਰਾਈਟਸ ਬੀਤੇ ਦਿਨ ਤੋਂ ਲਾਗੂ ਕਰ ਦਿੱਤਾ ਗਿਆ ਹੈ। ਜਿਸ ਦੇ ਲਾਗੂ ਹੋਣ ਅਨੁਸਾਰ ਹਰ ਵਿਅਕਤੀ ਬਾਗੋ-ਬਾਗ ਹੈ। ਕਿਉਂਕਿ ਪਛਮੀ ਮੁਲਕਾਂ ਵਿੱਚ ਸਫ਼ਰ ਜ਼ਿਆਦਾ 'ਜਹਾਜ਼ੀ' ਹੀ ਕੀਤਾ ਜਾਂਦਾ ਹੈ। ਹੁਣ ਨਵੇਂ ਕਾਨੂੰਨਾਂ ਮੁਤਾਬਕ ਜੇਕਰ ਯਾਤਰੀ ਦੀ ਦੇਰੀ ਹੋਣ ਨਾਲ ਵਪਾਰਕ ਮੀਟਿੰਗ ਰੱਦ ਕਰਨ ਦੀ ਨੌਬਤ ਆ ਜਾਵੇ ਤਾਂ ਵੀ ਮੁਆਵਜ਼ਾ ਲੈ ਸਕੇਗਾ। 13 ਸਾਲ ਤੱਕ ਦੀ ਉਮਰ ਦੇ ਬੱਚੇ ਨੂੰ ਮਾਪਿਆਂ ਤੋਂ ਦੂਰ ਸੀਟ ਨਹੀਂ ਦਿੱਤੀ ਜਾਵੇਗੀ। ਯਾਤਰੀ ਸ਼ਿਕਾਇਤ ਏਅਰ ਲਾਈਨ ਕੰਪਨੀ ਕੋਲ ਕਰੇਗਾ। ਉਸ ਨੂੰ ਮਹੀਨੇ 'ਚ ਮੁਆਵਜ਼ਾ ਦੇਣਾ ਪਵੇਗਾ। ਜੇਕਰ ਉਹ ਅਜਿਹਾ ਨਾ ਕਰੇ, ਤਾਂ ਯੋਗ ਉੱਤਰ ਵੀ ਮੁਸਾਫ਼ਰ ਨੂੰ ਦੇਣਾ ਪਵੇਗਾ। ਜੇਕਰ ਉਡਾਣ ਲਈ 6 ਘੰਟੇ ਦੀ ਦੇਰੀ ਹੋਈ ਤਾਂ ਕੰਪਨੀ ਨੂੰ ਯਾਤਰੀ 900 ਡਾਲਰ ਤੱਕ ਕਲੇਮ ਕਰ ਸਕੇਗਾ। 9 ਘੰਟੇ ਦੀ ਦੇਰੀ ਕਰਕੇ 2400 ਡਾਲਰ ਤੱਕ ਵੀ ਇਹ ਰਕਮ ਜਾ ਸਕਦੀ ਹੈ।

ਜੇਕਰ ਯਾਤਰੀ ਦਾ ਸਮਾਨ ਵਗੈਰਾ ਗੁੰਮ ਹੋ ਜਾਂਦਾ ਹੈ ਤਾਂ ਕੰਪਨੀ ਨੂੰ 2100 ਡਾਲਰ ਤੱਕ ਦੀ ਰਕਮ ਯਾਤਰੀ ਨੂੰ ਪ੍ਰਦਾਨ ਕਰਨੀ ਪੈ ਸਕਦੀ ਹੈ। ਮੁਸਾਫ਼ਰਾਂ ਦੀ ਸ਼ਿਕਾਇਤ ਲਈ ਹਵਾਈ ਕੰਪਨੀਆਂ ਜਵਾਬਦੇਹ ਹੋਣਗੀਆਂ। ਜਹਾਜ਼ 'ਚ ਪਾਣੀ, ਏ.ਸੀ. ਖਾਣੇ ਦਾ, ਵਾਸ਼ਰੂਮਾਂ ਦਾ ਉਚਿਤ ਪ੍ਰਬੰਧ ਹੋਵੇਗਾ ਅਤੇ ਜੇਕਰ ਜਹਾਜ਼ ਵਿੱਚ ਯਾਤਰੀਆਂ ਨੂੰ ਬੈਠਿਆਂ (ਰਨ ਵੇਅ ਦੌਰਾਨ) ਤਿੰਨ ਘੰਟੇ ਹੋ ਜਾਣ ਤਾਂ ਮੁਸਾਫ਼ਰਾਂ ਨੂੰ ਜਹਾਜ਼ ਤੋਂ ਬਾਹਰ ਜਾਣ ਦਾ ਮੌਕਾ ਤੇ ਲੋੜ ਅਨੁਸਾਰ ਸਹੂਲਤਾਂ ਵੀ ਪ੍ਰਦਾਨ ਕਰਨੀਆਂ ਪੈਣਗੀਆਂ। ਇਸ ਨਵੇਂ ਕਾਨੂੰਨ ਦਾ ਕੁਝ ਹਿੱਸਾ 15 ਦਸੰਬਰ 2019 ਤੋਂ ਲਾਗੂ ਹੋਵੇਗਾ। ਜਿਸ ਅਨੁਸਾਰ ਵੱਡੀਆਂ ਕੰਪਨੀਆਂ 3 ਤੋਂ 6 ਘੰਟੇ ਦੀ ਦੇਰੀ ਲਈ ਯਾਤਰੀ ਨੂੰ 400 ਡਾਲਰ ਦੇਣਗੀਆਂ। 9 ਘੰਟੇ ਦੀ ਦੇਰੀ ਲਈ 700 ਤੇ ਇਸ ਤੋਂ ਵੱਧ ਲਈ 900 ਡਾਲਰ ਦੀ ਰਕਮ ਦੇਣਗੀਆਂ। ਛੋਟੀਆਂ ਕੰਪਨੀਆਂ ਲਈ ਕ੍ਰਮਵਾਰ 125, 250 ਤੇ 500 ਡਾਲਰ ਤੱਕ ਹੋਵੇਗੀ। ਇਸ ਦਿਨ ਤੋਂ 3 ਘੰਟੇ ਦੀ ਦੇਰੀ ਤੇ ਯਾਤਰੀ ਲਈ ਅਗਲੀ ਉਡਾਨ ਜਾਂ ਰੀਬੁੱਕ ਦੀ ਸਹੂਲਤ ਵੀ ਦੇਣੀ ਪਵੇਗੀ। ਇਹ ਕਾਨੂੰਨ ਦੀ ਮਹੱਤਤਾ ਨੂੰ ਸਮਝਦਿਆਂ ਪ੍ਰਮੁੱਖ ਹਵਾਈ ਕੰਪਨੀਆਂ, ਜਿਸ ਦੀਆਂ ਏਅਰ ਕੈਨੇਡਾ, ਏਅਰ ਇੰਡੀਆ ਸਮੇਤ 290 ਕੰਪਨੀਆਂ ਹਨ, ਨੇ ਅਪਾਣੀ ਐਸੋਸ਼ੀਏਸ਼ਨ ਇੰਟਰਨੈਸ਼ਨਲ ਏਅਰ ਟਰਾਂਸਪੋਰਟ (ਆਇਨ) ਰਾਹੀਂ ਫੈਡਰਲ ਕੋਰਟ ਆਫ਼ ਅਪੀਲ ਕੋਲ ਕੇਸ ਦਾਇਰ ਕਰ ਦਿੱਤਾ ਹੈ। ਇਹ ਕਾਨੂੰਨ ਲਾਗੂ ਹੋਣ ਨਾਲ ਹਵਾਈ ਸਫ਼ਰ ਦੇ ਯਾਤਰੀਆਂ ਨੂੰ ਬੜੀ ਵੱਡੀ ਰਾਹਤ ਮਿਲ ਸਕਦੀ ਹੈ। ਕਿਉਂਕਿ ਕਿਸੇ ਵੀ ਯਾਤਰੀ ਨੂੰ ਆਪਣੇ ਨਿਸ਼ਾਨੇ ਤੇ ਪੁੱਜਣ 'ਚ ਅਨਿਸ਼ਚਤਾਂ ਦੀ ਸਥਿਤੀ ਹੀ ਬਣੀ ਰਹਿੰਦੀ ਸੀ। ਹੁਣ ਘੱਟੋ-ਘੱਟ ਜੇਕਰ ਹਵਾਈ ਕੰਪਨੀ ਕੋਈ ਗਲਤੀ ਕਰੇਗੀ ਤਾਂ ਯਾਤਰੀ ਨੂੰ ਚਾਰ ਪੈਸੇ ਆਉਣ ਦੀ ਉਮੀਦ ਤਾਂ ਹੋਵੇਗੀ ਹੀ। ਹਵਾਈ ਕੰਪਨੀਆਂ ਵੀ ਅਨੁਸ਼ਾਸਨ ਦੀਆਂ ਪਾਬੰਦ ਹੋਣਗੀਆਂ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X
ਚੇਅਰਮੈਨ : ਦੀਪਕ ਬਾਂਸਲ
ਮੁੱਖ ਸੰਪਾਦਕ : ਸ਼ਰਨਜੀਤ ਸਿੰਘ ਥਿੰਦ
ਉਪ ਸੰਪਾਦਕ : ਗਗਨਦੀਪ ਸਿੰਘ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ ਵੈਬ
ਫੋਟੋਗ੍ਰਾਫਰ : ਹਮਾਦ
ਕੋਆਰਡੀਨੇਟਰ : ਹਰਪ੍ਰੀਤ ਸਿੰਘ

Published by Punjabi Duniya.Com LLC

ਪਤਾ :
P.O Box 7005 Hicksville New York 11801

Phone: 917 612 3158 , 516 304 8808
punjabiduniya@gmail.com
www.punjabiduniya.com

**Disclaimer** punjabiduniya@gmail.com is a weekly newspaper published every week by punjabiduniya@gmail.com. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in punjabiduniya@gmail.com do not necessarily reflect the opinions, beliefs and viewpoints of the Editor. All advertisers advertising in punjabiduniya@gmail.com assume responsibility for accuracy of their advertisements. punjabiduniya@gmail.com and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

**ਬਰਤਾਨੀਆ ਵਿਚ ਰਹਿ ਕੇ ਬੰਦਾ ਆਪਣੀ ਨਿੱਜੀ ਥਾਂ (ਸਪੇਸ)/ਜ਼ਿੰਦਗੀ, ਇਕਾਂਤ/ਓਟ ਨੂੰ ਮਾਣ ਕੇ ਖ਼ੁਸ਼ੀ ਲੈਂਦਾ ਹੈ। ਤੁਸੀਂ ਚਾਹੋ ਤਾਂ ਕੋਈ ਦੂਸਰਾ ਤੁਹਾਡੀ ਨਿੱਜੀ ਜ਼ਿੰਦਗੀ ਵਿਚ ਦਖ਼ਲਅੰਦਾਜ਼ੀ ਨਹੀਂ ਕਰ ਸਕਦਾ। ਤੁਸੀਂ ਕੀ ਖਾਂਦੇ-ਪੀਂਦੇ ਹੋ, ਕੀਹਨੂੰ ਮਿਲਦੇ ਹੋ, ਕੀਹਦੇ ਨਾਲ ਤੁਹਾਡਾ ਕੀ ਵਾਸਤਾ ਹੈ, ਇਹ ਕਿਸੇ ਦੂਜੇ ਦੇ ਜਾਣਨ/ਪੁੱਛਣ ਦੀ ਗੱਲ ਨਹੀਂ। ਭਾਰਤ ਵਿਚ ਤੁਹਾਡੀ ਜ਼ਿੰਦਗੀ ਵਿਚ ਦੂਜਿਆਂ ਦੀ ਦਖ਼ਲਅੰਦਾਜ਼ੀ ਬਹੁਤ ਹੈ। ਸਮਾਜ, ਗੁਆਂਢੀਆਂ, ਰਿਸ਼ਤੇਦਾਰਾਂ ਦੀ। ਲੋਕ ਆਪ ਜੋ ਮਰਜ਼ੀ ਕਰੀ ਜਾਣ, ਪਰ ਤੁਹਾਡੇ 'ਤੇ ਕਿੰਤੂ-ਪ੍ਰੰਤੂ ਕਰਨਾ ਨਹੀਂ ਛੱਡਦੇ। ਧਰਮ, ਸਿਆਸਤ ਅਤੇ ਅਖੌਤੀ ਨੈਤਿਕਤਾ ਤੁਹਾਡੀ ਜ਼ਿੰਦਗੀ ਵਿਚ ਖਲਲ ਪਾ ਸਕਦੀ ਹੈ।**




ਪੰਛੀਆਪਣਾ ਚੋਗਾ ਚੁਗ ਕੇ ਸ਼ਾਮੀਂ ਆਪਣੇ ਆਲ੍ਹਣਿਆਂ ਵਿਚ ਪਰਤ ਆਉਂਦੇ ਨੇ। ਕੁਝ ਪੰਛੀ ਰੁੱਤਾਂ ਦੇ ਬਦਲਣ ਨਾਲ ਹਜ਼ਾਰਾਂ ਮੀਲਾਂ ਦਾ ਸਫ਼ਰ ਤੈਅ ਕਰਕੇ ਦੂਰ-ਦੁਰਾਡੇ ਥਾਵਾਂ/ਦੇਸ਼ਾਂ ਵੱਲ ਚੋਗਾ ਚੁਗਣ ਲਈ ਉਡਾਰੀਆਂ ਭਰਦੇ ਹਨ। ਫਿਰ ਆਪਣਾ ਮੰਤਵ ਪ੍ਰਾਪਤ ਕਰਨ ਬਾਅਦ ਆਪਣੇ ਘਰੀਂ ਪਰਤ ਆਉਂਦੇ ਹਨ, ਪਰ ਆਪਣੀ ਜਨਮ ਭੋਇੰ ਛੱਡ ਕੇ ਪਰਦੇਸਾਂ ਵਿਚ ਗਏ ਭਾਰਤੀ ਮੂਲ ਦੇ ਪਰਵਾਸੀ ਭਾਰਤੀ ਵਤਨ ਨਹੀਂ ਪਰਤਦੇ। ਇਹ ਵਿਚਾਰਨ ਵਾਲੀ ਗੱਲ ਹੈ।

ਦੁਨੀਆਂ ਦਾ ਇਤਿਹਾਸ ਇਕ ਮੁਲਕ ਦੇ ਵਸਨੀਕਾਂ ਵੱਲੋਂ ਦੂਜੇ ਮੁਲਕਾਂ ਵਿਚ ਜਾ ਕੇ ਕੰਮ ਕਰਨ/ਪੈਸੇ ਕਮਾਉਣ ਦੀਆਂ ਉਦਾਹਰਣਾਂ ਨਾਲ ਭਰਿਆ ਪਿਆ ਹੈ। ਇਕੋ ਮੁਲਕ ਦੇ ਵਸਨੀਕਾਂ ਵੱਲੋਂ ਆਪਣੇ ਹੀ ਦੇਸ਼ ਦੇ ਦੂਜੇ ਖਿੱਤਿਆਂ/ਸੂਬਿਆਂ ਵਿਚ ਜਾ ਕੇ ਕੰਮ ਕਰਨ ਤੇ ਵਸਣ ਦਾ ਸਿਲਸਿਲਾ ਤਾਂ ਆਮ ਵਰਤਾਰਾ ਹੈ।

ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਕੈਨੇਡਾ ਤੇ ਬਰਤਾਨੀਆ ਵੱਲ ਭਾਰਤੀ ਨੌਜਵਾਨਾਂ ਦੇ ਅੰਨ੍ਹੇਵਾਹ ਅਜੋਕੇ ਕੂਚ ਦਾ ਵਿਸ਼ਲੇਸ਼ਣ ਹਾਲ ਦੀ ਘੜੀ ਪਾਸੇ ਛੱਡਦਿਆਂ, ਪਿਛਲੀ ਸਦੀ ਦੇ 60ਵਿਆਂ ਵਿਚ ਭਾਰਤ ਤੋਂ ਬਰਤਾਨੀਆ/ਕੈਨੇਡਾ ਵੱਲ ਸਿਰਫ਼ ਪੈਸੇ ਕਮਾਉਣ ਦੇ ਟੀਚੇ ਨਾਲ ਗਏ ਭਾਰਤੀਆਂ, ਖ਼ਾਸਕਰ ਪੰਜਾਬੀਆਂ ਦੀ ਦਾਸਤਾਨ ਦਾ ਲੇਖਾ-ਜੋਖਾ ਕਰੀਏ। ਇਹ ਪੰਜਾਬੀ ਜ਼ਾਹਿਰ ਤੌਰ 'ਤੇ ਵਲਾਇਤ ਗਏ ਕਿ ਇਕ ਖ਼ੁਸ਼ਹਾਲ ਵਿਕਸਿਤ ਮੁਲਕ ਵਿਚ ਕੁਝ ਪੈਸੇ ਕਮਾਵਾਂਗੇ ਤੇ ਫਿਰ ਆਪਣੇ ਵਤਨ ਪਰਤ ਕੇ ਉਸ ਕਮਾਏ ਪੈਸੇ ਨਾਲ ਆਪਣੇ ਮੁਲਕ ਵਿਚ ਹੀ ਖ਼ੁਸ਼ਹਾਲੀ ਲਿਆਵਾਂਗੇ ਅਤੇ ਮੌਜਾਂ ਕਰਾਂਗੇ।

ਤੱਥ ਗਵਾਹ ਹਨ ਕਿ ਇਨ੍ਹਾਂ ਪੰਜਾਬੀਆਂ ਨੇ ਵਲਾਇਤ ਵਿਚ ਜਾ ਕੇ ਹੱਡ-ਭੰਨਵੀਂ ਮਿਹਨਤ ਕੀਤੀ। ਓਵਰ ਟਾਈਮ ਲਾਏ। ਪੈਸੇ ਇਕੱਠੇ ਕਰਨ ਲਈ ਦਿਨ-ਰਾਤ ਇਕ ਕੀਤਾ। ਚੋਖੇ ਪੈਸੇ ਕਮਾਏ। ਆਪ ਕਠਿਨਾਈਆਂ ਝੱਲ ਕੇ ਪਿੰਡ ਵਾਲਿਆਂ ਨੂੰ ਆਪਣੀ ਕਮਾਈ ਦਾ ਬਹੁਤਾ ਹਿੱਸਾ ਭੇਜਿਆ। ਭਾਰਤ ਵਿਚਲੀ 'ਅੰਨ ਦੀ ਤੋਟ' ਦਾ ਫਾਹਾ ਵੱਢਿਆ। ਹਰੇ ਇਨਕਲਾਬ ਦੇ ਅਲੰਬਰਦਾਰ ਬਣੇ, ਪਰ ਹੈਰਾਨੀ ਦੀ ਗੱਲ ਹੈ ਕਿ ਚਾਹੁੰਦੇ ਹੋਏ ਵੀ ਆਪਣੇ ਇਕਰਾਰ ਮੁਜਬ ਇਨ੍ਹਾਂ ਪਰਵਾਸੀਆਂ ਵਿਚੋਂ ਇਕ ਫ਼ੀਸਦੀ ਵੀ ਵਾਪਸ ਨਹੀਂ ਆਏ। ਜਿਹੜੇ ਮੁੜੇ ਵੀ ਜਾਂ ਜਿਨ੍ਹਾਂ ਨੇ ਵਾਪਸ ਭਾਰਤ ਵਿਚ ਪੈਰ ਜਮਾਉਣ ਦੇ ਯਤਨ ਕੀਤੇ ਉਹ ਬੇਰੰਗ ਖ਼ਤ ਵਾਂਗ ਵਾਪਸ ਵਲਾਇਤ ਚਲੇ ਆਏ। ਇਹ ਕਿੰਝ ਹੋ ਗਿਆ ? ਕਿਉਂ ਨਹੀਂ ਮੁੜੇ ਇਹ ਪਰਵਾਸੀ ਪੰਜਾਬੀ ?

ਦਰਅਸਲ, 60ਵਿਆਂ ਵਿਚ ਬਰਤਾਨੀਆ ਨੂੰ ਵਿਦੇਸ਼ੀ ਕਾਮਿਆਂ ਦੀ ਲੋੜ ਸੀ। ਬਹੁਤੇ ਪੰਜਾਬੀ/ਭਾਰਤੀ 'ਕੰਮ ਕਰਨ ਦੇ ਪਰਮਿਟਾਂ' ਦੀ ਸਕੀਮ ਰਾਹੀਂ ਬਰਤਾਨੀਆ ਗਏ। ਇਸ ਸਿਲਸਿਲੇ ਵਿਚ ਦੁਆਬਾ ਖਿੱਤੇ ਦੇ ਪੰਜਾਬੀ ਮੋਹਰੀ ਸਨ। ਮੁੱਖ ਤੌਰ 'ਤੇ ਪੈਸੇ ਕਮਾ ਕੇ ਆਪਣੇ ਵਤਨ ਪਰਤਣ ਦੇ ਇਰਾਦੇ ਨਾਲ ਬਾਹਰ ਗਏ ਇਨ੍ਹਾਂ ਪੰਜਾਬੀਆਂ ਨੂੰ ਨਹੀਂ ਸੀ ਪਤਾ ਕਿ ਉਨ੍ਹਾਂ ਦਾ ਜੀਵਨ ਵਲਾਇਤ ਵਿਚ ਕਿਹੋ ਜਿਹਾ ਹੋਵੇਗਾ ਅਤੇ ਉਨ੍ਹਾਂ ਦੇ ਉੱਥੇ ਰਹਿਣ ਦੀਆਂ ਕੀ ਸੰਭਾਵਨਾਵਾਂ ਹੋਣਗੀਆਂ। ਇਹ ਪੰਜਾਬੀ 'ਕੱਲੇ-'ਕਹਿਰੇ ਹੀ ਆਪਣੇ ਟੱਬਰਾਂ ਨੂੰ ਛੱਡ ਕੇ ਵਤਨੋਂ ਗਏ ਸਨ। ਇਨ੍ਹਾਂ ਨੂੰ ਪਤਾ ਨਹੀਂ ਸੀ ਕਿ ਇਨ੍ਹਾਂ ਦੇ ਟੱਬਰਾਂ ਦਾ ਭਵਿੱਖ ਵੀ ਕਿਹੋ ਜਿਹਾ ਹੋਵੇਗਾ।

ਪਹਿਲੇ ਪੂਰ ਦੇ ਇਨ੍ਹਾਂ ਪਰਵਾਸੀਆਂ ਦਾ ਜੀਵਨ ਬਹੁਤ ਹੀ ਸੰਘਰਸ਼ਪੂਰਨ ਸੀ। ਇਨ੍ਹਾਂ ਨੇ ਨਵੇਂ ਮੁਲਕਾਂ ਦੀ ਬੋਲੀ ਤੇ ਤਹਿਜ਼ੀਬ ਨਾਲ ਨਜਿੱਠਿਆ। ਜਾਨ ਤੋੜ ਕੇ ਕੰਮ ਕੀਤਾ। ਆਪ ਤੰਗੀਆਂ ਕੱਟ ਕੇ ਪਿਛਲਿਆਂ ਨੂੰ ਸੁਖਾਲੇ ਕਰਨ ਲਈ ਪੈਸੇ ਭੇਜੇ। ਨਵੇਂ ਮੁਲਕ ਦੇ ਮੌਸਮਾਂ ਦਾ ਗੁੱਸਾ ਸਹਿਆ। ਰਹਿਣ ਦੇ ਹਾਲਾਤ ਮੰਦੇ ਸਨ। ਨਸਲੀ ਵਿਤਕਰੇ ਦਾ ਸਾਹਮਣਾ ਕੀਤਾ। ਅੰਗਰੇਜ਼ ਲੋਕ ਇਨ੍ਹਾਂ ਪਰਵਾਸੀਆਂ ਨੂੰ ਕਿਰਾਏ 'ਤੇ ਮਕਾਨ ਦੇ ਕੇ ਰਾਜ਼ੀ ਨਹੀਂ ਸਨ। ਇਕ-ਇਕ ਕਮਰੇ ਵਿਚ ਦਸ-ਦਸ ਬੰਦੇ ਰਹੇ। ਅਨੇਕਾਂ ਦੁਸ਼ਵਾਰੀਆਂ ਬਰਦਾਸ਼ਤ ਕਰਕੇ ਪਿਛਲਿਆਂ ਦਾ ਖਿਆਲ ਰੱਖਿਆ।

ਵਕਤ ਪੈਣ ਨਾਲ ਇਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਬਰਤਾਨੀਆ ਵਿਚ ਲੰਮੇ ਸਮੇਂ ਲਈ ਰਹਿਣ ਦੀ ਇਜਾਜ਼ਤ ਮਿਲਣ ਲੱਗੀ। ਬੰਦੇ ਪੱਕੇ ਹੋਣ ਲੱਗੇ। ਇਹ ਵਤਨ ਨਾ ਮੁੜਨ ਦੇ ਸਿਲਸਿਲੇ ਦੀ ਸ਼ੁਰੂਆਤ ਸੀ। ਫਿਰ ਹੌਲੀ ਹੌਲੀ ਇਨ੍ਹਾਂ ਪਰਵਾਸੀਆਂ ਨੂੰ ਟੱਬਰ ਮੰਗਵਾਉਣ ਦੀ ਆਗਿਆ ਵੀ ਮਿਲਣ ਲੱਗੀ। ਪਿੰਡਾਂ ਵਿਚ ਇੰਤਜ਼ਾਰ ਕਰਦੀਆਂ ਪਤਨੀਆਂ ਅਤੇ ਬੱਚੇ ਵਲਾਇਤ ਪੁੱਜਣ ਲੱਗੇ। ਇਹ ਮਿਹਨਤਕਸ਼ ਪੰਜਾਬੀ ਆਪਣੇ ਘਰ ਖਰੀਦਣ ਲੱਗੇ। ਬੱਚੇ ਵਲਾਇਤ ਦੇ ਸਕੂਲੀਂ ਜਾਣ ਲੱਗੇ। ਪਤਨੀਆਂ ਨੂੰ ਵੀ ਕੰਮ ਮਿਲਣ ਲੱਗਾ। ਇਉਂ ਗ਼ੈਰ ਮੁਲਕਾਂ ਵਿਚ ਇਨ੍ਹਾਂ ਪਰਵਾਸੀਆਂ ਦੇ ਪੈਰ ਜੰਮਣ ਲੱਗੇ। ਹੁਣ ਇਨ੍ਹਾਂ ਪੰਜਾਬੀਆਂ ਦਾ ਵਲਾਇਤ ਨਾਲ ਨਾਤਾ ਜੁੜਨ ਲੱਗਿਆ। ਇਹ ਉਹੀ ਪਰਵਾਸੀ ਸਨ ਜਿਹੜੇ ਰਹਿੰਦੇ ਵਲਾਇਤ ਵਿਚ ਸਨ, ਪਰ ਸੁਪਨੇ ਭਾਰਤ ਦੇ ਲੈਂਦੇ ਸਨ। ਇਹ ਵੀ ਕਿਹਾ ਕਰਦੇ ਸਨ ਕਿ ਮਰਾਂਗੇ ਤਾਂ ਇੰਡੀਆ ਹੀ; ਸਾਡੇ ਫੁੱਲ ਵੀ ਉੱਥੇ ਹੀ ਪੈਣਗੇ।

ਹੁਣ ਤਕ ਪਰਵਾਸੀ ਪੰਜਾਬੀਆਂ ਦੀ ਚੌਥੀ ਪੀੜ੍ਹੀ ਵੀ ਸਾਹਮਣੇ ਆ ਚੁੱਕੀ ਹੈ, ਪਰ ਨਾ ਤਾਂ ਪਹਿਲੀ ਪੀੜ੍ਹੀ ਦੇ ਪਰਵਾਸੀ ਵਾਪਸ ਮੁੜੇ ਤੇ ਨਾ ਹੀ ਅਗਲੀਆਂ ਪੀੜ੍ਹੀਆਂ ਦੇ। ਇੱਥੋਂ ਤਕ ਕਿ ਪਹਿਲੀ/ਦੂਜੀ ਪੀੜ੍ਹੀ ਆਪਣੀ ਸੇਵਾਮੁਕਤੀ ਕੱਟਣ ਲਈ ਵੀ ਇੰਡੀਆ ਨਹੀਂ ਜਾ ਰਹੀ। ਜਿਨ੍ਹਾਂ ਬੱਚਿਆਂ ਦਾ ਜਨਮ ਵਲਾਇਤ ਵਿਚ ਹੋਇਆ ਹੈ ਉਨ੍ਹਾਂ ਦਾ ਭਾਰਤ ਨਾਲ ਦੂਰ ਦਾ ਨਾਤਾ ਬਣ ਰਿਹਾ ਹੈ, ਭਾਵੇਂ ਉਹ ਆਪਣੀ ਸ਼ਨਾਖਤ ਤੋਂ ਮੁਨਕਰ ਨਹੀਂ ਹਨ। ਪਹਿਲੀ ਪੀੜ੍ਹੀ ਵਿਚੋਂ ਬਹੁਤੀ ਤਾਂ ਰੱਬ ਨੂੰ ਪਿਆਰੀ ਹੋ ਚੁੱਕੀ ਹੈ ਤੇ ਬਾਕੀ ਦੀ ਹੌਲੀ ਹੌਲੀ ਕਿਰ ਰਹੀ ਹੈ। ਇਹ ਭਾਵੇਂ ਪਾਰਕਾਂ ਦੇ ਬੈਂਚਾਂ 'ਤੇ ਬਹਿ ਕੇ ਆਪਣੇ ਗਰਾਵਾਂ ਦੀਆਂ ਗੱਲਾਂ ਅਜੇ ਵੀ ਕਰਦੇ ਹਨ, ਪਰ ਕੋਈ ਆਪਣੇ ਪਿੰਡ ਪਰਤ ਕੇ ਰਾਜ਼ੀ ਨਹੀਂ।

ਦੁਨੀਆਂ ਦੇ ਕੁਝ ਮੁਲਕ ਬਾਹਰਲਿਆਂ ਨੂੰ ਨੌਕਰੀਆਂ ਤਾਂ ਦੇ ਦਿੰਦੇ ਹਨ, ਕੱਚੀ ਠਹਿਰ ਵੀ, ਪਰ ਉਹ ਕੌਮੀਅਤ/ਪਾਸਪੋਰਟ ਨਹੀਂ ਦਿੰਦੇ। ਅਜਿਹੇ ਲੋਕ ਇਨ੍ਹਾਂ ਮੁਲਕਾਂ ਵਿਚ ਦਿਲ ਨਹੀਂ ਲਾਉਂਦੇ। ਪਰਵਾਸੀ ਭਾਰਤੀਆਂ ਕੋਲ ਬਰਤਾਨਵੀ ਕੌਮੀਅਤ ਅਤੇ ਪਾਸਪੋਰਟ ਲੈਣ ਦੀ ਸਹੂਲਤ ਹੈ। ਪੱਕੀ ਜ਼ਿੰਦਗੀ ਜਿਉਣ ਦਾ ਮਾਹੌਲ ਹੈ। ਪਿਛਲੇ ਸੱਠ ਸਾਲਾਂ ਵਿਚ ਪਰਵਾਸੀਆਂ ਦੇ ਹਵਾਲੇ ਨਾਲ ਬਰਤਾਨੀਆ ਦੇ ਹਾਲਾਤ ਵਿਚ ਬਹੁਤ ਫ਼ਰਕ ਆਇਆ ਹੈ। ਹੁਣ ਪਰਵਾਸੀ ਭਾਰਤੀ ਬਰਤਾਨੀਆ ਦੇ ਹਰ ਖਿੱਤੇ ਵਿਚ ਵਧੀਆ ਭੂਮਿਕਾ ਨਿਭਾਅ ਰਹੇ ਹਨ। ਇਕ ਵੀ ਖੇਤਰ ਨਹੀਂ ਜਿੱਥੇ ਭਾਰਤੀ ਮੂਲ ਦੇ ਲੋਕ ਸਰਗਰਮ ਨਹੀਂ। ਭਾਰਤੀ ਮੂਲ ਵਾਸੀਆਂ ਦਾ ਕਾਫ਼ੀ ਹਿੱਸਾ ਅਜੇ ਵੀ ਹੈ ਜਿਹੜਾ ਭਾਰਤ ਮੁੜ ਜਾਣ ਦੀ ਗੱਲ ਕਰਦਾ ਹੈ ਜਾਂ ਚਾਹੁੰਦਾ ਵੀ ਹੈ, ਖ਼ਾਸ ਕਰਕੇ ਲੋਕ ਆਪਣੀ ਸੇਵਾਮੁਕਤੀ ਬਾਅਦ ਦਾ ਸਮਾਂ ਆਪਣੀ ਜਨਮ ਭੂਮੀ ਵਿਚ ਗੁਜ਼ਾਰਨਾ ਚਾਹੁੰਦੇ ਹਨ। ਪਰ ਇਹ ਵਰਗ ਇੰਡੀਆ ਵਿਚ ਰਹਿਣ ਤੋਂ ਡਰਦਾ ਅਤੇ ਘਬਰਾਉਂਦਾ ਹੈ। ਇੰਗਲੈਂਡ ਵਿਚ ਵਸ ਗਏ ਭਾਰਤੀਆਂ ਕੋਲ 'ਓਵਰਸੀਜ਼ ਸਿਟੀਜ਼ਨ ਆਫ ਇੰਡੀਆ' (ਇਕ ਤਰ੍ਹਾਂ ਨਾਲ ਭਾਰਤੀ ਕੌਮੀਅਤ) ਬਣਨ ਦੀ ਸਹੂਲਤ ਵੀ ਹੈ। ਇਸ ਦਾ ਭਾਵ ਹੈ ਕਿ ਭਾਰਤੀ ਮੂਲ ਦਾ ਕੋਈ ਵੀ ਬਰਤਾਨਵੀ ਸ਼ਹਿਰੀ ਅਣਮਿੱਥੇ ਸਮੇਂ ਲਈ ਭਾਰਤ ਵਿਚ ਰਹਿ ਸਕਦਾ ਹੈ ਅਤੇ ਕੰਮ ਵੀ ਕਰ ਸਕਦਾ ਹੈ ਭਾਵੇਂ ਕੁਝ ਹੋਰ ਬੰਦਸ਼ਾਂ ਵੀ ਹਨ। ਫਿਰ ਵੀ ਪਰਵਾਸੀ ਭਾਰਤੀ ਭਾਰਤ ਵਿਚ ਮੁੜਨ ਜਾਂ ਰਹਿਣ ਲਈ ਅੱਗੇ ਨਹੀਂ ਆਉਂਦੇ।

ਜਿਹੜੀ ਚੀਜ਼ ਤੋਂ ਪਰਵਾਸੀ ਭਾਰਤੀ ਸਭ ਤੋਂ ਵੱਧ ਤ੍ਰਭਕਦੇ ਹਨ, ਉਹ ਹੈ ਭਾਰਤ ਦਾ ਦਫ਼ਤਰੀ ਸਿਲਸਿਲਾ (ਪ੍ਰਸ਼ਾਸਨ)। ਬਰਤਾਨੀਆ ਦੀ ਬਾਬੂ ਜਮਾਤ ਦਾ ਰਵੱਈਆ ਅਤੇ ਕੰਮ ਕਰਨ ਦਾ ਤਰੀਕਾ ਭਾਰਤ ਦੀ ਬਾਬੂ ਜਮਾਤ ਤੋਂ ਕਿਤੇ ਬਿਹਤਰ ਹੈ। ਜਿਆਦਾਤਰ ਭਾਰਤੀ ਬਾਬੂ ਤੁਹਾਨੂੰ ਤੰਗ ਕਰਕੇ ਖ਼ੁਸ਼ੀ ਲੈਂਦੇ ਹਨ ਜਦੋਂਕਿ ਵਲਾਇਤੀ ਦਫ਼ਤਰੀ ਅਮਲਾ ਤੁਹਾਨੂੰ ਪ੍ਰੇਸ਼ਾਨ ਨਹੀਂ ਕਰਦਾ। ਭਾਰਤੀ ਬਾਬੂ ਆਪਣੀ ਤਾਕਤ ਨੂੰ ਨਾਕਾਰਾਤਮਕ ਤਰੀਕੇ ਨਾਲ ਵਰਤਦੇ ਹਨ ਜਦੋਂਕਿ ਬਰਤਾਨਵੀ ਦਫ਼ਤਰੀ ਢਾਂਚਾ ਅਜੇ ਵੀ ਬਹੁਤ ਹੱਦ ਤਕ ਸੇਵਾ ਭਾਵ ਵਾਲਾ ਹੈ। ਯੂਕੇ ਤੋਂ ਭਾਰਤ ਗਿਆ ਪਰਵਾਸੀ ਦਫ਼ਤਰੀ ਪ੍ਰਬੰਧਾਂ ਤੋਂ ਉਕਤਾ ਜਾਂਦਾ ਹੈ। ਦਫ਼ਤਰਾਂ ਦੇ ਗੇੜੇ ਕੱਢਦਾ ਅੱਕ ਜਾਂਦਾ ਹੈ। ਇਸ ਨੁਕਤੇ ਦੇ ਹਵਾਲੇ ਨਾਲ ਹੀ ਬਰਤਾਨੀਆ ਵਿਚ ਕੰਮ-ਕਾਰ ਕਰਵਾਉਣ ਲਈ ਵੱਢੀ ਦੇਣ/ਲੈਣ ਦਾ ਕੋਈ ਸਿਲਸਿਲਾ ਨਹੀਂ। ਜੇ ਕਿਤੇ ਹੋਵੇਗਾ ਵੀ ਤਾਂ ਆਟੇ ਵਿਚ ਲੂਣ ਦੇ ਬਰਾਬਰ ਵੀ ਨਹੀਂ। ਭਾਰਤ ਵਿਚ ਹੁਣ ਬਿਨਾਂ ਵੱਢੀ ਦਿੱਤੇ ਬਿਨਾਂ ਕੰਮ ਹੋਣਾ ਹੁਣ ਗੁਜ਼ਰੇ ਵਕਤਾਂ ਦੀ ਗੱਲ ਜਾਪਦਾ ਹੈ। ਬਰਤਾਨੀਆ ਵਿਚ ਤੁਹਾਨੂੰ ਤੁਹਾਡੇ ਗੁਆਂਢ/ਮੁਹੱਲੇ ਜਾਂ ਸ਼ਹਿਰ ਵਿਚ ਰਹਿੰਦੇ ਕਿਸੇ ਥਾਣੇਦਾਰ, ਜੱਜ, ਸਿਆਸਤਦਾਨ, ਮੌਲਵੀ, ਪਟਵਾਰੀ, ਬਦਮਾਸ਼ ਤੋਂ ਡਰਨ ਦੀ ਲੋੜ ਨਹੀਂ। ਕੋਈ ਨਾਗਰਿਕ ਪੁਲੀਸ ਵਾਲਿਆਂ ਨਾਲ ਗੱਲ ਕਰਨ ਤੋਂ ਨਹੀਂ ਘਬਰਾਉਂਦਾ।

ਬਰਤਾਨੀਆ ਵਿਚ ਰਹਿ ਕੇ ਬੰਦਾ ਆਪਣੀ ਨਿੱਜੀ ਥਾਂ (ਸਪੇਸ)/ਜ਼ਿੰਦਗੀ, ਇਕਾਂਤ/ਓਟ ਨੂੰ ਮਾਣ ਕੇ ਖ਼ੁਸ਼ੀ ਲੈਂਦਾ ਹੈ। ਤੁਸੀਂ ਚਾਹੋ ਤਾਂ ਕੋਈ ਦੂਸਰਾ ਤੁਹਾਡੀ ਨਿੱਜੀ ਜ਼ਿੰਦਗੀ ਵਿਚ ਦਖ਼ਲਅੰਦਾਜ਼ੀ ਨਹੀਂ ਕਰ ਸਕਦਾ। ਤੁਸੀਂ ਕੀ ਖਾਂਦੇ-ਪੀਂਦੇ ਹੋ, ਕੀਹਨੂੰ ਮਿਲਦੇ ਹੋ, ਕੀਹਦੇ ਨਾਲ ਤੁਹਾਡਾ ਕੀ ਵਾਸਤਾ ਹੈ, ਇਹ ਕਿਸੇ ਦੂਜੇ ਦੇ ਜਾਣਨ/ਪੁੱਛਣ ਦੀ ਗੱਲ ਨਹੀਂ। ਭਾਰਤ ਵਿਚ ਤੁਹਾਡੀ ਜ਼ਿੰਦਗੀ ਵਿਚ ਦੂਜਿਆਂ ਦੀ ਦਖ਼ਲਅੰਦਾਜ਼ੀ ਬਹੁਤ ਹੈ। ਸਮਾਜ, ਗੁਆਂਢੀਆਂ, ਰਿਸ਼ਤੇਦਾਰਾਂ ਦੀ। ਲੋਕ ਆਪ ਜੋ ਮਰਜ਼ੀ ਕਰੀ ਜਾਣ, ਪਰ ਤੁਹਾਡੇ 'ਤੇ ਕਿੰਤੂ-ਪ੍ਰੰਤੂ ਕਰਨਾ ਨਹੀਂ ਛੱਡਦੇ। ਧਰਮ, ਸਿਆਸਤ ਅਤੇ ਅਖੌਤੀ ਨੈਤਿਕਤਾ ਤੁਹਾਡੀ ਜ਼ਿੰਦਗੀ ਵਿਚ ਖਲਲ ਪਾ ਸਕਦੀ ਹੈ।

ਪਰਵਾਸੀਆਂ ਦੇ ਵਤਨ ਨਾ ਪਰਤਣ ਦਾ ਇਕ ਹੋਰ ਵੱਡਾ ਕਾਰਨ ਇਹ ਵੀ ਹੈ ਕਿ ਉਨ੍ਹਾਂ ਨੂੰ ਭਾਰਤ ਵਿਚ ਆਪਣੀ ਜ਼ਮੀਨ ਜਾਇਦਾਦ ਆਦਿ ਨੂੰ ਲੈ ਕੇ ਬਹੁਤ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ। ਮੈਨੂੰ ਅਜੇ ਤਕ ਕੋਈ ਵਿਰਲਾ ਹੀ ਪਰਵਾਸੀ ਪੰਜਾਬੀ ਮਿਲਿਆ ਹੈ ਜਿਸ ਦਾ ਜਾਇਦਾਦ/ਮਕਾਨ/ਜ਼ਮੀਨ ਆਦਿ ਦੇ ਸਬੰਧ ਵਿਚ ਚੰਗਾ ਤਜਰਬਾ ਰਿਹਾ ਹੋਵੇ। ਪਰਵਾਸੀ ਪੰਜਾਬੀਆਂ ਦੀ ਆਮ ਸ਼ਿਕਾਇਤ ਹੈ ਕਿ ਉਨ੍ਹਾਂ ਦੇ ਆਪਣੇ ਸਕਿਆਂ ਨੇ ਹੀ ਉਨ੍ਹਾਂ ਦੇ ਹੱਕ ਮਾਰੇ ਹਨ। ਬਹੁਤਿਆਂ ਨਾਲ ਧੋਖੇ ਹੋਏ ਹਨ। ਬਹੁਤਿਆਂ ਦੀਆਂ ਜ਼ਮੀਨਾਂ, ਮਿਹਨਤ ਨਾਲ ਉਸਾਰੇ ਮਕਾਨ/ ਕੋਠੀਆਂ/ ਦੁਕਾਨਾਂ ਦੱਬੀਆਂ ਗਈਆਂ ਹਨ। ਲੰਬੇ ਲੰਬੇ ਮੁਕੱਦਮੇ ਚੱਲੇ ਹਨ। ਪਰਵਾਸੀ ਭਾਰਤੀ ਹੁਣ ਕਿਸੇ 'ਤੇ ਵੀ ਇਤਬਾਰ ਕਰਕੇ ਰਾਜ਼ੀ ਨਹੀਂ।

ਕੁਝ ਪਰਵਾਸੀ ਪੰਜਾਬੀ ਅਜਿਹੇ ਵੀ ਹਨ ਜਿਨ੍ਹਾਂ ਨੇ ਭਾਰਤ ਵਿਚ ਚੈਰੀਟੇਬਲ ਕਾਰਜ ਆਰੰਭੇ ਸਨ। ਇਨ੍ਹਾਂ ਵਿਚੋਂ ਬਹੁਤਿਆਂ ਦਾ ਤਜ਼ਰਬਾ ਮਾੜਾ ਹੀ ਰਿਹਾ। ਸਰਕਾਰੀ ਢਾਂਚਾ ਜਾਂ ਬਾਕੀ ਸਬੰਧਤ ਸੰਸਥਾਵਾਂ ਜਾਂ ਵਿਅਕਤੀ ਸਹਾਇਕ ਤਰੀਕੇ ਨਾਲ ਪੇਸ਼ ਨਹੀਂ ਆਉਂਦੇ। ਲੋਕ ਭਲਾਈ ਦਾ ਕੰਮ ਕਰਨ ਵਾਲਿਆਂ ਦੇ ਕਾਰਜ ਨੂੰ ਮੋਕਲਾ ਕਰਨ ਦੀ ਬਜਾਏ ਉਨ੍ਹਾਂ ਦੇ ਰਾਹਾਂ ਵਿਚ ਰੋੜੇ ਅਟਕਾਏ ਜਾਂਦੇ ਹਨ। ਮੈਂ ਕਈ ਅਜਿਹੇ ਵਿਅਕਤੀਆਂ ਦੇ ਚੈਰਿਟੀ ਨਾਲ ਸਬੰਧਿਤ ਕੰਮਾਂ ਬਾਰੇ ਜਾਣਦਾ ਹਾਂ ਜਿਹੜੇ ਅੱਕ ਕੇ ਆਪਣੇ ਕਾਰਜ ਬੰਦ ਕਰਕੇ ਵਾਪਸ ਆ ਗਏ। ਪਰਵਾਸੀ ਵਿਅਕਤੀ ਆਪਣੇ ਭਾਰਤੀ ਪਰਿਵਾਰ, ਰਿਸ਼ਤੇਦਾਰਾਂ, ਸਮਾਜ ਜਾਂ ਪਿੰਡ ਲਈ ਓਨੀ ਦੇਰ ਹੀ ਮਹੱਤਵਪੂਰਨ ਬੰਦਾ ਹੈ ਜਿੰਨੀ ਦੇਰ ਉਹ ਬਾਹਰ ਰਹਿੰਦਾ ਹੈ। ਜਦੋਂ ਉਹ ਵਾਪਸ ਆ ਕੇ ਰਹਿਣ ਲੱਗ ਜਾਂਦਾ ਹੈ, ਉਹਦੀ ਵੁੱਕਤ ਖ਼ਤਮ ਹੋ ਜਾਂਦੀ ਹੈ। ਬੰਦਾ ਬਾਹਰੋਂ ਮਦਦ ਕਰਦਾ ਰਹੇ ਤਾਂ ਸਭ ਠੀਕ-ਠਾਕ ਰਹਿੰਦਾ ਹੈ। ਬਹੁਤ ਥੋੜ੍ਹੇ ਉਂਗਲੀਆਂ 'ਤੇ ਗਿਣਨ ਵਾਲੇ ਬੰਦੇ ਹੋਣਗੇ ਜਿਨ੍ਹਾਂ ਨੇ ਵਾਪਸ ਇੰਡੀਆ ਜਾ ਕੇ ਰਹਿਣ ਜਾਂ ਕੋਈ ਕੰਮ ਸ਼ੁਰੂ ਕਰਨ ਦੇ ਯਤਨ ਕੀਤੇ ਤੇ ਇਹ ਪਰਵਾਸੀ ਬੁਰੀ ਤਰ੍ਹਾਂ ਫੇਲ੍ਹ ਕਰ ਦਿੱਤੇ ਗਏ। ਜਿਨ੍ਹਾਂ ਨੇ ਭਾਈਵਾਲੀਆਂ ਕੀਤੀਆਂ, ਉਨ੍ਹਾਂ ਦੇ ਭਾਈਵਾਲਾਂ ਨੇ ਹੀ ਇਨ੍ਹਾਂ ਦੀ ਜ਼ਿੰਦਗੀ ਦੁੱਭਰ ਕਰ ਦਿੱਤੀ। ਇਹ ਪਰਵਾਸੀ ਭਾਰਤੀ ਸਮਾਜ ਵਿਚ 'ਮਿਸਫਿੱਟ' ਹੋ ਗਏ। ਮੁਕੱਦਮੇਬਾਜ਼ੀਆਂ ਹੋਈਆਂ ਤੇ ਆਖ਼ਰ ਹੰਭ ਕੇ ਇਹ ਪਰਵਾਸੀ ਵਾਪਸ ਆ ਗਏ। ਵਲਾਇਤ ਦਾ ਮੌਸਮ ਅੱਠ-ਨੌਂ ਮਹੀਨੇ ਠੰਢਾ ਰਹਿੰਦਾ ਹੈ। ਗਰਮੀ ਬਹੁਤੀ ਕੜਾਕੇ ਵਾਲੀ ਨਹੀਂ ਪੈਂਦੀ। ਭਾਰਤ ਵਿਚ ਨੌਂ ਮਹੀਨੇ ਤਾਬੜਤੋੜ ਗਰਮੀ ਪੈਂਦੀ ਹੈ। ਵਲਾਇਤ ਵਿਚ ਮੱਛਰ, ਮੱਖੀ, ਕੋਹੜ-ਕਿਰਲੀ ਅਤੇ ਸੱਪ ਆਦਿ ਵੀ ਨਹੀਂ ਹੁੰਦੇ। ਵਲਾਇਤ ਵਿਚ 40-60 ਸਾਲ ਰਹਿ ਕੇ ਵਿਅਕਤੀ ਨੂੰ ਭਾਰਤੀ ਗਰਮੀ ਨਾਲ ਦੋ ਹੱਥ ਕਰਨ ਦਾ ਸਾਹਸ ਨਹੀਂ ਹੁੰਦਾ। ਅਸਲ ਵਿਚ ਮਨੁੱਖ ਮੂਲ ਰੂਪ ਵਿਚ ਆਰਾਮਪਸੰਦ ਹੈ ਜਿੱਥੇ ਕਿਤੇ ਵੀ ਉਹਦੇ ਕੋਲ ਠੀਕ ਵਾਤਾਵਰਨ/ ਜਲਵਾਯੂ ਚੁਣਨ ਦੀ ਤਰਜੀਹ ਹੈ, ਉਹ ਉੱਥੇ ਹੀ ਰਹਿਣਾ ਪਸੰਦ ਕਰੇਗਾ। ਕੈਨੇਡਾ ਦੇ ਕੁਝ ਸ਼ਹਿਰਾਂ ਵਿਚ ਤਾਪਮਾਨ ਖ਼ੂਬ ਠੰਢਾ ਹੁੰਦਾ ਹੈ, ਪਰ ਉੱਥੇ ਸਰਕਾਰਾਂ ਨੇ ਮੌਸਮ ਨਾਲ ਨਜਿੱਠਣ ਲਈ ਠੀਕ ਬੰਦੋਬਸਤ ਕੀਤੇ ਹੋਏ ਹਨ। ਵਲਾਇਤ ਵਿਚ ਅਸੀਂ ਪ੍ਰਦੂਸ਼ਣ ਨੂੰ ਲੈ ਕੇ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ ਹਾਂ, ਪਰ ਭਾਰਤ ਵਿਚ ਤਾਂ ਪ੍ਰਦੂਸ਼ਣ ਹੱਦਾਂ ਬੰਨੇ ਟੱਪ ਗਿਆ ਹੈ। ਵਲਾਇਤ ਵਿਚ ਪ੍ਰਦੂਸ਼ਣ ਭਾਰਤ ਨਾਲੋਂ ਕਿਤੇ ਘੱਟ ਹੈ। ਭਾਰਤ ਵਿਚ ਟਰੈਫਿਕ ਦਾ ਚਲਣ ਪੂਰੇ ਘੜਮੱਸ ਦੀ ਮਾਨੀ ਹੈ। ਯੂਕੇ ਵਿਚ ਟਰੈਫਿਕ ਦਾ ਚਲਣ ਭਾਰਤ ਨਾਲੋਂ ਕਿਤੇ ਵੱਧ ਨਿਯੰਤਰਣ ਵਾਲਾ ਹੈ। ਪਰਵਾਸੀ ਭਾਰਤੀ, ਇੰਡੀਆ ਦੀਆਂ ਖਾਣ-ਪੀਣ ਦੀਆਂ ਚੀਜ਼ਾਂ ਦੀ ਗੁਣਵੱਤਾ ਜਾਂ ਉਨ੍ਹਾਂ ਦੇ ਖਾਲਸ ਹੋਣ ਬਾਰੇ ਵੀ ਸ਼ੱਕ ਦੀ ਨਿਗਾਹ ਨਾਲ ਵੇਖਦਾ ਹੈ। ਭਾਰਤ ਵਿਚ ਸਬਜ਼ੀਆਂ, ਦੁੱਧ, ਫਲਾਂ ਆਦਿ ਵਿਚ ਰਸਾਇਣਕ ਪਦਾਰਥਾਂ ਦੇ ਦਖ਼ਲ ਬਾਰੇ ਵੀ ਫਿਕਰ ਦਾ ਆਲਮ ਹੈ। ਪਰਵਾਸੀ ਪੰਜਾਬੀ ਇੰਡੀਆ ਵਿਚ ਬਿਮਾਰ ਹੋਣ ਤੋਂ ਬਹੁਤ ਘਬਰਾਉਂਦੇ ਹਨ। ਤੱਥ ਇਹ ਵੀ ਹੈ ਕਿ ਬਹੁਤ ਸਾਰੇ ਆ ਕੇ ਬਿਮਾਰ ਹੋ ਵੀ ਜਾਂਦੇ ਹਨ। ਇਨ੍ਹਾਂ ਨੂੰ ਇੰਡੀਆ ਦੇ ਡਾਕਟਰਾਂ ਹੱਥੋਂ ਖਰਾਬ ਹੋਣ ਦਾ ਤੌਖ਼ਲਾ ਲੱਗਾ ਰਹਿੰਦਾ ਹੈ। ਬਿਮਾਰ ਤਾਂ ਪਰਵਾਸੀ ਆਪਣੇ ਮੁਲਕ ਵਿਚ ਵੀ ਹੁੰਦੇ ਨੇ, ਪਰ ਇੱਥੇ ਉਨ੍ਹਾਂ ਨੂੰ ਸਰਕਾਰੀ/ਨਿੱਜੀ ਸਿਹਤ ਸੇਵਾਵਾਂ ਦੀ ਵਿਵਸਥਾ ਸਹਾਈ ਹੁੰਦੀ ਹੈ। ਦਵਾਈਆਂ ਖਾਲਸ ਮਿਲਦੀਆਂ ਹਨ। ਸੇਵਾਮੁਕਤੀ ਮਗਰੋਂ ਦਵਾਈਆਂ ਬਿਲਕੁਲ ਮੁਫ਼ਤ ਮਿਲਦੀਆਂ ਹਨ। ਵੱਡੇ ਤੋਂ ਵੱਡੇ ਅਪਰੇਸ਼ਨ ਵੀ ਮੁਫ਼ਤ ਹੁੰਦੇ ਨੇ (ਭਾਵੇਂ ਤੁਸੀਂ ਸਾਰੀ ਉਮਰ ਇਹਦੀ ਕੀਮਤ ਤਾਰੀ ਹੁੰਦੀ ਹੈ)। ਅਜਿਹੀ ਸਹੂਲਤ ਭਾਰਤ ਵਿਚ ਹਰ ਵਿਅਕਤੀ ਕੋਲ ਨਹੀਂ। ਵਤਨ ਪਰਤਣ ਦੇ ਹਵਾਲੇ ਨਾਲ ਪਰਵਾਸੀ ਭਾਰਤੀ ਇਹ ਤਾਂ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਹਰ ਕੋਈ ਪੈਰੀਂ ਹੱਥ ਲਾਵੇ ਜਾਂ ਉਨ੍ਹਾਂ ਦੇ ਹਾਰ ਪਾਏ ਜਾਂਦੇ ਰਹਿਣ। ਨਾ ਉਹ ਇਹ ਸੋਚਦੇ ਹਨ ਕਿ ਉਹ ਕੋਈ ਉਪਰੋਂ ਉਤਰੇ ਮਨੁੱਖ ਨੇ। ਉਹ ਤਾਂ ਸਿਰਫ਼ ਇੰਨਾ ਚਾਹੁੰਦੇ ਹਨ ਕਿ ਜਦ ਉਹ ਭਾਰਤ ਆਉਣ/ਵਸਣ, ਉਨ੍ਹਾਂ ਨੂੰ ਦਫ਼ਤਰਾਂ ਦੇ ਬਾਬੂਆਂ ਹੱਥੋਂ ਜ਼ਲੀਲ ਨਾ ਹੋਣਾ ਪਵੇ; ਉਨ੍ਹਾਂ ਨੂੰ ਆਰਾਮ ਨਾਲ ਰਹਿਣ ਦਿੱਤਾ ਜਾਵੇ। ਕੋਈ ਸਿਆਸਤਦਾਨ, ਧਰਮ, ਹਮਸਾਇਆ, ਰਿਸ਼ਤੇਦਾਰ, ਚੌਧਰੀ ਉਨ੍ਹਾਂ ਦੀ ਰੋਜ਼ਾਨਾ ਦੀ ਜ਼ਿੰਦਗੀ ਵਿਚ ਰੋੜਾ ਨਾ ਬਣੇ। ਉਹ ਆਪਣਾ ਮਾੜਾ-ਮੋਟਾ ਤਜ਼ਰਬਾ ਭਾਰਤੀ ਸਮਾਜ ਅਤੇ ਲੋਕਾਂ ਨਾਲ ਸਾਂਝਾ ਕਰਨਾ ਚਾਹੁੰਦੇ ਹਨ। ਮੈਨੂੰ ਯਕੀਨ ਹੈ ਕਿ ਬਹੁਤ ਸਾਰੇ ਪਰਵਾਸੀ ਭਾਰਤੀ, ਖ਼ਾਸਕਰ ਸੇਵਾਮੁਕਤ ਭਾਰਤੀ, ਇੰਡੀਆ ਪਰਤਣਾ ਚਾਹੁਣਗੇ, ਜੇਕਰ ਉਨ੍ਹਾਂ ਨੂੰ ਮੁੱਢਲੀ ਸੁਰੱਖਿਆ, ਚੰਗਾ ਪ੍ਰਸ਼ਾਸਨ ਅਤੇ ਨਿੱਜੀ ਸਪੇਸ (ਥਾਂ) ਮਿਲ ਸਕੇ। ਆਪਣੀ ਜਨਮ ਭੂਮੀ ਨੂੰ ਭੁੱਲਣਾ ਕਿਸੇ ਲਈ ਵੀ ਆਸਾਨ ਨਹੀਂ ਹੁੰਦਾ।

**ਕੇ.ਸੀ. ਮੋਹਨ**

# ਸੰਭਾਲੋ ਭਵਿੱਖ ਦੇ ਵਾਰਸਾਂ ਨੂੰ



ਕਿਹਾ ਜਾਂਦਾ ਹੈ ਕਿ ਬੱਚੇ ਰੱਬ ਦਾ ਰੂਪ ਹੁੰਦੇ ਹਨ। ਬੱਚੇ ਮਨ ਦੇ ਸੱਚੇ ਹੁੰਦੇ ਹਨ, ਜਿਨ੍ਹਾਂ ਦੀਆਂ ਪਿਆਰੀਆਂ ਪਿਆਰੀਆਂ ਤੋਤਲੀਆਂ ਗੱਲਾਂ ਸੁਣ ਕੇ ਆਪ ਮੁਹਾਰੇ ਖੁੱਲ੍ਹ ਕੇ ਹੱਸਣ ਨੂੰ ਜੀਅ ਕਰ ਆਉਂਦਾ ਹੈ, ਪਰ ਬੱਚਿਆਂ ਦੀ ਇਹ ਅਵਸਥਾ ਕੇਵਲ ਦੋ ਸਾਲ ਦੀ ਉਮਰ ਤਕ ਹੀ ਰਹਿੰਦੀ ਹੈ। ਬੱਚੇ ਕੋਲੋਂ ਉਸ ਦਾ ਬਚਪਨ ਉਦੋਂ ਹੀ ਖੁੱਸ ਜਾਂਦਾ ਹੈ, ਜਦੋਂ ਉਹ ਵਿੱਦਿਅਕ ਅਦਾਰਿਆਂ ਵਿਚ ਦਾਖਲੇ ਦੀ ਦੌੜ ਤੇ ਮਾਪਿਆਂ ਦੀ ਆਰਥਿਕਤਾ ਦਾ ਸ਼ਿਕਾਰ ਹੋ ਜਾਂਦਾ ਹੈ।

ਮਾਪਿਆਂ ਨੂੰ ਕੰਮਕਾਰ ਜਾਂ ਦਫ਼ਤਰ ਜਾਣ ਦੀ ਕਾਹਲ ਹੁੰਦੀ ਹੈ, ਜਿਸ ਸਦਕਾ ਬੱਚੇ ਨੂੰ ਕਰੈੱਚ ਜਾਂ ਪ੍ਰੀ-ਨਰਸਰੀ ਵਿਚ ਦਾਖਲ ਕਰਵਾ ਦਿੱਤਾ ਜਾਂਦਾ ਹੈ। ਉਹ ਖੇਡਣ ਮੱਲ੍ਹਣ ਦੀ ਉਮਰ ਵਿਚ ਮੋਢਿਆਂ 'ਤੇ ਭਾਰੀ ਬਸਤਿਆਂ ਦਾ ਭਾਰ ਲਟਕਾਈ ਸਵੇਰੇ-ਸਵੇਰੇ ਅੱਖਾਂ ਮਲਦੇ, ਖਪਦੇ-ਖਿਝਦੇ ਤੇ ਰੋਂਦੇ-ਧੋਂਦੇ ਸਕੂਲ ਜਾਂਦੇ ਹਨ। ਥੋੜ੍ਹੇ ਜਿਹੇ ਹੋਰ ਵੱਡੇ ਹੋਏ ਨਹੀਂ ਕਿ ਉਨ੍ਹਾਂ ਦਾ ਬਚਪਨ ਨੰਬਰਾਂ ਦੀ ਦੌੜ ਵਿਚ ਗੁਆਚ ਜਾਂਦਾ ਹੈ। ਬੱਸਾਂ ਵਿਚ ਸਕੂਲ ਤੋਂ ਘਰ ਤੇ ਫਿਰ ਟਿਊਸ਼ਨ ਇਹੀ ਜ਼ਿੰਦਗੀ ਬਣ ਜਾਂਦੀ ਹੈ। ਉਨ੍ਹਾਂ ਦੀ ਬਚਪਨ ਦੀ ਆਜ਼ਾਦੀ ਖੇਡਾਂ ਖੇਡਣੀਆਂ, ਮੌਜ-ਮਸਤੀ, ਖ਼ੁਸ਼ੀ ਤੇ ਚਿਹਰੇ ਦੀ ਰੌਣਕ ਪਤਾ ਨਹੀਂ ਕਿੱਥੇ ਗੁਆਚ ਜਾਂਦੀ ਹੈ, ਜਦੋਂ ਕਿ ਬਚਪਨ ਹੀ ਪੂਰੀ ਜ਼ਿੰਦਗੀ ਦੀ ਨੀਂਹ ਹੁੰਦਾ ਹੈ। ਇਸ ਉਮਰ ਵਿਚ ਉਨ੍ਹਾਂ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਤੋਂ ਮਾਪੇ ਸੁਚੇਤ ਨਹੀਂ ਹਨ। ਉਨ੍ਹਾਂ ਨੂੰ ਤਾਂ ਬਸ ਬੱਚਿਆਂ ਨੂੰ ਡਾਕਟਰ, ਇੰਜਨੀਅਰ ਬਣੇ ਵੇਖਣ ਦੀ ਚਾਹਨਾ ਹੁੰਦੀ ਹੈ ਤਾਂ ਕਿ ਉਹ ਪੈਸਾ ਕਮਾਉਣ ਵਾਲੀ ਮਸ਼ੀਨ ਬਣ ਜਾਣ। ਜਿਸ ਬੱਚੇ ਦਾ ਭਵਿੱਖ ਉਜਲਾ ਬਣਾਉਣ ਲਈ ਮਾਪੇ ਦਿਨ-ਰਾਤ ਇਕ ਕਰ ਦਿੰਦੇ ਹਨ, ਉਸ 'ਤੇ ਆਪਣੀ ਹੀ ਮਰਜ਼ੀ ਠੋਸਦੇ ਹਨ, ਜਦੋਂ ਕਿ ਚਾਹੀਦਾ ਹੈ ਬੱਚੇ ਦੀ ਰੁਚੀ, ਸੁਭਾਅ ਤੇ ਸਮਰੱਥਾ ਅਨੁਸਾਰ ਹੀ ਉਸ ਨੂੰ ਸਹੀ ਦਿਸ਼ਾ ਨਿਰਦੇਸ਼ ਦਿੱਤਾ ਜਾਵੇ।

ਅਕਸਰ ਵੇਖਿਆ ਗਿਆ ਹੈ ਕਿ ਮਾਪੇ ਬੱਚਿਆਂ ਦੀ ਮਾਨਸਿਕਤਾ ਨੂੰ ਸਮਝੇ ਬਗੈਰ ਉਨ੍ਹਾਂ 'ਤੇ ਖੁੱਲ੍ਹਾ ਪੈਸ ਖ਼ਰਚ ਕਰ ਦਿੰਦੇ ਹਨ। ਇਸਦਾ ਨਤੀਜਾ ਇਹ ਹੁੰਦਾ ਹੈ ਕਿ ਬੱਚਾ ਪ੍ਰਾਪਤੀਆਂ ਕਰਨ ਦੀ ਬਜਾਏ ਗ਼ਲਤ ਰਾਹ 'ਤੇ ਤੁਰ ਪੈਂਦਾ ਹੈ। ਜਦੋਂ ਕਿ ਚਾਹੀਦਾ ਹੈ ਕਿ ਮਾਪੇ ਸੋਚ ਸਮਝ ਕੇ ਲੋੜ ਅਨੁਸਾਰ ਖ਼ਰਚ ਕਰਨ ਤੇ ਸੰਜਮ ਨਾਲ ਜੀਵਨ ਜਿਉਣਾ ਸਿਖਾਉਣ ਤਾਂ ਕਿ ਉਨ੍ਹਾਂ ਦੀ ਸ਼ਖ਼ਸੀਅਤ ਖੰਡਤ ਹੋਣ ਦੀ ਬਜਾਏ ਉਸਾਰੂ ਬਣੇ। ਮਾਪੇ ਤੇ ਅਧਿਆਪਕ ਰਲ ਕੇ ਉਸ ਵਿਚ ਆਤਮ-ਵਿਸ਼ਵਾਸ ਪੈਦਾ ਕਰਨ, ਸਹੀ ਮਾਰਗ-ਦਰਸ਼ਨ ਕਰਨ ਤਾਂ ਕਿ ਉਸ ਦੇ ਭਵਿੱਖ ਨੂੰ ਸੰਵਾਰਿਆ ਜਾ ਸਕੇ। ਜਦੋਂ ਬੱਚਾ ਜਵਾਨੀ ਦੀ ਦਹਿਲੀਜ਼ 'ਤੇ ਕਦਮ ਰੱਖਦਾ ਹੈ, ਉਹ ਆਪਣੀ ਵੱਖਰੀ ਪਛਾਣ ਕਾਇਮ ਕਰਨੀ ਚਾਹੁੰਦਾ ਹੈ। ਉਸ ਵਿਚ ਸਮਾਜਿਕ, ਮਾਨਸਿਕ, ਸਰੀਰਿਕ ਤੇ ਭਾਵਨਾਤਮਕ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜੇ ਅਜਿਹੇ ਸਮੇਂ ਯੋਗ ਅਗਵਾਈ ਨਾ ਕੀਤੀ ਜਾਵੇ ਤਾਂ ਰਾਹ ਤੋਂ ਭਟਕਣ ਦੇ ਮੌਕੇ ਵਧ ਜਾਂਦੇ ਹਨ। ਅਜਿਹੀ ਸਥਿਤੀ ਵਿਚ ਮਾਪਿਆਂ ਦਾ ਫਰਜ਼ ਬਣਦਾ ਹੈ ਕਿ ਉਸ ਦੀ ਸੋਚ ਦੀ ਪੱਧਰ ਨੂੰ ਪਛਾਣਨ ਤੇ ਉਸ ਨਾਲ ਨੇੜਤਾ ਬਣਾ ਕੇ ਵਿਚਾਰ ਸਾਂਝੇ ਕਰਨ। ਇਕ ਦੋਸਤ ਵਾਂਗ ਉਸ ਦੀਆਂ ਠੀਕ ਗੱਲਾਂ ਨਾਲ ਸਹਿਮਤ ਹੋਣ, ਪਰ ਗ਼ਲਤ ਗੱਲਾਂ ਤੋਂ ਰੋਕਣ ਲਈ ਪਿਆਰ ਤ ਸਹਿਣਸ਼ੀਲਤਾ ਤੋਂ ਕੰਮ ਲੈਣ। ਬੱਚਾ ਜੋ ਸੁਆਲ ਕਰਦਾ ਹੈ, ਦਲੀਲ ਨਾਲ ਉਸ ਦਾ ਜੁਆਬ ਦੇਣ ਨਾ ਕਿ ਟਾਲਣ ਦੀ ਕੋਸ਼ਿਸ਼ ਕਰਨ। ਬੱਚੇ ਤੋਂ ਬਾਲਗ ਹੋ ਰਹੇ ਬੱਚੇ ਪ੍ਰਤੀ ਸੁਖਾਵਾਂ, ਗੰਭੀਰ ਤੇ ਸਬਰ-ਸੰਤੋਖ ਵਾਲਾ ਰਵੱਈਆ ਅਖ਼ਤਿਆਰ ਕਰਨ।

ਜਵਾਨੀ ਵਿਚ ਕਦਮ ਧਰਦਿਆਂ ਕਈ ਨਵੇਂ ਅਨੁਭਵ, ਅਹਿਸਾਸ ਤੇ ਸੁਆਲ ਉਸ ਦੇ ਮਨ ਵਿਚ ਉੱਠਦੇ ਹਨ, ਜਿਨ੍ਹਾਂ ਨੂੰ ਜਾਣਨ ਦੀ ਉਸ ਨੂੰ ਉਤਸੁਕਤਾ ਹੁੰਦੀ ਹੈ। ਜੇ ਮਾਪੇ ਸੁਚੇਤ ਹੋ ਕੇ ਸੰਤੋਸ਼ਜਨਕ ਉੱਤਰ ਦੇਣਗੇ ਤਾਂ ਬੱਚੇ ਵਿਚ ਹਾਂ-ਪੱਖੀ ਸੋਚ ਦਾ ਵਿਕਾਸ ਹੋਵੇਗਾ। ਜੇ ਉਹ ਸੰਤੁਸ਼ਟ ਨਹੀਂ ਤਾਂ ਪੜ੍ਹਾਈ ਦੇ ਨਾਲ-ਨਾਲ ਮਾਪਿਆਂ ਤੋਂ ਵੀ ਦੂਰੀ ਬਣਾ ਲਵੇਗਾ। ਅੱਜ ਬੱਚੇ ਚੇਤੰਨ ਹਨ, ਪਰ ਸਹਿਣਸ਼ੀਲਤਾ ਦੀ ਕਮੀ ਹੈ। ਬੱਚਿਆਂ ਵਿਚ ਅੱਜ ਵੇਖਣ ਵਿਚ ਆ ਰਿਹਾ ਹੈ ਕਿ ਬੱਚਾ ਮਾਪਿਆਂ ਜਾਂ ਅਧਿਆਪਕਾਂ ਦੋਹਾਂ ਦੀ ਗੱਲ ਸੁਣਨ ਲਈ ਤਿਆਰ ਨਹੀਂ। ਬੱਚੇ ਵਿਚ ਸਹਿਣਸ਼ੀਲਤਾ ਦੀ ਘਾਟ ਦੇ ਕੀ ਕਾਰਨ ਹੋ ਸਕਦੇ ਹਨ? ਪਹਿਲਾ ਕਾਰਨ ਹੋ ਸਕਦਾ ਹੈ ਬੱਚਾ ਪੜ੍ਹਾਈ ਵਿਚ ਕਮਜ਼ੋਰ ਹੋਵੇ, ਦੂਸਰਾ ਆਧੁਨਿਕ ਮੀਡੀਆ, ਇੰਟਰਨੈੱਟ ਤੇ ਟੀਵੀ 'ਤੇ ਆਉਂਦੇ ਪ੍ਰੋਗਰਾਮ ਉਸ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੇ ਹਨ। ਸੋਸ਼ਲ ਮੀਡੀਆ ਨੇ ਤਾਂ ਬੱਚਿਆਂ ਨੂੰ ਆਪਣੀ ਜਕੜ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ। ਮੋਬਾਈਲ ਤੇ ਸਮਾਰਟ ਫੋਨ ਨੇ ਉਨ੍ਹਾਂ ਦੀ ਮਾਨਸਿਕਤਾ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਲੱਚਰ ਗੀਤਾਂ ਤੇ ਘਟੀਆ ਫਿਲਮਾਂ ਨੇ ਨਿੱਜੀ ਜੀਵਨ ਨੂੰ ਢਾਹ ਲਾਈ ਹੈ, ਉਨ੍ਹਾਂ ਲਈ ਵੱਟਸਐਪ ਤੇ ਫੇਸਬੁੱਕ ਹੀ ਸਭ ਕੁਝ ਹੈ। ਇਸ ਲਈ ਵੀ ਵਧੇਰੇ ਕਰਕੇ ਮਾਪੇ ਹੀ ਜ਼ਿੰਮੇਵਾਰ ਹਨ ਜੋ ਆਰਥਿਕ ਦੌੜ ਵਿਚ ਮਸਰੂਫ਼ ਬੱਚੇ ਨੂੰ ਪੂਰਾ ਸਮਾਂ ਨਹੀਂ ਦੇ ਸਕਦੇ ਤੇ ਬੱਚੇ ਇਕਲਾਪੇ ਦਾ ਸ਼ਿਕਾਰ ਹੋ ਕੇ ਗ਼ਲਤ ਰਾਹ 'ਤੇ ਤੁਰ ਪੈਂਦੇ ਹਨ। ਇਹੀ ਉਮਰ ਪੜ੍ਹਨ-ਲਿਖਣ, ਸਮਾਜ ਵਿਚ ਵਿਚਰਨ, ਮਿਹਨਤ ਕਰਕੇ ਕੁਝ ਪ੍ਰਾਪਤੀਆਂ ਕਰਨ ਦੀ ਹੁੰਦੀ ਹੈ। ਜੇ ਮਾਪੇ ਸੁਚੇਤ ਨਾ ਹੋਏ ਤਾਂ ਬੱਚੇ ਤਬਾਹੀ ਦੀ ਕਗਾਰ 'ਤੇ ਖੜ੍ਹੇ ਹੀ ਹਨ। ਇੰਨਾ ਹੀ ਨਹੀਂ ਅੱਜ ਬੱਚੇ ਨੈਤਿਕ ਕਦਰਾਂ-ਕੀਮਤਾਂ ਤੋਂ ਵੀ ਦੂਰ ਹੁੰਦੇ ਜਾ ਰਹੇ ਹਨ। ਬੱਚੇ ਜਦੋਂ ਘਰ ਤੋਂ ਬਾਹਰ ਹੋਸਟਲਾਂ ਜਾਂ ਪੀ.ਜੀ. ਵਿਚ ਰਹਿ ਕੇ ਪੜ੍ਹਨ ਜਾਂਦੇ ਹਨ ਤਾਂ ਮਾਪਿਆਂ ਦੇ ਦਿੱਤੇ ਸੰਸਕਾਰਾਂ ਨੂੰ ਭੁੱਲ ਕੇ ਆਜ਼ਾਦ ਮਾਹੌਲ ਵਿਚ ਮੌਜ-ਮਸਤੀ ਕਰਨ ਵਿਚ ਰੁੱਝ ਜਾਂਦੇ ਹਨ। ਜਦੋਂ ਕਿ ਘਰੋਂ ਬਾਹਰ ਰਹਿ ਕੇ ਬੱਚਾ ਹੋਰ ਬਹੁਤ ਸਾਰੇ ਚੰਗੇ ਗੁਣ ਗ੍ਰਹਿਣ ਕਰ ਸਕਦਾ ਹੈ। ਅੱਜ ਲੋੜ ਹੈ ਸਾਂਝੇ ਪਰਿਵਾਰਾਂ ਵਿਚ ਰੱਖ ਕੇ ਬੱਚੇ ਦਾ ਪਾਲਣ-ਪੋਸ਼ਣ ਕਰਨ ਤੇ ਚੰਗੇ ਸੰਸਾਰ ਦੇਣ ਦੀ। ਮਾਪਿਆਂ ਨੂੰ ਬਹੁਤ ਸੁਚੇਤ ਰਹਿਣ ਦੀ ਲੋੜ ਹੈ ਤਾਂ ਕਿ ਬੱਚੇ ਨੂੰ ਸ਼ੋਸ਼ਣ ਤੇ ਨਸ਼ਿਆਂ ਤੋਂ ਬਚਾ ਸਕਣ। ਇਕ ਸਮਾਂ ਸੀ ਬੱਚੇ ਬਜ਼ੁਰਗਾਂ ਤੇ ਮਾਪਿਆਂ ਦੀ ਘੂਰੀ ਤੋਂ ਡਰਦੇ ਸਨ, ਇਹ ਸਾਂਝੇ ਪਰਿਵਾਰਾਂ ਦਾ ਸਮਾਂ ਸੀ, ਪਰ ਹੁਣ ਜਿੱਥੇ ਆਜ਼ਾਦੀ ਮਿਲ ਰਹੀ ਹੈ, ਖੁੱਲ੍ਹਾ ਪੈਸਾ ਮਿਲ ਰਿਹਾ ਹੈ ਤੇ ਹੋਰ ਸੁੱਖ-ਸੁਵਿਧਾਵਾਂ ਹਨ, ਉਹ ਪਰਿਵਾਰ ਨੂੰ ਟਿੱਚ ਜਾਣਦੇ ਹਨ। ਉਨ੍ਹਾਂ ਨੂੰ ਆਪਣੀਆਂ ਲੋੜਾਂ ਤੇ ਹੱਕਾਂ ਦਾ ਪਤਾ ਹੈ, ਪਰ ਫ਼ਰਜ਼ਾਂ ਤੋਂ ਬੇਮੁਖ ਹੋ ਰਹੇ ਹਨ। ਅੱਜ ਲੋੜ ਹੈ ਬਚਪਨ ਤੋਂ ਹੀ ਚੰਗੀ ਸਿੱਖਿਆ ਤੇ ਸੰਸਕਾਰ ਦੇਣ ਦੀ। ਬੱਚਾ ਜੋ ਕੁਝ ਬਚਪਨ ਵਿਚ ਸਿੱਖੇਗਾ, ਉਹੀ ਵੱਡਾ ਹੋ ਕੇ ਕਰਮ ਕਰੇਗਾ। ਉਨ੍ਹਾਂ ਨੂੰ ਜ਼ਿੰਦਗੀ ਵਿਚ ਅੱਗੇ ਵਧਣ ਲਈ ਸੰਘਰਸ਼ ਕਰਨ ਦੇ ਸੰਸਕਾਰ ਦਿੱਤੇ ਜਾਣ।


# ਭਾਰਤ ਵਿਚ ਲਗਾਤਾਰ ਵੱਧ ਰਿਹਾ ਸੋਕੇ ਦਾ ਕਹਿਰ



ਦੇਸ਼ ਦੇ ਬਹੁਤ ਸਾਰੇ ਹਿੱਸਿਆਂ ਵਿਚ ਭਿਆਨਕ ਸੋਕਾ ਪਿਆ ਹੋਇਆ ਹੈ। ਇਸ ਦਾ ਕਹਿਰ ਲਗਾਤਾਰ ਵਧਦਾ ਜਾ ਰਿਹਾ ਹੈ। ਇਕ ਅੰਦਾਜ਼ੇ ਅਨੁਸਾਰ 33 ਕਰੋੜ ਤੋਂ ਵਧੇਰੇ ਆਬਾਦੀ ਸੋਕੇ ਦੀ ਮਾਰ ਹੇਠ ਆ ਗਈ ਹੈ। ਜੋ ਰਾਜ ਵਧੇਰੇ ਪ੍ਰਭਾਵਿਤ ਹੋਏ ਹਨ, ਉਨ੍ਹਾਂ ਵਿਚ ਉੱਤਰ ਪ੍ਰਦੇਸ਼, ਝਾਰਖੰਡ, ਕਰਨਾਟਕ, ਛੱਤੀਸਗੜ੍ਹ, ਰਾਜਸਥਾਨ, ਤੇਲੰਗਾਨਾ, ਆਂਧਰਾ ਪ੍ਰਦੇਸ਼, ਓਡੀਸ਼ਾ, ਮੱਧ ਪ੍ਰਦੇਸ਼ ਅਤੇ ਮਹਾਰਾਸ਼ਟਰ ਸ਼ਾਮਿਲ ਹਨ। ਦੇਸ਼ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਵੱਲੋਂ ਇਸ ਮਸਲੇ 'ਤੇ ਬੇਹੱਦ ਚਿੰਤਾ ਪ੍ਰਗਟਾਈ ਗਈ ਹੈ। ਉਸ ਨੇ ਕੇਂਦਰ ਸਰਕਾਰ ਨੂੰ ਹਦਾਇਤ ਦਿੱਤੀ ਹੈ ਕਿ ਉਹ ਇਸ ਸਬੰਧੀ ਸਾਰੇ ਰਾਜਾਂ ਨੂੰ ਸੁਚੇਤ ਕਰੇ। ਸਾਰੀਆਂ ਸੋਕੇ ਤੋਂ ਪ੍ਰਭਾਵਿਤ ਥਾਵਾਂ ਦੀ ਪਛਾਣ ਕੀਤੀ ਜਾਏ ਅਤੇ ਉਸ ਤੋਂ ਬਾਅਦ ਸੁਪਰੀਮ ਕੋਰਟ ਨੂੰ ਇਸ ਸਬੰਧੀ ਦੱਸਿਆ ਜਾਏ। ਸਵਰਾਜ ਅਭਿਆਨ ਨਾਂਅ ਦੀ ਇਕ ਸੰਸਥਾ ਨੇ ਇਸ ਭਿਆਨਕ ਮਹਾਮਾਰੀ ਸਬੰਧੀ ਸੁਪਰੀਮ ਕੋਰਟ ਦਾ ਬੂਹਾ ਖੜਕਾਇਆ ਸੀ, ਜਿਸ ਦੇ ਪ੍ਰਤੀਕਰਮ ਵਜੋਂ ਸਰਬਉੱਚ ਅਦਾਲਤ ਨੇ ਕਿਹਾ ਕਿ ਸਰਕਾਰ ਨੂੰ ਇਸ ਸੰਕਟ ਨਾਲ ਨਜਿੱਠਣ ਲਈ ਵੱਧ ਤੋਂ ਵੱਧ ਵਿੱਤੀ ਸਾਧਨ ਜੁਟਾਉਣੇ ਚਾਹੀਦੇ ਹਨ। ਵੱਖ-ਵੱਖ ਰਾਜਾਂ ਦੇ ਜਿਨ੍ਹਾਂ ਵਿਅਕਤੀਆਂ ਨੂੰ ਮਨਰੇਗਾ ਯੋਜਨਾ ਅਧੀਨ ਸਹਾਇਤਾ ਨਹੀਂ ਮਿਲੀ, ਉਨ੍ਹਾਂ ਨੂੰ ਤੁਰੰਤ ਸਹਾਇਤਾ ਜਾਰੀ ਕੀਤੀ ਜਾਣੀ ਚਾਹੀਦੀ ਹੈ। ਇਸ ਸਬੰਧੀ ਲਗਾਤਾਰ ਉੱਚ ਅਦਾਲਤ ਨੂੰ ਦੱਸਿਆ ਜਾਂਦਾ ਰਹੇ ਕਿ ਸਰਕਾਰ ਨੇ ਆਪਣੀ ਜਨਤਕ ਵੰਡ ਪ੍ਰਣਾਲੀ ਨੂੰ ਕਿਸ ਹੱਦ ਤੱਕ ਪ੍ਰਭਾਵਸ਼ਾਲੀ ਬਣਾਇਆ ਹੈ। ਮਹਾਰਾਸ਼ਟਰ ਵਿਚ ਲਾਤੂਰ ਜ਼ਿਲ੍ਹੇ ਵਿਚ ਤਾਂ ਪਾਣੀ ਦੀਆਂ ਗੱਡੀਆਂ ਭੇਜਣ ਤੱਕ ਦੀ ਨੌਬਤ ਵੀ ਆ ਗਈ ਸੀ। ਦੂਸਰੇ ਜ਼ਿਲ੍ਹਿਆਂ ਵਿਚ ਸਥਿਤੀ ਕੀ ਹੈ, ਇਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ। ਤੇਲੰਗਾਨਾ ਜ਼ਿਲ੍ਹੇ ਵਿਚ ਇਕ ਕਿਸਾਨ ਨੇ ਇਸ ਲਈ ਆਤਮ-ਹੱਤਿਆ ਕਰ ਲਈ ਕਿ ਪਿਛਲੇ 3 ਸਾਲਾਂ ਤੋਂ ਲਗਾਤਾਰ ਸੋਕੇ ਦਾ ਦੌਰ ਚੱਲ ਰਿਹਾ ਸੀ। ਉਸ ਦੀ ਫ਼ਸਲ ਨਹੀਂ ਸੀ ਹੋਈ। ਚਾਰੇ ਖੁਣੋਂ ਉਸ ਦੇ ਪਸ਼ੂ ਮਰ ਗਏ ਸਨ। ਉਸ ਕੋਲ ਖਾਣ ਲਈ ਕੁਝ ਨਹੀਂ ਸੀ ਅਤੇ ਉਸ ਨੇ ਆਤਮ-ਹੱਤਿਆ ਕਰ ਲਈ। ਉਸ ਦੀ ਪਤਨੀ ਕੋਲ ਭਿੱਖਿਆ ਮੰਗਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਸੀ। ਮਹਾਰਾਸ਼ਟਰ ਦੇ ਹੀ ਬੀੜ ਜ਼ਿਲ੍ਹੇ ਵਿਚ ਇਕ ਲੜਕੀ ਲੰਮਾ ਪੈਂਡਾ ਤੈਅ ਕਰਕੇ ਪਾਣੀ ਦੀ ਬਾਲਟੀ ਭਰਨ ਜਾਂਦੀ ਸੀ, ਜਦੋਂ ਪੰਜਵੀਂ ਵਾਰ ਉਹ ਭਰ ਗਰਮੀ ਵਿਚ ਪੈਂਡਾ ਕਰ ਰਹੀ ਸੀ ਤਾਂ ਉਸ ਦੀ ਮੌਤ ਹੋ ਗਈ। ਅਜਿਹੀ ਹਾਲਤ ਵਿਚੋਂ ਅੱਜ ਲੱਖਾਂ-ਕਰੋੜਾਂ ਵਿਅਕਤੀ ਗੁਜ਼ਰ ਰਹੇ ਹਨ। ਦੇਸ਼ ਦੀਆਂ ਜਲਗਾਹਾਂ ਵਿਚ ਪਾਣੀ ਲਗਾਤਾਰ ਘਟਦਾ ਜਾ ਰਿਹਾ ਹੈ। ਪਿਛਲੇ ਦਿਨੀਂ ਪ੍ਰਧਾਨ ਮੰਤਰੀ ਨੇ 'ਮਨ ਕੀ ਬਾਤ' ਵਿਚ ਸੋਕੇ ਸਬੰਧੀ ਵੱਡੀ ਚਿੰਤਾ ਪ੍ਰਗਟਾਈ ਅਤੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਉਹ ਮੀਂਹ ਦੇ ਪਾਣੀ ਨੂੰ ਬਚਾਉਣ ਦਾ ਹਰ ਹੀਲਾ-ਵਸੀਲਾ ਕਰਨ। ਉਨ੍ਹਾਂ ਨੇ ਕੁਝ ਰਾਜਾਂ ਵਿਚ ਲਗਾਤਾਰ ਪਏ ਸੋਕੇ ਕਾਰਨ ਦੇਸ਼ ਭਰ ਵਿਚ ਲਗਾਤਾਰ ਪਾਣੀ ਦਾ ਪੱਧਰ ਘਟਣ ਦੀ ਗੱਲ ਵੀ ਕੀਤੀ ਸੀ। ਹਾਲਾਤ ਜਿਥੋਂ ਤੱਕ ਪੁੱਜ ਚੁੱਕੇ ਹਨ, ਉਹ ਵੱਸੋਂ ਬਾਹਰੇ ਹੋਏ ਜਾਪਦੇ ਹਨ। ਇਸ ਲਈ ਕੇਂਦਰ ਅਤੇ ਸਬੰਧਤ ਰਾਜ ਸਰਕਾਰਾਂ ਨੂੰ ਇਕਜੁਟ ਹੋ ਕੇ ਇਸ ਸਮੱਸਿਆ ਦੇ ਟਾਕਰੇ ਲਈ ਵੱਡੇ ਯਤਨ ਕਰਨ ਦੀ ਜ਼ਰੂਰਤ ਹੋਵੇਗੀ। ਪਿਛਲੇ ਦਿਨੀਂ ਇਹ ਖ਼ਬਰਾਂ ਵੀ ਨਸ਼ਰ ਹੁੰਦੀਆਂ ਰਹੀਆਂ ਹਨ ਕਿ ਜਿਨ੍ਹਾਂ ਰਾਜਾਂ ਵਿਚ ਸੋਕਾ ਪਿਆ ਹੋਇਆ ਹੈ, ਉਥੇ ਕਈ ਥਾਵਾਂ 'ਤੇ ਕ੍ਰਿਕਟ ਮੈਚਾਂ ਦੇ ਆਯੋਜਨ ਨਾਲ ਮਣਾਂ-ਮੂੰਹੀਂ ਪਾਣੀ ਜ਼ਾਇਆ ਕੀਤਾ ਜਾ ਰਿਹਾ ਹੈ। ਇਕ ਰਾਜ ਵਿਚ ਸੋਕੇ ਦਾ ਜਾਇਜ਼ਾ ਲੈਣ ਗਏ ਮੰਤਰੀ ਸਾਹਿਬ ਦੇ ਹੈਲੀਕਾਪਟਰ ਨੂੰ ਉਤਾਰਨ ਲਈ ਮਣਾਂ-ਮੂੰਹੀਂ ਪਾਣੀ ਦਾ ਤਰੋਂਕਾ ਕੀਤਾ ਗਿਆ। ਮਹਾਰਾਸ਼ਟਰ ਦੀ ਰਾਜ ਮੰਤਰੀ ਪੰਕਜਾ ਮੁੰਡੇ ਦੀ ਗੱਲ ਬੇਹੱਦ ਅਫ਼ਸੋਸ ਵਾਲੀ ਕਹੀ ਜਾ ਸਕਦੀ ਹੈ ਕਿ ਸੋਕਾਗ੍ਰਸਤ ਖੇਤਰਾਂ ਦਾ ਦੌਰਾ ਕਰਦੇ ਹੋਏ ਉਹ ਆਪਣੀ ਸੈਲਫੀ ਲੈਂਦੀ ਰਹੀ ਹੈ ਅਤੇ ਫਿਰ ਉਸ ਨੂੰ ਉਹ ਦੇਸ਼ ਭਰ ਵਿਚ ਨਸ਼ਰ ਕਰਨ ਦਾ ਮਾਣ ਲੈਂਦੀ ਰਹੀ ਹੈ। ਅਸੀਂ ਹੁਣ ਤੋਂ ਮੌਨਸੂਨ ਦੇ ਆਉਣ ਦਾ ਇੰਤਜ਼ਾਰ ਕਰਨ ਲੱਗੇ ਹਾਂ ਪਰ ਸੋਚਣ ਵਾਲੀ ਗੱਲ ਇਸ ਹੈ ਕਿ ਜਿਨ੍ਹਾਂ ਥਾਵਾਂ 'ਤੇ ਕੁਦਰਤ ਨੇ ਮਿਹਰਬਾਨੀ ਨਾ ਕੀਤੀ, ਉਨ੍ਹਾਂ ਦਾ ਕੀ ਬਣੇਗਾ? ਇਹ ਕੇਂਦਰ ਅਤੇ ਰਾਜ ਸਰਕਾਰਾਂ ਲਈ ਇਮਤਿਹਾਨ ਦੀ ਘੜੀ ਹੈ। ਉਨ੍ਹਾਂ ਨੂੰ ਹਰ ਹੀਲਾ-ਵਸੀਲਾ ਕਰਕੇ ਵੱਡੀ ਗਿਣਤੀ ਵਿਚ ਪ੍ਰਭਾਵਿਤ ਲੋਕਾਂ ਨੂੰ ਇਸ ਸਥਿਤੀ 'ਚੋਂ ਕੱਢਣਾ ਹੋਵੇਗਾ। ਇਸ ਲਈ ਜਿਸ ਹੱਦ ਤੱਕ ਵੀ ਜਿੰਨੇ ਵੀ ਵੱਡੇ ਕਦਮ ਉਠਾਏ ਜਾਣੇ ਚਾਹੀਦੇ ਹਨ, ਉਨ੍ਹਾਂ 'ਤੇ ਤੁਰੰਤ ਅਮਲ ਕਰਨਾ ਸਰਕਾਰ ਦੀ ਆਪਣੇ ਲੋਕਾਂ ਲਈ ਇਸ ਸਮੇਂ ਪਹਿਲੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ।

# ਗੁਲਾਮੀ

## "ਜਦ ਹੱਡੀਂ ਰਚ ਜਾਏ ਰੂਹ ਵਿਚ ਵਸ ਜਾਏ"



ਗੁਲਾਮੀ ਸਿਰਫ ਜਿਸਮਾਂ ਦੀ ਹੀ ਨਹੀਂ ਹੁੰਦੀ, ਸਗੋਂ ਕਈ ਰੂਪਾਂ ਵਿਚ ਮਿਲਦੀ ਹੈ। ਕਈ ਵਾਰੀ ਜਦੋਂ ਚਿਰਾਂ ਤੋਂ ਕੈਦ ਪੰਛੀ ਨੂੰ ਆਜ਼ਾਦ ਕਰ ਦਿੱਤਾ ਜਾਵੇ, ਤਾਂ ਉਡਾਰੀ ਭਰਨ ਬਾਅਦ ਉਹ ਮੁੜ ਪਿੰਜਰੇ ਨੂੰ ਪਰਤ ਆਉਂਦਾ ਹੈ। ਐਸੀ ਹਾਲਤ ਵਿਚ ਗੁਲਾਮੀ ਪੰਛੀ ਦੇ ਸੁਭਾਅ ਦਾ ਹਿੱਸਾ ਬਣ ਚੁਕੀ ਹੁੰਦੀ ਹੈ। ਹੋਰਨਾਂ ਦੇਸ਼ਾਂ ਵਾਂਗ ਭਾਰਤੀ ਲੋਕ ਵੀ ਆਪਣੇ ਰਾਜਿਆਂ ਦੇ ਗੁਲਾਮ ਰਹੇ। ਮੌਰਿਆ, ਭਰਤ, ਗੁਪਤ, ਹਰਸ਼ ਵਰਧਨ, ਰਾਜਪੂਤ ਆਦਿ ਸਾਮਰਾਜਾਂ ਤੋਂ ਮੁਸਲਿਮ/ਮੁਗਲ ਬਾਦਸ਼ਾਹਾਂ ਦਾ ਰਾਜ। ਭਾਰਤ 'ਤੇ ਹਮਲੇ ਪੰਜਾਬ ਦੇ ਰਸਤਿਉਂ ਹੁੰਦੇ; ਇਸ ਲਈ ਧਾੜਵੀਆਂ ਦਾ ਪਹਿਲਾ ਸ਼ਿਕਾਰ ਪੰਜਾਬੀ ਹੀ ਬਣਦੇ। ਸਣੇ ਪੰਜਾਬ, ਭਾਰਤੀ ਲੋਕ ਉਕਤ ਸਮਰਾਟਾਂ ਦੇ, ਮੁਗਲ ਰਾਜ ਦੇ ਪਤਨ ਦੌਰਾਨ ਤੇ ਪਿਛੋਂ ਸਥਾਨਕ ਰਾਜਿਆਂ ਤੇ ਫਿਰ ਉਨ੍ਹਾਂ ਰਾਜਿਆਂ ਨੂੰ ਹਰਾਉਣ ਵਾਲੇ ਅੰਗਰੇਜ਼ਾਂ ਦੇ ਗੁਲਾਮ ਰਹੇ।

ਪੰਜਾਬ ਵਿਚ ਆਧੁਨਿਕ ਯੁੱਗ ਇੱਥੇ ਅਰਥਚਾਰੇ ਜਾਂ ਗਿਆਨ-ਵਿਗਿਆਨ ਕਾਰਨ ਹੋਈ ਤਰੱਕੀ ਕਰਕੇ ਨਹੀਂ, ਸਗੋਂ ਅੰਗਰੇਜ਼ਾਂ ਦੀ ਗੁਲਾਮੀ ਦੇ ਬਸਤੀਵਾਦੀ ਰੂਪ ਵਿਚ ਆਇਆ ਹੈ। ਭਾਰਤ ਵਿਚ ਆਜ਼ਾਦੀ ਅੰਗਰੇਜ਼ਾਂ ਵਿਰੁਧ ਦੋ-ਟੁੱਕ ਸਿੱਧੀ ਲੜਾਈ ਵਿਚੋਂ ਨਹੀਂ ਆਈ, ਜਿਵੇਂ ਅਮਰੀਕਾ ਵਿਚ, ਸਗੋਂ ਜ਼ਿਆਦਾਤਰ ਬਦਲੇ ਹੋਏ ਕੌਮਾਂਤਰੀ ਹਾਲਾਤ ਕਰਕੇ ਅੰਗਰੇਜ਼ ਜ਼ਿਆਦਾਤਰ ਆਪਣੀਆਂ ਸ਼ਰਤਾਂ ਦੇ ਆਧਾਰ 'ਤੇ ਭਾਰਤ ਛੱਡ ਗਏ। ਸੋ, ਬਾਕੀ ਭਾਰਤ ਵਾਂਗ ਪੰਜਾਬ ਦੀ ਰੈਜ਼ਿਮੇ ਵੀ ਗੁਲਾਮੀ ਨਾਲ ਭਰੀ ਹੋਈ ਹੈ, ਗੁਲਾਮੀ ਦਾ ਜਥੇਬੰਦਕ ਲੋਕ-ਵਿਰੋਧ ਕਰ ਕੇ ਇਸ ਤੋਂ ਛੁਟਕਾਰਾ ਪਾਉਣ ਦੇ ਘੱਟੋ-ਘੱਟ ਤਜਰਬੇ ਸਮੇਤ। ਅੰਗਰੇਜ਼ ਦੇ ਜਾਣ ਪਿਛੋਂ ਪੰਜਾਬ ਵਿਚ ਰਾਜਨੀਤਕ ਤੇ ਸਮਾਜਕ ਪ੍ਰਬੰਧ ਦੀਆਂ ਅਮਲੀ ਤੇ ਵਿਹਾਰਕ ਬਾਰੀਕੀਆਂ ਵਿਚ, ਜੇ ਬਿਲਕੁਲ ਨਹੀਂ, ਤਾਂ ਬਹੁਤੀ ਤਬਦੀਲੀ ਨਾ ਆਈ। ਮਿਸਾਲ ਵਜੋਂ, ਨੀਵੀਂਆਂ ਤੇ ਉਚੀਆਂ ਜਾਤਾਂ ਵਿਚਾਲੇ ਰਿਸ਼ਤਿਆਂ ਤੋਂ ਲੈ ਕੇ ਵਿਦਿਆਰਥੀਆਂ ਤੇ ਅਧਿਆਪਕਾਂ ਵਿਚਾਲੇ ਰਿਸ਼ਤੇ ਉਸੇ ਤਰ੍ਹਾਂ ਰਹੇ; ਵਿਦਿਆਰਥੀ ਅਧਿਆਪਕ ਨੂੰ 'ਸਰ' ਕਹਿੰਦਾ ਰਿਹਾ, ਅੱਜ ਤੱਕ। ਗੁਲਾਮੀ ਦੇ ਦੌਰ ਵਿਚ ਮਾਲਕ ਦਾ ਜ਼ਬਰ ਤੇ ਲੁੱਟ-ਖਸੁੱਟ ਬੁਰੀ ਹੈ, ਪਰ ਸਭ ਤੋਂ ਬੁਰਾ ਹੁੰਦਾ ਹੈ, ਗੁਲਾਮੀ ਦਾ ਹੱਡਾਂ ਵਿਚ ਰਚ ਜਾਣਾ ਤੇ ਰੂਹ 'ਚ ਵਸ ਜਾਣਾ, ਭਾਵ ਸੁਭਾਅ ਦਾ ਹਿੱਸਾ ਬਣ ਜਾਣਾ। ਉਹਤੋਂ ਵੀ ਖਤਰਨਾਕ ਹੈ, ਸੁਭਾਅ ਵਿਚ ਛੁਪੀ ਗੁਲਾਮੀ ਦਾ ਪੀੜ੍ਹੀ ਦਰ ਪੀੜ੍ਹੀ ਸਫਰ ਕਰਨ ਲੱਗ ਜਾਣਾ। ਇਸ ਲੇਖ ਵਿਚ ਮੈਂ ਅਜਿਹੀ ਹੀ ਸੁਭਾਵਿਕ ਗੁਲਾਮੀ ਦੀਆਂ ਪੰਜਾਬੀ ਬੰਦੇ ਵਿਚ ਮਿਲਦੀਆਂ ਅਲਾਮਤਾਂ 'ਚੋਂ ਤਿੰਨ ਬਾਰੇ ਚਰਚਾ ਕਰਾਂਗਾ। ਪਹਿਲੀ, 'ਸਾਹਿਬ' ਸ਼ਬਦ ਜਾਂ ਖਿਤਾਬ ਦੀ ਥੋਕ ਵਿਚ ਵਰਤੋਂ ਜਾਂ ਦੁਰ-ਵਰਤੋਂ। 'ਸਾਹਿਬ' ਮੁੱਢੋਂ ਅਰਬੀ ਦਾ ਸ਼ਬਦ ਹੈ, ਜਿੱਥੇ ਇਹਦਾ ਅਰਥ ਹੈ, ਸੁਆਮੀ ਜਾਂ ਮਾਲਕ। ਉਥੋਂ ਇਹ ਹਿੰਦ ਉਪਮਹਾਦੀਪ ਦੀਆਂ ਅਨੇਕਾਂ ਬੋਲੀਆਂ ਉਰਦੂ, ਹਿੰਦੀ, ਪੰਜਾਬੀ, ਬੰਗਾਲੀ ਤੇ ਗੁਜਰਾਤੀ ਸਮੇਤ ਪੰਜਾਬੀ ਵਿਚ ਵੀ ਆ ਵੜਿਆ। ਗੁਰਬਾਣੀ ਵਿਚ ਇਸ ਦੀ ਵਰਤੋਂ ਪਰਮਾਤਮਾ ਲਈ ਕੀਤੀ ਗਈ ਹੈ। ਲੋਕ ਪੱਧਰ 'ਤੇ ਇਹ ਪ੍ਰਚਲਿਤ ਹੋਇਆ, ਜਦੋਂ ਅੰਗਰੇਜ਼ਾਂ ਦੀ ਗੁਲਾਮੀ ਸਮੇਂ ਗੋਰੇ ਅਫਸਰ ਰਾਜ ਭਾਗ ਦੇ ਮਾਲਕ ਹੋਣ ਕਾਰਨ ਭਾਰਤੀ ਲੋਕਾਂ ਕੋਲੋਂ ਆਪਣੇ ਆਪ ਨੂੰ 'ਸਾਹਿਬ' ਅਖਵਾਉਣ ਲੱਗੇ। ਕਰੀਬ ਦੋ ਸਦੀਆਂ ਅਸੀਂ ਅੰਗਰੇਜ਼ਾਂ ਦੀ ਗੁਲਾਮੀ ਕੱਟੀ, ਉਨ੍ਹਾਂ ਨੂੰ 'ਸਾਹਿਬ' ਖਿਤਾਬ ਨਾਲ ਬੁਲਾ ਬੁਲਾ ਕੇ। ਉਨ੍ਹਾਂ ਦੇ ਤੁਰ ਜਾਣ ਪਿਛੋਂ ਉਸ ਖਿਤਾਬ ਦੀ ਕਲਗੀ ਸਾਡੇ ਆਪਣੇ ਅਹੁਦੇਦਾਰਾਂ ਤੇ ਅਧਿਕਾਰੀਆਂ ਦੇ ਸਿਰ ਸਜ ਗਈ, ਤੇ ਅਸੀਂ ਇਹ ਕਲਗੀ ਆਪਣੇ ਹੱਥੀਂ ਮਿੱਤਰਾਂ-ਦੋਸਤਾਂ ਤੇ ਜਾਣ-ਪਛਾਣ ਵਾਲਿਆਂ ਦੇ ਸਿਰਾਂ 'ਤੇ ਵੀ ਲਾ ਦਿੱਤੀ। ਜਦ ਬੋਲਦੇ ਹਾਂ ਤਾਂ ਬੱਸ 'ਸਾਹਿਬ' 'ਸਾਹਿਬ' ਹੁੰਦੀ ਹੈ, ਜਿਵੇਂ ਅਸੀਂ ਕਰੀਬ ਪੌਣੀ ਸਦੀ ਪਹਿਲਾਂ ਛੱਡ ਗਏ 'ਮਾਲਕਾਂ' ਦਾ ਨਾਂ ਅੱਜ ਵੀ ਜਪ ਰਹੇ ਹੋਈਏ। ਆਧੁਨਿਕ ਸਮਾਜਾਂ ਵਿਚ ਅਜਿਹੀ ਮਾਨਸਿਕ ਗੜਬੜੀ ਤੋਂ ਛੁਟਕਾਰਾ ਪਾਉਣ ਲਈ ਤੁਰੰਤ ਮਨੋਵਿਗਿਆਨੀ ਡਾਕਟਰਾਂ ਦੀ ਮਦਦ ਲਈ ਜਾਂਦੀ ਹੈ, ਪਰ ਅਰਧ-ਆਧੁਨਿਕ ਸਮਾਜਾਂ ਵਿਚ ਅਜਿਹੀ ਮਾਨਸਿਕ ਗੜਬੜੀ ਅਕਸਰ ਸੱਭਿਆਚਾਰ ਦਾ ਹਿੱਸਾ ਬਣ ਬਹਿੰਦੀ ਹੈ। ਕੁਝ ਐਸਾ ਹੀ ਹੋਇਆ ਲੱਗਦਾ ਹੈ, ਸਾਡੇ ਨਾਲ। ਗੱਲ ਨਿਰੇ ਸ਼ਬਦ ਦੀ ਨਹੀਂ; ਇਹ ਇਕ ਸਥਾਪਤ ਮਨੋਵਿਗਿਆਨਕ ਸੱਚ ਹੈ ਕਿ ਬੋਲਾਂ ਤੋਂ ਅੰਦਰੂਨੀ ਭਾਵਨਾਵਾਂ ਪੈਦਾ ਹੁੰਦੀਆਂ ਨੇ, ਜਿਨ੍ਹਾਂ ਦਾ ਅਸਰ ਸਰੀਰਕ ਕ੍ਰਿਆਵਾਂ ਤੇ ਬੰਦੇ ਦੇ ਕਾਰਨਾਮਿਆਂ 'ਤੇ ਪੈਂਦਾ ਹੈ।

ਕੋਈ ਕਹਿ ਸਕਦਾ ਹੈ, ਅਸੀਂ ਤਾਂ 'ਸਾਹਿਬ' ਵਿਸ਼ੇਸ਼ਣ ਨੂੰ ਸਤਿਕਾਰ ਵਜੋਂ ਵਰਤਦੇ ਆਂ; ਪਰ ਇਸ ਵਰਤੋਂ ਦੇ ਸੰਦਰਭ, ਗੁਲਾਮੀ, ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਦੋ ਸਦੀਆਂ ਜਿਸ ਖਿਤਾਬ ਹੇਠ ਗੁਲਮੀ ਗੁਜ਼ਾਰਨ ਪਿਛੋਂ ਉਸੇ ਖਿਤਾਬ ਨੂੰ ਸਤਿਕਾਰ ਵਜੋਂ ਵਰਤਣਾ ਸ਼ੁਰੂ ਕਰ ਦੇਣਾ ਜਾਂ ਸਤਿਕਾਰ ਦੇ ਪਾਤਰ ਵਿਚ ਬਦਲ ਦੇਣਾ ਵੀ ਮਾਨਸਿਕ ਗੁਲਾਮੀ ਦੇ ਪ੍ਰਗਟਾਵੇ ਦਾ ਹੀ ਇੱਕ ਰੂਪ ਹੈ। ਉਦਾਂ, ਸਤਿਕਾਰ ਵਜੋਂ ਵਰਤਣ ਵਾਸਤੇ ਪੰਜਾਬੀ ਕੋਲ ਇੱਕ ਬਹੁਤ ਸਜੀਵ ਸ਼ਬਦ ਹੈ, 'ਜੀ'।

ਗੁਰਬਾਣੀ ਵਿਚ 'ਸਾਹਿਬ' ਖਿਤਾਬ ਦੀ ਵਰਤੋਂ ਪਰਮਾਤਮਾ ਲਈ ਕਰਨ ਦੀ, ਜਾਂ ਬਾਅਦ ਵਿਚ ਮਹਾਂਪੁਰਸ਼ਾਂ ਤੇ 'ਗੁਰੂ ਗ੍ਰੰਥ' ਆਦਿ ਦੇ ਨਾਂਵਾਂ ਵਿਚ ਸਤਿਕਾਰ ਵਜੋਂ ਵਰਤਣ ਦੀ ਗੱਲ ਤਾਂ ਸਮਝ ਆਉਂਦੀ ਹੈ, ਪਰ ਖੁਦ ਧਾਰਮਿਕ ਨਿਯਮ ਜਾਂ ਚੱਜ ਆਗਿਆ ਨਹੀਂ ਦੇਵੇਗਾ ਕਿ ਪਰਮਾਤਮਾ ਅਤੇ ਧਾਰਮਿਕ ਮਹਾਂਪੁਰਸ਼ਾਂ ਲਈ ਵਰਤਿਆਂ ਜਾਣ ਵਾਲਾ ਖਿਤਾਬ 'ਜਣੇ ਖਣੇ' ਬੰਦਿਆਂ ਤੇ ਥਾਂਵਾਂ ਲਈ ਵਰਤਿਆ ਜਾਵੇ। ਸੋ, 'ਸਾਹਿਬ' ਦੀ ਥੋਕ ਵਿਚ ਵਰਤੋਂ ਅੰਗਰੇਜ਼ਾਂ ਦੀ ਗੁਲਾਮੀ ਦੇ ਪਾਸਿਓਂ ਹੀ ਆਈ ਹੈ ਤੇ ਗੁਲਾਮ ਪ੍ਰਵਿਰਤੀ ਦੀ ਸੂਚਕ ਹੈ।

ਪੰਜਾਬੀ ਬੰਦੇ ਵਿਚ ਮਿਲਦੀ ਸੁਭਾਵਿਕ ਗੁਲਾਮੀ ਦੀ ਦੂਜੀ ਅਲਾਮਤ ਹੈ, ਪੰਜਾਬੀ ਮਨ ਵਿਚ ਅੱਜ ਵੀ ਕਾਲੇ ਤੇ ਭੂਰੇ ਰੰਗਾਂ ਉਪਰ ਗੋਰਿਆਂ ਦੀ ਸਰਦਾਰੀ ਦੇ ਝੰਡੇ ਝੂਲਦੇ ਹਨ। ਸਾਡੇ ਲੋਕ-ਪ੍ਰਚਲਿਤ ਗੀਤਾਂ, ਆਮ ਗੱਲਾਂ, ਤੇ ਪਸੰਦਾਂ 'ਚੋਂ ਇਹ ਸਰਦਾਰੀ ਡੁੱਲ੍ਹ ਡੁੱਲ੍ਹ ਪੈਂਦੀ ਹੈ। ਜੇ ਟਾਵੀਂ ਟਾਵੀਂ ਕਾਲੇ ਰੰਗ ਦੀ ਸਿਫਤ ਮਿਲਦੀ ਵੀ ਹੈ, ਤਾਂ ਉਹ ਵੀ ਜ਼ਿਆਦਾਤਰ ਬਚਾਅ ਜਾਂ ਸਫਾਈ ਦੇਣ ਦੇ ਪੈਂਤੜੇ ਤੋਂ। ਮਿਸਾਲ ਵਜੋਂ, 'ਮੇਰਾ ਕਾਲਾ ਹੀ ਸਰਦਾਰ, ਕਾਲਾ ਸ਼ਾਹ ਕਾਲਾ। ਮੈਂ ਆਪ ਤਿੱਲੇ ਦੀ ਤਾਰ, ਗੋਰਿਆਂ ਨੂੰ ਦਫਾ ਕਰੋ।'

ਭਾਵ ਤਾਂ ਕੀ ਹੋਇਆ ਜੇ ਖਾਵੰਦ ਕਾਲਾ, ਮੈਂ ਆਪ ਤਾਂ ਗੋਰੀਆਂ ਵਰਗੀ ਹੀ ਲੱਗਦੀ ਆਂ। ਇਹਦੇ ਵਿਚ ਖਾਵੰਦ ਦੀ ਘੋਰ ਬੇਇੱਜਤੀ ਹੈ; ਪਰ ਤ੍ਰੀਮਤ ਤੇ ਖਾਵੰਦ-ਦੋਵੇਂ ਖੁਸ਼ੀ ਖੁਸ਼ੀ ਬੜੇ ਮਾਣ ਨਾਲ ਸੁਣੀ ਜਾਂਦੇ ਹਨ।

ਅਸੀਂ ਕਾਲੇ ਰੰਗ ਨੂੰ ਅਜੇ ਵੀ ਕਰੂਪਤਾ, ਬੁਰਾਈ ਤੇ ਬਦਸ਼ਗਨੀ ਦਾ ਪ੍ਰਤੀਕ ਸਮਝਦੇ ਰਹਿੰਦੇ ਹਾਂ। 'ਕਾਲਾ ਦਿਨ', 'ਕਾਲਾ ਹਫਤਾ', 'ਕਾਲੀ ਜੀਭ', 'ਕਾਲਾ ਦਿਲ', 'ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ' ਆਦਿ ਕਹਾਵਤਾਂ ਤੇ ਵਾਕਅੰਸ਼ ਆਮ ਵਰਤੇ ਜਾਂਦੇ ਨੇ। ਹੋਰ ਤਾਂ ਹੋਰ ਅਗਾਂਹ-ਵਧੂ/ਪ੍ਰਗਤੀਸ਼ੀਲ ਸੋਚ ਵਾਲੇ ਲੋਕ ਵੀ 'ਕਾਲੇ ਦਿਨ' ਤੇ 'ਕਾਲੇ ਹਫਤੇ' ਮਨਾਉਂਦੇ ਨੇ, ਤੇ ਭਾਰਤ ਦੀ ਅਧੂਰੀ ਆਜ਼ਾਦੀ ਨੂੰ 'ਕਾਲੀ ਆਜ਼ਾਦੀ' ਜਾਂ 'ਕਾਲੇ ਦਿਲ' ਵਾਲੀ ਆਜ਼ਾਦੀ ਕਹਿੰਦੇ ਨੇ। ਇਸ ਤੋਂ ਇਲਾਵਾ ਚਿਹਰੇ ਦਾ ਰੰਗ ਗੋਰਾ ਕਰਨ ਲਈ ਵਰਤੇ ਜਾਣ ਵਾਲੇ 'ਅਸਰਦਾਰ' ਘਰੇਲੂ ਨੁਸਖਿਆਂ, ਫੇਅਰਨੈਸ ਕ੍ਰੀਮ ਦੀ ਵਰਤੋਂ ਆਦਿ ਦਾ ਬੜਾ ਬੋਲਬਾਲਾ ਹੈ। ਪੰਜਾਬ ਜਾਂ ਪੰਜਾਬੀਆਂ ਵਿਚ ਗੋਰਾ ਰੰਗ ਸੁੰਦਰਤਾ ਦਾ ਇੱਕ ਪੈਮਾਨਾ ਬਣ ਸੁੰਦਰਤਾ ਉਦਯੋਗ ਨੂੰ ਚਲਾਉਣ ਵਿਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਪੰਜਾਬੀ ਬੰਦੇ ਵਿਚ ਮਿਲਦੀ ਸੁਭਾਵਿਕ ਗੁਲਾਮੀ ਦੀ ਤੀਜੀ ਅਲਾਮਤ ਹੈ, ਪੰਜਾਬੀ ਬੰਦੇ ਦਾ ਵਤੀਰਾ, ਜੋ ਉਦੋਂ ਉਜਾਗਰ ਹੁੰਦਾ ਹੈ, ਜਦੋਂ ਉਹ ਪੰਜਾਬ ਛੱਡ ਕੇ ਆਪਣੀ ਮਰਜ਼ੀ ਦੇ ਦੇਸ਼ ਦਾ ਸ਼ਹਿਰੀ ਬਣ ਕੇ ਉਥੇ ਵਸ ਜਾਂਦਾ ਹੈ। ਜਦੋਂ ਬੰਦਾ ਇੱਕ ਦੇਸ਼ ਵਿਚ ਪੈਦਾ ਹੋ ਕੇ ਉਮਰ ਦੇ ਕਿਸੇ ਵੀ ਪੜਾਅ 'ਤੇ ਕਿਸੇ ਦੂਜੇ ਦੇਸ਼ ਵਿਚ ਆਣ ਵਸੇ ਤੇ ਉਹਦੀ ਸ਼ਹਿਰੀਅਤ ਲੈ ਲਵੇ ਤਾਂ ਇਹ ਦੂਜਾ ਦੇਸ਼ ਬੰਦੇ ਦਾ ਦੇਸ਼ ਬਣ ਜਾਂਦਾ ਹੈ, ਜਿਹਨੂੰ ਆਪਣੀ ਮਰਜ਼ੀ ਜਾਂ ਆਪਣੀ ਚੋਣ ਦਾ ਦੇਸ਼ ਯਾਨਿ 'ਕੰਟਰੀ ਆਫ ਚੁਆਇਸ' ਵੀ ਕਿਹਾ ਜਾਂਦਾ ਹੈ। ਪਿਛਾਂਹ ਰਹਿ ਗਏ ਦੇਸ਼ ਨੂੰ ਜਨਮ-ਦੇਸ਼ ਜਾਂ ਮੁੱਢਲਾ ਦੇਸ਼ ਕਿਹਾ ਜਾਂਦਾ ਹੈ। ਇੱਕ ਪਿੱਛੇ ਰਹਿ ਗਿਆ ਜਨਮ-ਦੇਸ਼ ਤੇ ਇੱਕ ਹੁਣ ਦਾ ਦੇਸ਼, ਪਰਦੇਸ ਕੋਈ ਨਹੀਂ। ਇਹ ਇਸ ਸਥਿਤੀ ਪ੍ਰਤੀ ਸਹੀ, ਵਾਜਬ ਤੇ ਸਹਿਜ ਪਹੁੰਚ ਹੈ, ਜੋ ਹਕੀਕਤ 'ਤੇ ਆਧਾਰਿਤ ਹੈ।

ਮਿਸਾਲ ਵਜੋਂ ਅਮਰੀਕਾ ਆਪਣੇ ਹੁਣ ਤੱਕ ਦੇ ਇਤਿਹਾਸ ਸਦਕਾ ਪਰਵਾਸੀਆਂ ਦਾ ਕਿਹਾ ਜਾਂਦਾ ਹੈ, ਜਿੱਥੇ ਆਦਿਵਾਸੀ ਅਮਰੀਕੀ ਘੱਟ-ਗਿਣਤੀ ਤੋਂ ਇਲਾਵਾ ਅੱਜ ਵੀ ਹਰ ਇੱਕ ਵਿਅਕਤੀ ਜਾਂ ਟੱਬਰ ਜਾਂ ਤਾਂ ਇੰਮੀਗਰੈਂਟ (ਪਰਵਾਸੀ) ਹੈ, ਤੇ ਜਾਂ ਉਹਦੀਆਂ ਇਸ ਦੇਸ਼ ਵਿਚ ਜੜ੍ਹਾਂ ਇੱਕ ਇੰਮੀਗਰੈਂਟ ਵਿਅਕਤੀ ਜਾਂ ਟੱਬਰ ਨਾਲ ਜਾ ਮਿਲਦੀਆਂ। ਇੰਜ ਦੁਨੀਆਂ ਦੇ ਵੱਖ ਵੱਖ ਦੇਸ਼ਾਂ 'ਚੋਂ ਆ ਕੇ ਲੋਕ ਅਮਰੀਕਾ ਵਿਚ ਵਸੇ, ਜਿਨ੍ਹਾਂ ਇਸ ਦੇਸ਼ ਦੀ ਉਸਾਰੀ ਵਿਚ ਹਿੱਸਾ ਵੀ ਪਾਇਆ। ਬਹੁਤੇ ਪੰਜਾਬੀ ਅਮਰੀਕੀ ਨਾਗਰਿਕਤਾ ਦੀ ਸਹੁੰ ਚੁੱਕਣ ਪਿਛੋਂ ਤੇ ਅਮਰੀਕੀ ਰਾਸ਼ਟਰਪਤੀ ਦਾ ਰਸਮੀ ਖਤ, ਜਿਸ 'ਚ ਉਹ ਉਨ੍ਹਾਂ ਨੂੰ 'ਮਾਈ ਫੈਲੋ ਅਮੈਰਿਕਨ' ਕਹਿ ਕੇ ਸੰਬੋਧਤ ਹੁੰਦਾ ਹੈ, ਪ੍ਰਾਪਤ ਕਰਨ ਪਿਛੋਂ ਵੀ ਵਿਦੇਸ਼ੀ ਹੋਣ ਦਾ ਆਪੇ ਸਿਰਜਿਆ ਸੰਤਾਪ ਰਹਿੰਦੀ ਜ਼ਿੰਦਗੀ ਭੋਗਦੇ ਰਹਿੰਦੇ ਨੇ; ਉਹ ਅਕਸਰ ਅਮਰੀਕਾ ਨੂੰ 'ਗੋਰਿਆਂ' ਦਾ ਦੇਸ਼ ਸਮਝਦੇ ਰਹਿੰਦੇ ਨੇ ਅਤੇ ਕਾਲੇ ਤੇ ਹੋਰ ਰੰਗਦਾਰ ਨਸਲਾਂ ਵਾਲੇ ਅਮਰੀਕਨਾਂ ਬਾਰੇ ਉਨ੍ਹਾਂ ਦੇ ਵਿਚਾਰ ਅਕਸਰ ਵਿਕਤਰੇ ਭਰੇ ਹੁੰਦੇ ਨੇ। ਕੈਨੇਡਾ ਤੇ ਹੋਰ ਪੱਛਮੀ ਦੇਸ਼ਾਂ ਵਿਚ ਵਸੇ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਵਿਚ ਇਹ ਵਤੀਰਾ ਆਮ ਹੈ। ਮੁੱਕਦੀ ਗੱਲ, ਤਰਕ ਦਿੱਤਾ ਜਾ ਸਕਦਾ ਹੈ ਕਿ ਅੰਗਰੇਜ਼ੀ ਰਾਜ ਸੰਗ ਪੂਰੇ ਹੋਏ ਗੁਲਾਮੀ ਦੇ ਲੰਬੇ ਇਤਿਹਾਸ ਦਾ ਅਸਰ, ਬਾਕੀ ਭਾਰਤੀਆਂ ਵਾਂਗ, ਪੰਜਾਬੀਆਂ ਦੀ ਮਾਨਸਿਕਤਾ ਉਪਰ ਵੀ ਪਿਆ। ਇਸ ਅਸਰ ਦੀ ਡੂੰਘਾਈ ਸਦਕਾ ਅਤੇ ਇਹਨੂੰ ਮਿੱਥ ਕੇ ਮਿਟਾਉਣ ਦੀਆਂ ਕਾਫੀ ਕੋਸ਼ਿਸ਼ਾਂ ਦੀ ਗੈਰ-ਹਾਜ਼ਰੀ ਕਾਰਨ ਅੰਗਰੇਜ਼ਾਂ ਦੇ ਚਲੇ ਜਾਣ ਤੋਂ ਕਰੀਬ ਪੌਣੀ ਸਦੀ ਬਾਅਦ ਵੀ ਇਹ ਅਸਰ ਕਾਇਮ ਹੈ।

ਇਸ ਲੇਖ ਵਿਚ ਵਿਚਾਰੀਆਂ ਗਈਆਂ ਅਲਾਮਤਾਂ ਗੁਲਾਮ ਪ੍ਰਵਿਰਤੀ ਤੇ ਵਤੀਰੇ ਦੀਆਂ ਹੀ ਪ੍ਰਤੀਕ ਨੇ: 'ਸਾਹਿਬ' ਖਿਤਾਬ ਦੀ ਭਰਮਾਰ ਵਰਤੋਂ, ਗੋਰੇ ਰੰਗ ਦੀ ਕਾਲੇ ਰੰਗ ਉਪਰ ਸਰਦਾਰੀ, ਤੇ ਪੱਛਮੀ ਦੇਸ਼ਾਂ ਦੇ ਨਾਗਰਿਕ ਬਣ ਕੇ ਵੀ ਉਨ੍ਹਾਂ ਨੂੰ ਨਾ ਅਪਨਾਉਂਦਿਆਂ ਗਲਤ ਤੌਰ 'ਤੇ ਸਿਰਫ 'ਗੋਰਿਆਂ' ਦੇ ਦੇਸ਼ ਸਮਝੀ ਜਾਣਾ।

ਇੱਥੇ ਤਿੰਨ ਅਲਾਮਤਾਂ ਮਿਸਾਲ ਵਜੋਂ ਵਿਚਾਰੀਆਂ ਗਈਆਂ ਨੇ, ਉਂਜ ਸੁਭਾਵਿਕ ਜਾਂ ਮਾਨਸਿਕ ਗੁਲਾਮੀ ਦੀਆਂ ਅਲਾਮਤਾਂ ਤਾਂ ਬਥੇਰੀਆਂ ਨੇ, ਜੋ ਪੰਜਾਬੀ ਬੰਦੇ ਵਿਚ ਮਿਲਦੀਆਂ ਹਨ। ਜੇ ਚਾਹੀਏ ਤਾਂ, ਨਾ-ਉਚਿਤ ਵਰਤੋਂ ਵਿਚ 'ਸਾਹਿਬ' ਨੂੰ 'ਜੀ' ਵਿਚ ਬਦਲ ਸਕਦੇ ਹਾਂ; ਕਾਲੇ ਰੰਗ ਪ੍ਰਤੀ ਨਸਲਵਾਦੀ ਰਵੱਈਆ ਜਿਵੇਂ 'ਕਾਲਾ ਦਿਨ', 'ਕਾਲੀ ਜ਼ੁਬਾਨ', 'ਕਾਲਾ ਦਿਲ' ਆਦਿ ਸੰਕਲਪਾਂ ਦੀ ਵਰਤੋਂ ਛੱਡ ਸਕਦੇ ਹਾਂ; ਤੇ ਜੇ ਪੰਜਾਬੋਂ ਬਾਹਰ ਕਿਸੇ ਦੇਸ਼ ਵਿਚ ਬਤੌਰ ਨਾਗਰਿਕ ਵਸ ਰਹੇ ਹੋਈਏ ਤਾਂ ਉਹਨੂੰ ਆਪਣਾ ਦੇਸ਼ ਸਮਝ ਕੇ ਉਥੋਂ ਦੀਆਂ ਭਾਈਚਾਰਕ, ਸਮਾਜਿਕ ਤੇ ਸਿਆਸੀ ਸਰਗਰਮੀਆਂ ਵਿਚ ਹਿੱਸਾ ਲੈ ਸਕਦੇ ਹਾਂ, ਆਪਣੇ ਵਿੱਤ ਮੁਤਾਬਕ। ਇੰਜ ਸ਼ੁਰੂਆਤ ਕਰ ਸਕਦੇ ਹਾਂ, ਗੁਲਾਮੀ ਦੀ ਰਹਿੰਦ-ਖੂੰਹਦ ਨੂੰ ਆਪੋ-ਆਪਣੇ ਮਨ ਵਿਚੋਂ ਹੂੰਝ ਸੁੱਟਣ ਦੀ, ਬਜਾਏ ਅਗਲੇ ਪੀੜ੍ਹੀ ਨੂੰ ਸੌਂਪ ਦੇਣ ਦੇ। ਜੇ ਚਾਹੀਏ ਤਾਂ!

ਡਾ. ਸੁਖਪਾਲ ਸੰਘੇੜਾ

# ਕੋਹਲਾਪੁਰੀ ਇਨ ਟ੍ਰੈਂਡ

ਵੈਜੀਟੇਬਲ ਡਾਈ ਨਾਲ ਰੰਗੀ ਗਈ ਲੈਦਰ ਕੋਹਲਾਪੁਰੀ ਚੱਪਲ ਅੱਜ ਕੱਲ੍ਹ ਫੈਸ਼ਨ ਦੀ ਦੁਨੀਆਂ ਵਿਚ ਛਾਈ ਹੋਈ ਹੈ। ਇਹ ਮਰਦਾਂ ਲਈ ਵੀ ਉਨੀ ਹੀ ਆਰਾਮਦਾਇਕ ਅਤੇ ਸਟਾਈਲਿਸ਼ ਹੈ ਜਿੰਨੀ ਔਰਤਾਂ ਲਈ। ਆਓ ਜਾਣਦੇ ਹਾਂ ਇਸ ਦੇ ਲੈਟੇਸਟ ਟ੍ਰੈਂਡ ਬਾਰੇ।

ਏਥਨਿਕ ਅਤੇ ਇੰਡੋਵੈਸਟਰਨ ਲੁਕ ਦੇਣ ਵਾਲੀ ਕੋਹਲਾਪੁਰੀ ਚੱਪਲ ਅੱਜ ਕੱਲ੍ਹ ਕਾਫੀ ਚਲਨ ਵਿਚ ਹੈ। ਆਰਾਮਦਾਇਕ ਅਹਿਸਾਸ ਵਾਲੀਆਂ ਇਹ ਚੱਪਲਾਂ ਕਾਲਜ ਜਾਣ ਵਾਲੀਆਂ ਲੜਕੀਆਂ ਤੋਂ ਲੈ ਕੇ ਕੰਮਕਾਜੀ ਔਰਤਾਂ ਅਤੇ ਮਰਦ ਹਰ ਕਿਸੇ ਦੀ ਪਸੰਦ ਬਣੀ ਹੋਈ ਹੈ।



### ਗਲੋਬਲ ਟ੍ਰੈਂਡ

ਮਹਾਰਾਸ਼ਟਰ ਦੇ ਕੋਹਲਾਪੁਰ ਜ਼ਿਲ੍ਹੇ ਦੀ ਕੋਹਲਾਪੁਰੀ ਚੱਪਲ ਅੱਜ ਗਲੋਬਲ ਹੋ ਚੁੱਕੀ ਹੈ। ਭਾਰਤ ਵਿਚ ਹੀ ਨਹੀਂ ਵਿਦੇਸ਼ਾਂ ਵਿਚ ਵੀ ਲੋਕ ਇਸ ਦੇ ਕਦਰਦਾਨ ਹਨ। ਲੈਦਰ ਤੋਂ ਬਣੀ ਇਸ ਚੱਪਲ ਨੂੰ ਨੈਚੂਰਲ ਵੈਜੀਟੇਬਲ ਡਾਈ ਨਾਲ ਟੈਨ ਕੀਤਾ ਜਾਂਦਾ ਹੈ ਅਤੇ ਇਨ੍ਹਾਂ 'ਤੇ ਹੈਂਡ ਕ੍ਰਾਫਟਿੰਗ ਕੀਤੀ ਜਾਂਦੀ ਹੈ।



### ਮੈਚ ਕਰਕੇ ਪਹਿਨੋ

ਅੱਜ ਕੱਲ੍ਹ ਫਲੋਰਲ, ਐਂਬੈਲਿਸ਼ਡ ਅਤੇ ਬੀਡਵਰਕ ਵਾਲੀ ਕੋਹਲਾਪੁਰੀ ਚੱਪਲਾਂ ਚਲਨ ਵਿਚ ਹੈ। ਇਸ ਨੂੰ ਸਕਰਟ, ਸਾੜੀ, ਮੈਕਸੀ ਡਰੈਸ ਜਾਂ ਸਲਵਾਰ ਕਮੀਜ਼ ਦੇ ਨਾਲ ਪਹਿਨਿਆ ਜਾ ਸਕਦਾ ਹੈ। ਪੁਰਸ਼ ਇਸ ਨੂੰ ਜੀਨਸ ਜਾਂ ਕੁੜਤੇ ਪਜਾਮੇ ਨਾਲ ਪਹਿਨ ਸਕਦੇ ਹਨ।



### ਮੌਕੇ ਮੁਤਾਬਕ ਕਰੋ ਕੰਬੀਨੇਸ਼ਨ

ਰਿਲੈਕਸਡ ਲੁਕ ਲਈ ਬਲੂ, ਗਰੀਨ, ਪਿੰਕ ਵਰਗੇ ਰੰਗਾਂ ਨਾਲ ਸਜਾਈ ਹੋਈ ਕੋਹਲਾਪੁਰੀ ਚੱਪਲ ਫਲੋਈ ਮੈਕਸੀ ਡਰੈਸ ਨਾਲ ਕੰਬਾਈਨ ਕਰੋ।

ਕੋਹਲਾਪੁਰੀ ਚੱਪਲ ਨੂੰ ਸ਼ਾਰਟਸ ਬ੍ਰਾਈਟ ਰੰਗ ਵਾਲੀ ਟਾਪ ਨਾਲ ਪਹਿਨੋ।

ਏਥਨਿਕ ਪ੍ਰਿੰਟਸ ਵਾਲੀ ਲੰਬੀ ਸਕਰਟ ਅਤੇ ਸ਼ਾਰਟ ਕੁੜਤੀ ਦੇ ਨਾਲ ਕੋਹਲਾਪੁਰੀ ਚੱਪਲ ਅਤੇ ਮੈਟੇਲਿਕ ਚੂੜੀਆਂ ਪਹਿਨੋ।

ਕਾਟਨ ਪਲਾਜ਼ੋ ਟਾਪ ਨਾਲ ਫਲੋਰਲ ਕੋਹਲਾਪੁਰੀ ਚੱਪਲ ਪਹਿਨੋ।

# ਅਮਰੀਕਾ-ਇਰਾਨ ਸੰਕਟ ਤੇ ਖਾੜੀ ਖਿੱਤੇ ਦੇ ਹਾਲਾਤ

ਬਸਤੀਵਾਦੀ ਦੌਰ ਬਾਰੇ ਇਹ ਅਕਸਰ ਕਿਹਾ ਜਾਂਦਾ ਹੈ ਕਿ ਬਰਤਾਨੀਆ ਦਾ ਸੂਰਜ ਕਦੇ ਵੀ ਨਹੀਂ ਛਿਪਦਾ ਸੀ। ਹੁਣ ਇਹ ਕਿਹਾ ਜਾਂਦਾ ਹੈ ਕਿ ਅਮਰੀਕਾ ਦੀ ਮਿਲਟਰੀ ਦੁਨੀਆ ਦੇ ਹਰ ਕੋਨੇ ਵਿਚ ਹੈ, ਉਸ ਦਾ ਵੀ ਕਿਤੇ ਸੂਰਜ ਨਹੀਂ ਛਿਪਦਾ। ਅਮਰੀਕਨ ਧੌਂਸ ਇਸ ਹੱਦ ਤੱਕ ਵਧ ਚੁੱਕੀ ਹੈ ਕਿ ਇਹ ਆਏ ਦਿਨ ਕਿਸੇ ਨਾਲ ਕਿਸੇ ਮੁਲਕ ਨਾਲ ਟਕਰਾਅ ਵਿਚ ਆ ਰਿਹਾ ਹੈ। 20ਵੀਂ ਸਦੀ ਤੋਂ ਲੈ ਕੇ ਹੁਣ ਤੱਕ ਦੇ ਇਤਿਹਾਸ ਵਿਚ ਇਸ ਨੇ ਦੁਨੀਆ ਦੇ ਵੱਖ ਵੱਖ ਕੋਨਿਆਂ ਵਿਚ ਕਈ ਮੁਲਕਾਂ ਦੀਆਂ ਸਰਕਾਰਾਂ ਤੋੜੀਆਂ, ਜੰਗਾਂ ਲੜੀਆਂ ਅਤੇ ਤਬਾਹੀ ਕੀਤੀ ਹੈ। ਉਂਜ, ਹਕੀਕਤ ਇਹ ਹੈ ਕਿ ਵੱਖ ਵੱਖ ਜੰਗਾਂ ਵਿਚੋਂ ਅਮਰੀਕਾ ਨਿਕਲਣ ਦੀ ਥਾਂ ਲਗਾਤਾਰ ਫਸਦਾ ਰਿਹਾ ਹੈ ਅਤੇ ਜੰਗ ਦੀ ਤਬਾਹੀ ਤੋਂ ਬਾਅਦ ਆਪਣੇ ਹਿੱਤਾਂ ਦੀ ਰੱਖਿਆ ਲਈ ਆਪਣੇ ਪੱਖੀ ਸਰਕਾਰਾਂ ਸਥਾਪਤ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਫਿਰ ਵੀ ਜੰਗਾਂ ਤੋਂ ਪੀੜਤ ਮੁਲਕ ਜਾਂ ਤਾਂ ਆਪਸੀ ਲੜਾਈਆਂ ਵਿਚ ਉਲਝ ਗਏ ਜਾਂ ਫਿਰ ਆਰਥਿਕ ਮੰਦਵਾੜਿਆਂ ਦਾ ਸ਼ਿਕਾਰ ਹੋ ਗਏ ਤੇ ਭਿਆਨਕ ਤਰਾਸਦੀਆਂ ਵਿਚ ਬਦਲ ਗਏ। ਇਰਾਕ, ਅਫਗਾਨਿਸਤਾਨ, ਸੀਰੀਆ, ਲਿਬਨਾਨ ਆਦਿ ਅਜਿਹੀਆਂ ਹੀ ਮਿਸਾਲਾਂ ਹਨ।

ਅਮਰੀਕਾ ਨੇ ਖਾੜੀ ਵਿਚ ਸਭ ਤੋਂ ਵੱਡੀ ਜੰਗ ਇਰਾਕ ਦੇ ਖਿਲਾਫ਼ ਸੱਦਾਮ ਹੁਸੈਨ ਨੂੰ ਸੱਤਾ ਵਿਚੋਂ ਪਰ੍ਹੇ ਕਰਨ ਲਈ ਇਸ ਕਰਕੇ ਲੜੀ ਕਿ ਉਹ ਉਸ ਦੇ ਟੀਚਿਆਂ ਦੀ ਪੂਰਤੀ ਦੇ ਰਾਹ ਵਿਚ ਸਭ ਤੋਂ ਵੱਡਾ ਅੜਿੱਕਾ ਸੀ। ਤੇਲ ਦੇ ਭੰਡਾਰਾਂ ਪਿੱਛੇ ਜਿਸ ਤਰ੍ਹਾਂ ਦੀ ਲਲਕ ਅਮਰੀਕਾ ਅੰਦਰ ਪੈਦਾ ਹੋਈ, ਉਸ ਨੇ ਇਸ ਖਿੱਤੇ ਨੂੰ ਤਬਾਹੀ ਤੱਕ ਪਹੁੰਚਾ ਦਿੱਤਾ। ਸਾਊਦੀ ਅਰਬ ਜਿਸ ਦੀ ਸਮੁੱਚੀ ਸੁਰੱਖਿਆ ਇਕ ਤਰ੍ਹਾਂ ਨਾਲ ਅਮਰੀਕਾ ਕੋਲ ਠੇਕੇ ਤੇ ਹੈ, ਵਿਚ ਵੱਖ ਵੱਖ ਇਸਲਾਮੀ ਗਰੁੱਪਾਂ ਨੂੰ ਮਦਦ ਕਰਨ ਅਤੇ ਪਨਾਹ ਦੇਣ ਦੇ ਦੋਸ਼ ਦੁਨੀਆ ਭਰ ਵਿਚ ਲੱਗ ਚੁੱਕੇ ਹਨ।

ਇਸ ਦੇ ਨਾਲ ਹੀ ਇਸ ਖਿੱਤੇ ਵਿਚ ਸਭ ਤੋਂ ਵੱਡੀ ਸੰਕਟ ਦੀ ਜੜ੍ਹ ਇਸਰਾਈਲ ਦੀਆਂ ਇੱਛਾਵਾਂ ਅਤੇ ਇਰਾਦਿਆਂ ਵਿਚ ਸਮੋਈ ਹੋਈ ਹੈ ਜਿਸ ਨੇ ਫ਼ਲਸਤੀਨ ਦੀ ਹੋਂਦ ਮਿਟਾਉਣ ਲਈ ਕੋਈ ਕਸਰ ਨਹੀਂ ਛੱਡੀ। ਤੱਤ ਰੂਪ ਵਿਚ ਇਸਰਾਈਲ ਅਮਰੀਕਾ ਦਾ ਉਹ ਪਿੱਠੂ ਹੈ ਜੋ ਇਸ ਖੇਤਰ ਵਿਚ ਕਿਸੇ ਵੀ ਹਾਲ ਸ਼ਾਂਤੀ ਦੇ ਪੱਖ ਵਿਚ ਨਹੀਂ, ਕਿਉਂਕਿ ਉਸ ਦਾ ਬਹੁਤਾ ਦਾਮੋਦਾਰ ਅਮਰੀਕਾ ਤੇ ਹੀ ਹੈ। ਇਸ ਖੇਤਰ ਵਿਚ ਜਿਸ ਤਰ੍ਹਾਂ ਇਰਾਨ ਨੇ ਆਪਣੀ ਪ੍ਰਭੂਸੱਤਾ ਬਰਕਰਾਰ ਰੱਖੀ ਹੋਈ ਹੈ, ਉਹ ਅਮਰੀਕਾ ਦੀਆਂ ਅੱਖਾਂ ਵਿਚ ਵੀ ਰੜਕਦੀ ਵੀ ਹੈ ਬਲਕਿ ਇਸਰਾਈਲ ਇਸ ਨੂੰ ਹੋਰ ਸ਼ਹਿ ਦੇ ਰਿਹਾ ਹੈ।

ਅਮਰੀਕਾ ਯੂਐਨਓ ਰਾਹੀਂ ਵੱਖ ਵੱਖ ਮੁਲਕਾਂ ਦੇ ਪਰਮਾਣੂ ਊਰਜਾ ਪ੍ਰਾਜੈਕਟਾਂ ਨੂੰ ਪਰਮਾਣੂ ਹਥਿਆਰਾਂ ਨਾਲ ਜੋੜ ਕੇ ਪਾਬੰਦੀਆਂ ਅਤੇ ਸ਼ਰਤਾਂ ਲਗਾਉਣ ਤੱਕ ਪਹੁੰਚ ਜਾਂਦਾ ਹੈ। ਪਿਛਲੇ 40 ਸਾਲਾਂ ਤੋਂ ਜਿਸ ਤਰ੍ਹਾਂ ਅਮਰੀਕਾ ਅਤੇ ਇਰਾਨ ਦਾ ਟਕਰਾਅ ਬਣਿਆ ਹੋਇਆ ਹੈ, ਉਹ ਹੁਣ ਚਰਮ ਸੀਮਾ ਤੇ ਪਹੁੰਚ ਗਿਆ ਹੈ। ਆਏ ਦਿਨ ਇਕ ਦੂਜੇ ਉਪਰ ਕੌਮਾਂਤਰੀ ਕਾਇਦੇ ਕਾਨੂੰਨ ਭੰਨਣ ਦੇ ਇਲਜ਼ਾਮ ਲਗਾਏ ਜਾ ਰਹੇ ਹਨ ਪਰ ਖਿੱਤੇ ਦੇ ਬਹੁਗਿਣਤੀ ਮੁਲਕਾਂ ਨੂੰ ਪਤਾ ਹੈ ਕਿ ਅਮਰੀਕਾ ਤਬਾਹੀ ਤਾਂ ਮਚਾ ਸਕਦਾ ਹੈ ਪਰ ਇਹ ਮੁੜ ਉਸ ਦੀ ਪਿੱਠ ਤੇ ਨਹੀਂ ਖੜ੍ਹਦਾ ਅਤੇ ਉਸ ਮੁਲਕ ਨੂੰ ਆਰਥਿਕ ਸੰਕਟ ਵਿਚੋਂ ਉਭਾਰਨ ਦਾ ਅਮਰੀਕਾ ਦਾ ਕੋਈ ਵੀ ਸਰੋਕਾਰ ਨਹੀਂ ਹੁੰਦਾ। ਅਜਿਹੀਆਂ ਮਿਸਾਲਾਂ ਅਰਬ ਖਾੜੀ ਤੋਂ ਲੈ ਕੇ ਲਾਤੀਨੀ ਅਮਰੀਕਾ ਅਤੇ ਏਸ਼ੀਆ ਤੱਕ ਭਰੀਆਂ ਪਈਆਂ ਹਨ।

ਅਮਰੀਕਾ ਦਾ ਸਭ ਤੋਂ ਵੱਡਾ ਸਰੋਕਾਰ ਇਸ ਖਿੱਤੇ ਵਿਚਲੇ ਤੇਲ ਭੰਡਾਰਾਂ ਉਪਰ ਆਪਣੀ ਸਰਦਾਰੀ ਕਾਇਮ ਰੱਖਣਾ ਹੈ ਤਾਂ ਕਿ ਇਸ ਰਾਹੀਂ ਦੁਨੀਆ ਦੇ ਵੱਖ ਵੱਖ ਮੁਲਕਾਂ, ਇਥੋਂ ਤੱਕ ਯੂਰੋਪ ਦੇ ਮੁਲਕਾਂ ਨੂੰ ਵੀ ਹੇਠਾਂ ਲਗਾਇਆ ਜਾ ਸਕੇ। ਅਮਰੀਕਾ ਨੇ ਜਿਸ ਪੱਧਰ ਤੇ ਆਪਣੇ ਮੁਲਕ ਦੀ ਆਰਥਿਕਤਾ ਨੂੰ ਮਿਲਟਰੀ ਸਨਅਤ ਆਰਥਿਕਤਾ ਬਣਾ ਲਿਆ ਹੈ, ਆਧੁਨਿਕ ਹਥਿਆਰ ਬਣਾਉਣੇ, ਵੇਚਣੇ ਅਤੇ ਇਨ੍ਹਾਂ ਦੀ ਦੁਰਵਰਤੋਂ ਕਰਨਾ ਇਸ ਦਾ ਕੇਂਦਰੀ ਸਰੋਕਾਰ ਬਣ ਚੁੱਕਿਆ ਹੈ। ਹੁਣ ਜਦੋਂ ਨਿੱਤ ਰੋਜ਼ ਕਿਸੇ ਨਾ ਕਿਸੇ ਮੁਲਕ ਨਾਲ ਅਮਰੀਕਾ ਟਕਰਾਅ ਵਿਚ ਆ ਰਿਹਾ ਹੈ, ਧਮਕੀਆਂ ਤੋਂ ਲੈ ਕੇ ਜੰਗ ਤੱਕ ਦੀ ਨੌਬਤ ਆ ਚੁੱਕੀ ਹੈ।

ਇਨ੍ਹਾਂ ਸਾਰੇ ਪੱਖਾਂ ਨੂੰ ਦੇਖਦਿਆਂ ਹਰ ਮੁਲਕ ਅਮਰੀਕਾ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖਦਾ ਹੈ ਅਤੇ ਇਸ ਦਾ ਸਾਥ ਦੇਣ ਤੋਂ ਕੰਨੀਂ ਕਤਰਾਉਂਦਾ ਹੈ। ਇਰਾਨ ਅਮਰੀਕਾ ਸੰਕਟ ਵਿਚ ਭਾਵੇਂ ਯੂਰੋਪੀਅਨ ਮੁਲਕ ਅਮਰੀਕਾ ਨਾਲ ਖੜ੍ਹੇ ਦਿਖਾਈ ਦਿੰਦੇ ਹਨ ਪਰ ਉਨ੍ਹਾਂ ਅੰਦਰ ਇੰਨੀ ਜਾਨ ਨਹੀਂ ਕਿ ਉਸ ਦੇ ਹਮਲਾਵਰ ਰੁਖ਼ ਨਾਲ ਜੁੜ ਕੇ ਕੋਈ ਪਹਿਲਕਦਮੀ ਕਰ ਸਕਣ ਦੇ ਸਮਰਥ ਹੋਣ। ਅਜਿਹੇ ਹਾਲਾਤ ਵਿਚ ਇਰਾਨ ਵੱਲੋਂ ਦਿਖਾਈ ਜਾ ਰਹੀ ਜੁਰਅਤ ਅਮਰੀਕਾ ਅਤੇ ਯੂਰੋਪੀਅਨ ਮੁਲਕਾਂ ਨੂੰ ਕੰਬਣੀ ਛੇੜ ਰਹੀ ਹੈ; ਹਾਲਾਂਕਿ ਅਮਰੀਕਾ ਨੇ ਆਪਣੇ ਪੁਰਾਣੇ ਕਾਇਦੇ ਕਾਨੂੰਨਾਂ ਅਨੁਸਾਰ ਇਰਾਨ ਤੇ ਆਰਥਿਕ ਬੰਦਸ਼ਾਂ ਲਗਾ ਦਿੱਤੀਆਂ ਹਨ ਜੋ ਕਈ ਵਾਰੀ ਪਹਿਲਾਂ ਵੀ ਲੱਗ ਚੁੱਕੀਆਂ ਹਨ। ਇਸ ਦਾ ਮੋੜਵਾਂ ਜਵਾਬ ਦਿੰਦੇ ਹੋਏ ਛਿ




ਨੇ ਪਰਮਾਣੂ ਊਰਜਾ ਦੇ ਸਵਾਲ ਤੇ ਸੰਧੀ (2015) ਨੂੰ ਖੁੱਲ੍ਹੇਆਮ ਤੋੜਨ ਦਾ ਐਲਾਨ ਹੀ ਨਹੀਂ ਕੀਤਾ ਬਲਕਿ ਇਸ ਹੱਦ ਤੱਕ ਅਮਰੀਕਾ ਅਤੇ ਯੂਰੋਪੀਅਨ ਮੁਲਕਾਂ ਨੂੰ ਵੰਗਾਰਿਆ ਹੈ ਕਿ ਇਹ ਸੰਧੀ ਦੇ ਨਿਯਮ ਛਿੱਕੇ ਟੰਗ ਰਿਹਾ ਹੈ। ਯੂਰੇਨੀਅਮ ਦੀ ਸੁਧਾਈ ਜੋ ਪਰਮਾਣੂ ਹਥਿਆਰ ਬਣਾਉਣ ਲਈ ਜ਼ਰੂਰੀ ਹੈ, ਵਿਚ ਵਾਧਾ ਕਰ ਰਿਹਾ ਹੈ। ਇਰਾਨ ਨੇ ਯੂਰੋਪੀਅਨ ਮੁਲਕਾਂ ਨੂੰ ਵੰਗਾਰਿਆ ਹੈ ਕਿ ਇਨ੍ਹਾਂ ਅੰਦਰ ਅਮਰੀਕਾ ਨੂੰ ਕੁਝ ਕਹਿਣ ਦੀ ਜੁਅਰਤ ਹੀ ਨਹੀਂ ਹੈ।

ਯਾਦ ਰਹੇ ਕਿ ਭਾਰਤ ਨੇ ਇਰਾਨ ਤੋਂ ਤੇਲ ਦੀ ਸਪਲਾਈ ਰੋਕਣ ਸਬੰਧੀ ਅਮਰੀਕਾ ਅੱਗੇ ਗੋਡੇ ਟੇਕ ਦਿੱਤੇ ਹਨ। ਅਰਬ ਦੀ ਖਾੜੀ ਦੇ ਪ੍ਰਸਿੱਧ ਵਿਸ਼ਲੇਸ਼ਕ ਰੌਬਰਟ ਫਿਸਕ ਦਾ ਕਹਿਣਾ ਹੈ ਕਿ ਇਰਾਨ ਅਮਰੀਕਾ ਦੇ ਤਜਰਬਿਆਂ ਤੋਂ ਪੂਰੀ ਤਰ੍ਹਾਂ ਵਾਕਿਫ ਹੈ; ਜਿਵੇਂ ਆਰਥਿਕ ਮੰਦਵਾੜੇ ਵਿਚ ਮੁਲਕ ਨੂੰ ਫਸਾਉਣਾ, ਬੇਚੈਨੀ ਪੈਦਾ ਕਰਨੀ, ਰਾਜ ਪਲਟੇ ਕਰਨੇ ਆਦਿ।

ਇਸ ਵੇਲੇ ਖਾੜੀ ਵਿਚ ਜੋ ਹਾਲਾਤ ਹਨ, ਉਸ ਤੋਂ ਸ਼ਾਇਦ ਅਮਰੀਕਾ ਵੀ ਅਨਜਾਣ ਹੈ। ਥਾਂ ਥਾਂ ਅਮਰੀਕਾ ਖਿਲਾਫ਼ ਲੁਕਵੇਂ ਜਾਂ ਖੁੱਲ੍ਹੇ ਰੂਪ ਵਿਚ ਵਿਰੋਧ ਧੁਖ ਰਿਹਾ ਹੈ। ਹੁਣੇ ਜਿਹੇ ਡੋਨਲਡ ਟਰੰਪ ਨੇ ਉੱਤਰੀ ਕੋਰੀਆ ਜਿਸ ਨੂੰ ਅਮਰੀਕਾ ਨਿੱਤ ਹਮਲਾ ਕਰਨ ਦੀਆਂ ਧਮਕੀਆਂ ਦਿੰਦਾ ਸੀ, ਦੀ ਧਰਤੀ ਤੇ ਜਾ ਕੇ ਉਸ ਨੂੰ ਦੋਸਤ ਕਹਿਣਾ ਪਿਆ, ਕਿਉਂਕਿ ਇਸ ਖਿੱਤੇ ਵਿਚ ਚੀਨ ਨੇ ਸਿੱਧੀ ਪੁਜੀਸ਼ਨ ਲਈ ਹੋਈ ਹੈ ਕਿ ਉਹ ਇਰਾਨ ਤੋਂ ਤੇਲ ਦੀ ਸਪਲਾਈ ਜਾਰੀ ਰੱਖੇਗਾ। ਅਜਿਹੀ ਹੀ ਪੁਜੀਸ਼ਨ ਜਾਪਾਨ ਦੀ ਹੈ, ਹਾਲਾਂਕਿ ਅਮਰੀਕਾ ਜਾਪਾਨ ਨੂੰ ਇਰਾਨ ਖਿਲਾਫ਼ ਭੜਕਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ।

ਅੱਜ ਹਾਲਾਤ ਇਹ ਹਨ ਕਿ ਅਮਰੀਕਾ ਆਪਣੀਆਂ ਪਹਿਲਾਂ ਵਾਲੀਆਂ ਪੁਜੀਸ਼ਨਾਂ ਤ ਹਿਲ ਵੀ ਰਿਹਾ ਹੈ। ਇਸ ਨੂੰ ਤੌਖਲਾ ਹੈ ਕਿ ਥਾਂ ਥਾਂ ਤੇ ਸ਼ੁਰੂ ਕੀਤੀਆਂ ਜੰਗਾਂ ਜੋ ਉਸ ਦਾ ਖਹਿੜਾ ਨਹੀਂ ਛੱਡ ਰਹੀਆਂ, ਵੱਡੇ ਵਿਰੋਧਾਂ ਨੂੰ ਜਨਮ ਦੇ ਰਹੀਆਂ ਹਨ। ਹੁਣੇ ਹੁਣੇ ਲਾਤੀਨੀ ਅਮਰੀਕਾ ਵਿਚ ਵੈਨੇਜ਼ੁਏਲਾ ਅਤੇ ਹੋਰ ਮੁਲਕਾਂ ਨਾਲ ਪਏ ਰੱਫੜ ਇਸ ਦੀ ਬੇਚੈਨੀ ਵਧਾ ਰਹੇ ਹਨ। ਅਫਗਾਨਿਸਤਾਨ ਜੰਗ ਤੋਂ ਬਾਅਦ ਵੀ ਇਸ ਦੇ ਪੈਰ ਨਹੀਂ ਲੱਗਣ ਦੇ ਰਿਹਾ। ਇਨ੍ਹਾਂ ਹਾਲਾਤ ਦੇ ਬਾਵਜੂਦ ਪੈਂਟਾਗਨ ਦਾ ਮੀਡੀਆ ਅਮਰੀਕਾ ਇਰਾਨ ਟਕਰਾਅ ਨੂੰ ਜੰਗ ਦੇ ਰੂਪ ਵਿਚ ਅਗਾਂਹ ਵਧਾਉਣ ਲਈ ਅੱਡੀ ਜੋਟੀ ਦਾ ਜ਼ੋਰ ਲਗਾ ਰਿਹਾ ਹੈ। ਟਰੰਪ ਦੇ ਦੋ ਸਲਾਹਕਾਰ ਜੌਨ ਬੈਲਟਨ ਤੇ ਮਾਈਕ ਪੌਂਪੀਓ ਜੰਗ ਦਾ ਫੋਬੀਆ ਖੜ੍ਹਾ ਕਰਨ ਤੋਂ ਗੁਰੇਜ਼ ਨਹੀਂ ਕਰ ਰਹੇ ਹਾਲਾਂਕਿ ਅੰਦਰੋ-ਅੰਦਰੀ ਅਮਰੀਕਨਾਂ ਨੂੰ ਪਤਾ ਹੈ, ਇਥੋਂ ਤੱਕ ਟਰੰਪ ਨੂੰ ਵੀ ਪਤਾ ਹੈ ਕਿ ਇਕ ਵਾਰੀ ਜੰਗ ਸ਼ੁਰੂ ਹੋ ਗਈ ਤਾਂ ਇਹ ਵੱਡਾ ਰੂਪ ਲੈ ਸਕਦੀ ਹੈ। ਰੂਸ ਦੇ ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਰਾਨ ਤਾਂ ਅਮਰੀਕਾ ਲਈ ਵਿਚਕਾਰਲਾ ਕਦਮ ਹੈ। ਅਸਲ ਜੰਗ ਤਾਂ ਉਹ ਰੂਸ ਖ਼ਿਲਾਫ਼ ਹੀ ਸੇਧਤ ਕਰਨੀ ਚਾਹੁੰਦਾ ਹੈ ਕਿਉਂਕਿ ਅਮਰੀਕਾ ਦਾ ਨਵ-ਉਦਾਰਵਾਦੀ ਪ੍ਰਾਜੈਕਟ ਪੂਰੀ ਤਰ੍ਹਾਂ ਖੋਖਲਾ ਹੋ ਚੁੱਕਾ ਹੈ। ਅਮਰੀਕਾ ਦੀ ਮੱਧ ਵਰਗ ਸ਼੍ਰੇਣੀ ਬੇਚੈਨੀ ਦੇ ਆਲਮ ਵਿਚੋਂ ਗੁਜ਼ਰ ਰਹੀ ਹੈ। ਰਾਸ਼ਟਰਪਤੀ ਦੀਆਂ ਆ ਰਹੀਆਂ ਚੋਣਾਂ ਵੀ ਟਰੰਪ ਨੂੰ ਸਤਾ ਰਹੀਆਂ ਹਨ। ਉਹ ਵੀ ਮੁਲਕ ਅੰਦਰ ਜੰਗ ਦਾ ਫੋਬੀਆ ਖੜ੍ਹਾ ਕਰਨਾ ਚਾਹੁੰਦਾ ਹੈ। ਖਾੜੀ ਬਾਰੇ ਸਿਆਸੀ ਵਿਸ਼ਲੇਸ਼ਕ ਤਾਰਿਕ ਅਲੀ ਦਾ ਕਹਿਣਾ ਹੈ ਕਿ ਅਰਬ ਸਾਗਰ ਵਿਚ ਅਮਰੀਕਾ ਇਸ ਕਰਕੇ ਵੀ ਵੱਧ ਰੁਚੀ ਲੈਂਦਾ ਹੈ ਕਿਉਂਕਿ ਸਮੁੱਚੀ ਦੁਨੀਆ ਨੂੰ ਇਥੋਂ ਤੇਲ ਦੀ ਸਪਲਾਈ ਹੁੰਦੀ ਹੈ। ਅਮਰੀਕਾ ਸਾਰੀ ਦੁਨੀਆ ਨੂੰ ਇਹ ਦਿਖਾਉਣਾ ਚਾਹੁੰਦਾ ਹੈ ਕਿ ਤੁਸੀਂ ਕਿਸ ਤਰ੍ਹਾਂ ਤੇ ਕਿਥੋਂ ਤੇਲ ਲੈ ਰਹੇ ਹੋ, ਇਹ ਸਭ ਕੁਝ ਉਸ ਦੀਆਂ ਨਜ਼ਰਾਂ ਵਿਚ ਹੈ। ਇਹ ਖਿੱਤਾ ਅਮਰੀਕਨਾਂ ਲਈ ਗਲੋਬਲ ਸਿਆਸੀ ਪੱਖਾਂ ਤੋਂ ਅਹਿਮੀਅਤ ਰੱਖਦਾ ਹੈ। ਸਾਰੀ ਦੁਨੀਆ ਇਸ ਵਕਤ ਆਰਥਿਕ ਸੰਕਟ ਵਿਚ ਫਸੀ ਹੋਈ ਹੈ। ਇਹ ਭਾਵੇਂ ਅਮਰੀਕਾ ਹੈ ਜਾਂ ਕੋਈ ਹੋਰ, ਜੰਗ ਤੋਂ ਕੋਈ ਵੱਡਾ ਲਾਭ ਨਹੀਂ ਲੈ ਸਕਦਾ ਬਲਕਿ ਖੁਦ ਅਤੇ ਦੁਨੀਆ ਨੂੰ ਹੋਰ ਸੰਕਟਾਂ ਵਿਚ ਸੁੱਟ ਸਕਦਾ ਹੈ। ਖਾੜੀ ਵਿਚ ਜੰਗ ਦੇ ਬੱਦਲ ਸੰਕਟ ਵਿਚ ਘਿਰੇ ਖਿੱਤੇ ਨੂੰ ਹੋਰ ਸੰਕਟਾਂ ਵਿਚ ਫਸਾ ਸਕਦੇ ਹਨ। ਅਜਿਹੇ ਹਾਲਾਤ ਵਿਚੋਂ ਉਭਰਨ ਲਈ ਵੱਖ ਵੱਖ ਮੁਲਕਾਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਅਮਰੀਕਾ ਵੱਲੋਂ ਖਾੜੀ ਵਿਚ ਬਣਾਏ ਜਾ ਰਹੇ ਜੰਗ ਵਾਲੇ ਮਾਹੌਲ ਨੂੰ ਰੋਕਣ ਲਈ ਇਸ ਦਾ ਡਟ ਕੇ ਵਿਰੋਧ ਕਰਨ ਅਤੇ ਇਰਾਨ ਦੀ ਖ਼ੁਦਮੁਖਤਾਰੀ ਨੂੰ ਬਰਕਰਾਰ ਰੱਖਣ। ਇਸ ਦੇ ਨਾਲ ਹੀ ਇਰਾਨ ਦੇ ਲੋਕਾਂ ਉੱਤੇ ਲਗਾਈਆਂ ਆਰਥਿਕ ਬੰਦਸ਼ਾਂ ਹਟਾਉਣ ਦੀ ਵਕਾਲਤ ਵੀ ਕਰਨੀ ਚਾਹੀਦੀ ਹੈ।

**ਡਾ. ਕੁਲਦੀਪ ਸਿੰਘ**
-ਸੰਪਰਕ: 98151-15429




DEEPAK BANSAL
Office : 516-218-8000
Cell : 516-304-8808
Fax : 516-218-8009
Email : deepakbansalny@gmail.com
3498Brodaway
Hicksville, NY 11801



# ਗਰਭਵਤੀ ਮਹਿਲਾ ਦੀ ਦੇਖਭਾਲ ਲਈ ਵਿਸ਼ੇਸ਼ ਸਾਵਧਾਨੀਆਂ



ਹਰ ਗਰਭਵਤੀ ਮਹਿਲਾ ਨੂੰ ਆਪਣੀ ਦੇਖਭਾਲ ਲਈ ਵਿਸ਼ੇਸ਼ ਸਾਵਧਾਨੀਆਂ ਵਰਤਣ ਦੀ ਲੋੜ ਰਹਿੰਦੀ ਹੈ। ਅਸਲ ਵਿਚ ਗਰਭ ਅਵਸਥਾ ਨੂੰ ਤਿੰਨ ਤਿਮਾਹੀਆਂ ਵਿਚ ਵੀ ਵੰਡਿਆ ਜਾਂਦਾ ਹੈ। ਪਹਿਲੇ ਹਫਤੇ ਤੋਂ ਲੈ ਕੇ 12ਵੇਂ ਹਫਤੇ ਤੱਕ ਦੇ ਸਮੇਂ ਨੂੰ ਪਹਿਲੀ ਤਿਮਾਹੀ ਕਿਹਾ ਜਾਂਦਾ ਹੈ। ਇਸੇ ਤਰ੍ਹਾਂ 13ਵੇਂ ਹਫਤੇ ਤੋਂ ਲੈ ਕੇ 28ਵੇਂ ਹਫਤੇ ਤੱਕ ਦੇ ਸਮੇਂ ਨੂੰ ਦੂਜੀ ਤਿਮਾਹੀ ਕਿਹਾ ਜਾਂਦਾ ਹੈ। 29ਵੇਂ ਹਫਤੇ ਤੋਂ ਲੈ ਕੇ 40ਵੇਂ ਹਫਤੇ ਤੱਕ ਦੇ ਸਮੇਂ ਨੂੰ ਤੀਜੀ ਤਿਮਾਹੀ ਕਿਹਾ ਜਾਂਦਾ ਹੈ। ਹਰ ਗਰਭਵਤੀ ਔਰਤ ਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ ਕਿ ਪਹਿਲੀ ਤਿਮਾਹੀ ਦੇ ਸਮੇਂ ਦੌਰਾਨ ਹੀ ਗਰਭਪਾਤ ਹੋਣ ਦਾ ਖ਼ਤਰਾ ਸਭ ਤੋਂ ਜ਼ਿਆਦਾ ਹੁੰਦਾ ਹੈ, ਇਸ ਲਈ ਇਸ ਸਮੇਂ ਦੌਰਾਨ ਗਰਭਵਤੀ ਔਰਤ ਨੂੰ ਵਿਸ਼ੇਸ ਧਿਆਨ ਰੱਖਣਾ ਚਾਹੀਦਾ ਹੈ। ਦੂਜੀ ਤਿਮਾਹੀ ਦੇ ਸਮੇਂ ਦੌਰਾਨ ਪੇਟ ਵਿਚ ਭਰੂਣ ਦੀ ਹਰਕਤ ਮਹਿਸੂਸ ਹੋਣੀ ਸ਼ੁਰੂ ਹੋ ਜਾਂਦੀ ਹੈ। ਤੀਜੀ ਤਿਮਾਹੀ ਦੌਰਾਨ ਬੱਚਾ ਆਪਣਾ ਪੂਰਾ ਆਕਾਰ ਲੈ ਲੈਂਦਾ ਹੈ। ਇਸ ਕਰਕੇ ਹਰ ਗਰਭਵਤੀ ਮਹਿਲਾ ਨੂੰ ਗਰਭ ਅਵਸਥਾ ਦੀ ਪਹਿਲੀ ਤਿਮਾਹੀ ਤਾਂ ਬੋਚ-ਬੋਚ ਕੇ ਕਦਮ ਰੱਖ ਕੇ ਤੁਰਨਾ ਚਾਹੀਦਾ ਹੈ।

ਹਰ ਗਰਭਵਤੀ ਮਹਿਲਾ ਨੂੰ ਫੋਲਿਕ ਐਸਿਡ ਦੀ ਲੋੜੀਂਦੀ ਵਰਤੋਂ ਕਰਨੀ ਚਾਹੀਦੀ ਹੈ। ਇਹ ਐਸਿਡ ਹਰੀਆਂ ਪੱਤੀਆਂ ਵਿਚ ਪਾਇਆ ਜਾਂਦਾ ਹੈ। ਬੱਚੇ ਦੇ ਜਨਮ ਸਮੇਂ ਇਸ ਐਸਿਡ ਦਾ ਕਾਫੀ ਲਾਭ ਹੁੰਦਾ ਹੈ। ਅਸਲ ਵਿਚ ਹਰੀਆਂ ਸਬਜ਼ੀਆਂ, ਖਰਬੂਜ਼ਾ, ਲੌਕੀ, ਕੱਦੂ, ਪਾਲਕ, ਮੇਥੀ, ਸਾਗ ਅਤੇ ਮੂੰਗਫਲੀ ਵਿਚ ਫੋਲਿਕ ਐਸਿਡ ਭਰਪੂਰ ਮਾਤਰਾ ਵਿਚ ਹੁੰਦਾ ਹੈ।

ਗਰਭਵਤੀ ਮਹਿਲਾ ਨੂੰ ਕੋਲਡ ਡਰਿੰਕ ਵੀ ਸਾਵਧਾਨੀ ਨਾਲ ਅਤੇ ਘੱਟ ਮਾਤਰਾ ਵਿਚ ਹੀ ਪੀਣੇ ਚਾਹੀਦੇ ਹਨ। ਵੱਖ-ਵੱਖ ਤਰ੍ਹਾਂ ਦੇ ਫਲ ਜ਼ਰੂਰ ਖਾਣੇ ਚਾਹੀਦੇ ਹਨ ਪਰ ਇਹ ਫਲ ਨਾ ਤਾਂ ਕੱਚੇ ਹੋਣ ਅਤੇ ਨਾ ਹੀ ਜ਼ਿਆਦਾ ਪੱਕੇ ਹੋਣ। ਇਨ੍ਹਾਂ ਫਲਾਂ ਨੂੰ ਖਾਣ ਤੋਂ ਪਹਿਲਾਂ ਚੰਗੀ ਤਰ੍ਹਾਂ ਧੋ ਲੈਣਾ ਚਾਹੀਦਾ ਹੈ। ਆਂਡਾ ਖਾਣਾ ਕਾਫੀ ਲਾਹੇਵੰਦ ਰਹਿੰਦਾ ਹੈ। ਜਿਹੜੀਆਂ ਔਰਤਾਂ ਆਂਡਾ ਨਾ ਖਾਂਦੀਆਂ ਹੋਣ, ਉਨ੍ਹਾਂ ਨੂੰ ਆਪਣੇ ਖਾਣੇ ਵਿਚ ਪਨੀਰ ਦੀ ਵਧੇਰੇ ਵਰਤੋਂ ਕਰਨੀ ਚਾਹੀਦੀ ਹੈ। ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਖਾਣੇ ਚਾਹੀਦੇ ਹਨ।

ਆਪਣੇ ਲੱਗਣ ਵਾਲੇ ਜ਼ਰੂਰੀ ਟੀਕਿਆਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਜ਼ਰੂਰੀ ਟੀਕੇ ਸਮੇਂ ਸਿਰ ਹੀ ਲਗਵਾਉਣੇ ਚਾਹੀਦੇ ਹਨ। ਗਰਭਵਤੀ ਮਹਿਲਾ ਨੂੰ ਸਮੋਸੇ ਟਿੱਕੀਆਂ, ਪਾਵ ਭਾਜੀ ਨਿਊਡਲ ਤੋਂ ਪ੍ਰਹੇਜ਼ ਹੀ ਕਰਨਾ ਚਾਹੀਦਾ ਹੈ। ਸੰਤੁਲਤ ਭੋਜਨ ਹੀ ਕਰਨਾ ਚਾਹੀਦਾ ਹੈ। ਖਾਣੇ ਵਿਚ ਦਾਲਾਂ ਤੇ ਹਰੀਆਂ ਸਬਜ਼ੀਆਂ ਦੀ ਵਧੇਰੇ ਵਰਤੋਂ ਕਰਨੀ ਚਾਹੀਦੀ ਹੈ।

ਵੱਖ-ਵੱਖ ਤਰ੍ਹਾਂ ਦੇ ਮੌਸਮੀ ਫਲ ਜ਼ਰੂਰ ਖਾਣੇ ਚਾਹੀਦੇ ਹਨ ਪਰ ਇਹ ਖਿਆਲ ਰੱਖਣਾ ਚਾਹੀਦਾ ਹੈ ਕਿ ਫਲ ਗਰਮੀ ਨਾ ਕਰਦੇ ਹੋਣ। ਇਸ ਤੋਂ ਇਲਾਵਾ ਕੁਝ ਔਰਤਾਂ ਫਲਾਂ ਦਾ ਜੂਸ ਪੀਣਾ ਜ਼ਿਆਦਾ ਪਸੰਦ ਕਰਦੀਆਂ ਹਨ ਪਰ ਫਲਾਂ ਦੇ ਜੂਸ ਨਾਲੋਂ ਫਲ ਖਾਣੇ ਜ਼ਿਆਦਾ ਲਾਭਦਾਇਕ ਹਨ। ਵਧੇਰੇ ਮਾਤਰਾ ਵਿਚ ਪਾਣੀ ਪੀਣਾ ਚਾਹੀਦਾ ਹੈ। ਗਰਭਵਤੀ ਔਰਤਾਂ ਨੂੰ ਆਪਣੇ ਸਰੀਰ ਦੀ ਸਫਾਈ ਰੱਖਣੀ ਚਾਹੀਦੀ ਹੈ। ਗਰਭਵਤੀ ਔਰਤ ਨੂੰ ਭਾਰ ਨਹੀਂ ਚੁੱਕਣਾ ਚਾਹੀਦਾ ਅਤੇ ਭਾਰੀ ਕੰਮ ਨਹੀਂ ਕਰਨੇ ਚਾਹੀਦੇ।

ਜੇ ਹੋ ਸਕੇ ਤਾਂ ਗਰਭਵਤੀ ਔਰਤ ਨੂੰ ਆਪਣੇ ਗਰਭ ਅਵਸਥਾ ਦੇ ਸਮੇਂ ਆਪਣੀ ਸੱਸ, ਨਣਾਨ, ਭੈਣ ਜਾਂ ਮਾਂ ਨੂੰ ਆਪਣੇ ਕੋਲ ਰੱਖਣਾ ਚਾਹੀਦਾ ਹੈ, ਜੋ ਕਿ ਉਸ ਦੀ ਉਚਿਤ ਦੇਖਭਾਲ ਕਰ ਸਕੇ। ਗਰਭਵਤੀ ਔਰਤ ਨੂੰ ਲੜਾਈ-ਝਗੜੇ ਵਾਲੀਆਂ ਫਿਲਮਾਂ ਨਹੀਂ ਦੇਖਣੀਆਂ ਚਾਹੀਦੀਆਂ।

ਹਰ ਗਰਭਵਤੀ ਮਹਿਲਾ ਨੂੰ ਸਮੇਂ-ਸਮੇਂ ਉਪਰ ਮਾਹਿਰ ਡਾਕਟਰ ਦੀ ਸਲਾਹ ਲੈਣ ਦੇ ਨਾਲ ਹੀ ਆਪਣੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ। ਗਰਭਵਤੀ ਮਹਿਲਾ ਦਾ ਕਮਰਾ ਹਵਾਦਾਰ ਹੋਣਾ ਚਾਹੀਦਾ ਹੈ, ਉਥੇ ਸਲ੍ਹਾਬ ਜਿਹੀ ਨਹੀਂ ਹੋਣੀ ਚਾਹੀਦੀ। ਕਮਰੇ ਵਿਚ ਹੱਸਦੇ ਹੋਏ ਬੱਚੇ ਦੀ ਤਸਵੀਰ ਇਸ ਤਰ੍ਹਾਂ ਰੱਖੀ ਹੋਣੀ ਚਾਹੀਦੀ ਹੈ ਕਿ ਸਵੇਰੇ ਉੱਠਣ ਸਮੇਂ ਗਰਭਵਤੀ ਮਹਿਲਾ ਦੀ ਪਹਿਲੀ ਨਜ਼ਰ ਹੀ ਉਸ ਬੱਚੇ ਦੀ ਤਸਵੀਰ ਉੱਪਰ ਪਵੇ।

ਆਪਣੇ ਸੌਣ ਦੇ ਤਰੀਕਿਆਂ ਉੱਪਰ ਵੀ ਧਿਆਨ ਦੇਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਤਾਂ ਉਸ ਨੂੰ ਲੋੜੀਂਦੀ ਨੀਂਦ ਲੈਣੀ ਚਾਹੀਦੀ ਹੈ। ਇਹ ਨੀਂਦ ਹੀ ਹੈ ਜੋ ਕਿ ਦਿਨ ਭਰ ਦੀ ਥਕਾਵਟ ਦੂਰ ਕਰਕੇ ਸਾਨੂੰ ਅਗਲੇ ਦਿਨ ਦੇ ਕੰਮਾਂ ਲਈ ਤਿਆਰ ਕਰਦੀ ਹੈ। ਚੰਗੀ ਨੀਂਦ ਆਉਣ ਲਈ ਜ਼ਰੂਰੀ ਹੈ ਕਿ ਸਹੀ ਢੰਗ ਨਾਲ ਸੌਂਇਆ ਜਾਵੇ।

# ਕਈ ਬੀਮਾਰੀਆਂ ਨੂੰ ਦੂਰ ਕਰਦੀ ਹੈ ਲੌਕੀ



ਕੁਝ ਸਬਜ਼ੀਆਂ ਕੁਦਰਤ ਵੱਲੋਂ ਵਰਦਾਨ ਦੇ ਰੂਪ 'ਚ ਮਿਲਦੀਆਂ ਹਨ। ਘੀਆ ਸਾਰੀਆਂ ਸਬਜ਼ੀਆਂ ਨਾਲੋਂ ਸਸਤਾ ਮੰਨਿਆ ਜਾਂਦਾ ਹੈ। ਇਹ ਵੇਲ 'ਤੇ ਪੈਦਾ ਹੁੰਦਾ ਹੈ ਤੇ ਕੁਝ ਹੀ ਸਮੇਂ 'ਚ ਕਾਫੀ ਵੱਡਾ ਹੋ ਜਾਂਦਾ ਹੈ। ਘੀਏ ਨੂੰ ਲੌਕੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅਸਲ 'ਚ ਇਹ ਇਕ ਦਵਾਈ ਹੈ। ਇਸ ਦੀ ਵਰਤੋਂ ਹਜ਼ਾਰਾਂ ਰੋਗੀਆਂ 'ਤੇ ਸਲਾਦ, ਰਸ ਕੱਢ ਕੇ ਜਾਂ ਸਬਜ਼ੀ ਦੇ ਰੂਪ 'ਚ ਲੰਮੇ ਸਮੇਂ ਤੋਂ ਕੀਤੀ ਜਾਂਦੀ ਰਹੀ ਹੈ। ਲੰਮਾ ਤੇ ਗੋਲ ਦੋਵਾਂ ਤਰ੍ਹਾਂ ਦਾ ਘੀਆ ਵੀਰਜ਼ ਵਧਾਉਣ ਵਾਲਾ ਤੇ ਪਿੱਤ ਤੇ ਕਫ ਨਾਸ਼ਕ ਹੁੰਦਾ ਹੈ।

1. ਹੈਜ਼ਾ ਹੋਣ 'ਤੇ ਘੀਏ ਦੇ 25 ਮਿ.ਲੀ. ਰਸ 'ਚ ਨਿੰਬੂ ਦਾ ਰਸ ਮਿਲਾ ਕੇ ਹੌਲੀ-ਹੌਲੀ ਪੀਓ। ਇਸ ਨਾਲ ਪਿਸ਼ਾਬ ਬਹੁਤ ਆਉਂਦਾ ਹੈ।

2. ਖਾਂਸੀ, ਟੀ.ਬੀ., ਛਾਤੀ 'ਚ ਜਲਨ ਆਦਿ ਵੇਲੇ ਵੀ ਘੀਆ ਬਹੁਤ ਫਾਇਦੇਮੰਦ ਹੈ।

3. ਦਿਲ ਦੀ ਬੀਮਾਰੀ ਵੇਲੇ ਖਾਸ ਤੌਰ 'ਤੇ ਭੋਜਨ ਤੋਂ ਬਾਅਦ ਇਕ ਕੱਪ ਘੀਏ ਦੇ ਰਸ 'ਚ ਥੋੜ੍ਹੀ ਜਿਹੀ ਕਾਲੀ ਮਿਰਚ ਤੇ ਪੁਦੀਨਾ ਪਾ ਕੇ ਪੀਣ ਨਾਲ ਦਿਲ ਦੀ ਬਿਮਾਰੀ ਕੁਝ ਹੀ ਦਿਨਾਂ 'ਚ ਠੀਕ ਹੋ ਜਾਂਦੀ ਹੈ।

4. ਪੁਰਾਣੇ ਬੁਖਾਰ ਤੇ ਕਫ ਨਾਲ ਪੈਦਾ ਹੋਣ ਵਾਲੀਆਂ ਬੀਮਾਰੀਆਂ ਦੀ ਹਾਲਤ 'ਚ ਚੰਗੀ ਦਵਾਈ ਹੈ।

5. ਘੀਏ 'ਚ ਵਧੀਆ ਕਿਸਮ ਦਾ ਪੋਟਾਸ਼ੀਅਮ ਭਰਪੂਰ ਮਾਤਰਾ 'ਚ ਮਿਲਦਾ ਹੈ, ਜਿਸ ਕਾਰਨ ਇਹ ਗੁਰਦੇ ਦੀਆਂ ਬੀਮਾਰੀਆਂ ਵੇਲੇ ਬਹੁਤ ਉਪਯੋਗੀ ਹੈ।

6. ਘੀਏ 'ਚ ਖਣਿਜ ਤੇ ਲਵਣ ਚੰਗੀ ਮਾਤਰਾ 'ਚ ਹੁੰਦੇ ਹਨ।

7. ਲੌਕੀ ਦੇ ਬੀਜ ਦਾ ਤੇਲ ਕੋਲੈਸਟ੍ਰੋਲ ਦਾ ਲੈਵਲ ਘਟਾਉਂਦਾ ਹੈ ਤੇ ਦਿਲ ਨੂੰ ਤਾਕਤ ਦਿੰਦਾ ਹੈ। ਇਹ ਖ਼ੂਨ ਦੀਆਂ ਨਾਲੀਆਂ ਨੂੰ ਵੀ ਦਰੁਸਤ ਕਰਦਾ ਹੈ।

8. ਲੌਕੀ ਦੇ ਇਕ ਕਿਲੋ ਰਸ ਨੂੰ ਇਕ ਲੀਟਰ ਤਿੱਲੀ ਦੇ ਤੇਲ 'ਚ ਪਾ ਕੇ ਘੱਟ ਅੱਗ 'ਤੇ ਪਕਾਓ। ਜਦੋਂ ਤਰਲ ਸੁੱਕ ਜਾਵੇ ਤਾਂ ਤੇਲ ਠੰਢਾ ਕਰਕੇ ਸਿਰ 'ਚ ਲਗਾਓ। ਇਸ ਨਾਲ ਦਿਮਾਗੀ ਕਮਜ਼ੋਰੀ, ਪਾਗਲਪਨ, ਹਿਸਟੀਰੀਆ, ਚਿੜਚਿੜਾਪਨ ਆਦਿ ਵਰਗੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ ਤੇ ਦਿਮਾਗੀ ਸ਼ਕਤੀ ਵੱਧਦੀ ਹੈ।

# ਜੇਕਰ ਤੁਸੀਂ ਵੀ ਚਾਹੁੰਦੇ ਹੋ ਮੋਤੀਆਂ ਵਰਗੇ ਦੰਦ ਤਾਂ ਇੰਝ ਬਣਾਓ ਚਾਹ-ਕੌਫੀ



ਚਾਹ ਦੁਨੀਆਂ 'ਚ ਸਭ ਤੋਂ ਜ਼ਿਆਦਾ ਪੀਤੀ ਜਾਣ ਵਾਲੀ ਦੂਜੀ ਡਰਿੰਕ ਹੈ ਜੋ ਕਿ ਦੰਦਾਂ ਦੀ ਚਮਕ 'ਤੇ ਵੀ ਪ੍ਰਭਾਵ ਪਾਉਂਦੀ ਹੈ। ਯੂਨੀਵਰਸਿਟੀ ਆਫ ਏਲਬੇਟਰਾ ਸਕੂਲ ਆਫ ਡੇਂਟਿਰਸਟੀ ਦੇ ਖੋਜਕਾਰੀ ਡਾਕਟਰ ਏਵਾ ਚਾਊ ਦਾ ਕਹਿਣਾ ਹੈ ਕਿ ਚਾਹ 'ਚ ਦੁੱਧ ਪਾ ਕੇ ਪੀਣਾ ਨਾਲ ਦੰਦਾਂ ਦੇ ਦਾਗ ਸਾਫ ਹੋਣ ਲੱਗਦੇ ਹਨ। ਚਾਊ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਇਕ ਅਧਿਐਨ ਦੌਰਾਨ ਇਨਸਾਨਾਂ ਦੇ ਕੱਢੇ ਹੋਏ ਦੰਦਾਂ ਨੂੰ ਦੁੱਧ ਵਾਲੀ ਚਾਹ ਅਤੇ ਬਿਨ੍ਹਾਂ ਦੁੱਧ ਵਾਲੀ ਚਾਹ 'ਚ 24 ਘੰਟੇ ਲਈ ਰੱਖਿਆ ਅਤੇ ਉਸ ਤੋਂ ਬਾਅਦ ਦੰਦਾਂ ਦਾ ਰੰਗ ਚੈੱਕ ਕੀਤਾ। ਦੁੱਧ ਵਾਲੀ ਚਾਹ 'ਚ ਰੱਖੇ ਦੰਦਾਂ ਦੀ ਚਮਕ ਵੱਧ ਗਈ ਸੀ ਅਤੇ ਉਧਰ ਬਿਨ੍ਹਾਂ ਕਾਲੀ ਚਾਹ 'ਚ ਰੱਖੇ ਦੰਦ 'ਚ ਧੱਬੇ ਨਜ਼ਰ ਆ ਰਹੇ ਸਨ। ਅਜਿਹਾ ਦੁੱਧ 'ਚ ਮੌਜੂਦ ਇਕ ਖਾਸ ਪ੍ਰੋਟੀਨ ਦਾ ਕਾਰਨ ਹੁੰਦਾ ਹੈ ਜੋ ਦੰਦਾਂ ਨੂੰ ਧੱਬਿਆਂ ਤੋਂ ਬਚਾ ਕੇ ਚਮਕਦਾਰ ਬਣਾਉਣ ਦਾ ਕੰਮ ਕਰਦਾ ਹੈ। ਡਾਕਟਰ ਚਾਊ ਮੁਤਾਬਕ ਚਾਹ 'ਚ ਦੁੱਧ ਮਿਲਾਉਣ ਦੇ ਹੋਰ ਕਾਰਨ ਹਨ ਜਿਵੇਂ ਕਿ ਇਹ ਬਲੀਚਿੰਗ ਤੋਂ ਜ਼ਿਆਦਾ ਕੰਮ ਕਰਦਾ ਹੈ ਅਤੇ ਇਹ ਦੰਦਾਂ ਨੂੰ ਚਮਕਦਾਰ ਬਣਾਉਣ ਵਾਲੀ ਟੂਥਪੇਸਟ ਤੋਂ ਵੀ ਕਈ ਗੁਣਾ ਚੰਗਾ ਹੈ। ਇਹ ਸਟਡੀ ਇੰਟਰਨੈਸ਼ਨਲ ਜਨਰਲ ਆਫ ਡੈਂਟਲ ਹਾਈਜ਼ੀਨ 'ਚ ਪ੍ਰਕਾਸ਼ਿਤ ਹੋਈ ਹੈ।

# ਸ਼ੂਗਰ ਦੇ ਖਤਰੇ ਨੂੰ ਘੱਟ ਕਰਦੀ ਹੈ ਡਾਰਕ ਚਾਕਲੇਟ

ਜੇਕਰ ਤੁਹਾਨੂੰ ਡਾਰਕ ਚਾਕਲੇਟ ਖਾਣਾ ਪਸੰਦ ਹੈ ਤਾਂ ਤੁਹਾਡੇ ਲਈ ਚੰਗੀ ਖ਼ਬਰ ਹੈ। ਖੋਜਕਰਤਾਵਾਂ ਨੇ ਪਾਇਆ ਹੈ ਕਿ ਰੋਜ਼ਾਨਾ ਡਾਰਕ ਚਾਕਲੇਟ ਦਾ ਇਕ ਟੁੱਕੜਾ ਸ਼ੂਗਰ ਅਤੇ ਦਿਲ ਦੀਆਂ ਬੀਮਾਰੀਆਂ ਦੇ ਖ਼ਤਰੇ ਨੂੰ ਘੱਟ ਕਰ ਸਕਦਾ ਹੈ। ਇਸ ਨੂੰ ਸਾਬਤ ਕਰਨ ਲਈ ਉਨ੍ਹਾਂ ਨੇ ਤਕਰੀਬਨ 18 ਤੋਂ 69 ਸਾਲਾਂ ਵਿਚਾਲੇ ਦੀ ਉਮਰ ਵਾਲੇ 1,153 ਲੋਕਾਂ 'ਚ ਦਿਲ ਦੀਆਂ ਬੀਮਾਰੀਆਂ ਦੀ ਜਾਂਚ ਕਰਦਿਆਂ ਅਧਿਐਨ ਕੀਤਾ। ਇਸ 'ਚ ਉਨ੍ਹਾਂ ਪਾਇਆ ਕਿ ਜਿਨ੍ਹਾਂ ਲੋਕਾਂ ਨੇ ਰੋਜ਼ਾਨਾ 100 ਗ੍ਰਾਮ ਚਾਕਲੇਟ ਖਾਧੀ ਉਨ੍ਹਾਂ 'ਚ ਇਨਸੂਲਿਨ ਰੋਧਕ ਸਮਰੱਥਾ 'ਚ ਕਮੀ ਪਾਈ ਗਈ ਤੇ ਲੀਵਰ ਐਨਜ਼ਾਇਮ 'ਚ ਸੁਧਾਰ ਵੇਖਿਆ ਗਿਆ। ਇਨਸੂਲਿਨ ਰੋਧਕ ਸਮਰੱਥਾ 'ਚ ਵਾਧਾ ਦਿਲ ਦੇ ਰੋਗ ਦਾ ਖਤਰਾ ਵਧਾਉਂਦੀ ਹੈ। ਇਹ ਅਧਿਐਨ ਬ੍ਰਿਟਿਸ਼ ਜਰਨਲ ਆਫ ਨਿਊਟ੍ਰੀਸ਼ਨ 'ਚ ਪ੍ਰਕਾਸ਼ਤ ਕੀਤਾ ਗਿਆ ਹੈ। ਯੂਨੀਵਰਸਿਟੀ ਆਫ ਵਾਰਵਿਕ ਮੈਡੀਕਲ ਸਕੂਲ ਇੰਨ ਇੰਗਲੈਂਡ ਦੇ ਵਿਜ਼ਟਿੰਗ ਸਿੱਖਿਆ ਸਾਵੇਰਿਉ ਸਟ੍ਰੋਂਜੇਜ ਨੇ ਦੱਸਿਆ ਕਿ ਅਧਿਐਨ ਤੋਂ ਇਹ ਗੱਲ ਸਾਬਤ ਹੁੰਦੀ ਹੈ ਕਿ ਕੋਕੋਆ ਤੋਂ ਬਣੇ ਉਤਪਾਦ, ਕਾਰਡਿਯੋ ਮੈਟਾਬਲਿਕ ਸਿਹਤ 'ਚ ਸੁਧਾਰ ਕਰਦੇ ਹਨ।



# ਸ਼ੂਗਰ ਦੇ ਮੁੱਖ




ਸ਼ੂਗਰ ਮਤਲਬ 'ਡਾਇਬਟੀਜ਼' ਵਿਚ ਗਲੂਕੋਜ਼ ਸਰੀਰ ਦੇ ਅੰਗਾਂ ਨੂੰ ਸ਼ਕਤੀ ਪ੍ਰਦਾਨ ਕਰਨ ਦੀ ਬਜਾਏ ਮੂਤਰ ਮਾਰਗ ਤੋਂ ਬਾਹਰ ਆਉਣ ਲੱਗਦੀ ਹੈ। ਸ਼ੂਗਰ ਦਾ ਮਰੀਜ਼ ਸਰੀਰਕ ਰੂਪ 'ਚ ਕਮਜ਼ੋਰ ਹੋਣ ਲੱਗਦਾ ਹੈ। ਇਸ ਬੀਮਾਰੀ ਦਾ ਜਲਦੀ ਇਲਾਜ ਨਾ ਹੋਣ 'ਤੇ ਮਰੀਜ਼ ਦੀ ਸਿਹਤ ਤੇਜ਼ੀ ਨਾਲ ਵਿਗੜਣ ਲੱਗਦੀ ਹੈ ਅਤੇ ਉਸ ਦੀ ਮੌਤ ਵੀ ਹੋ ਸਕਦੀ ਹੈ। ਸਾਡੇ ਦੇਸ਼ ਵਿਚ ਸ਼ੂਗਰ ਬੀਮਾਰੀ ਨਾਲ ਲੱਗਭਗ ਤਿੰਨ ਕਰੋੜ ਵਿਅਕਤੀ ਪੀੜਤ ਹਨ ਪਰ ਉਨ੍ਹਾਂ ਵਿਚੋਂ ਤਕਰੀਬਨ ਡੇਢ ਕਰੋੜ ਨੂੰ ਪਤਾ ਹੀ ਨਹੀਂ ਕਿ ਉਨ੍ਹਾਂ ਨੂੰ ਇਹ ਬੀਮਾਰੀ ਹੈ ਕਿਉਂਕਿ ਉਨ੍ਹਾਂ ਨੇ ਕਦੇ ਆਪਣਾ ਬਲੱਡ ਸ਼ੂਗਰ ਟੈਸਟ ਨਹੀਂ ਕਰਵਾਇਆ, ਜਿਸ ਨਾਲ ਇਹ ਪਤਾ ਲੱਗ ਸਕੇ ਕਿ ਡਾਇਬਟੀਜ਼ ਉਨ੍ਹਾਂ ਵਿਚ ਲੁਕੇ ਰੂਪ 'ਚ ਮੌਜੂਦ ਹੈ ਜਾਂ ਨਹੀਂ। ਜਦੋਂ ਗ੍ਰਹਿਣ ਕੀਤੇ ਭੋਜਨ ਦੇ ਵਧੇਰੇ ਤੱਤ ਤਰ੍ਹਾਂ ਭੋਜਨ (ਮੁੱਖ ਰੂਪ 'ਚ (ਕਾਰਬੋਹਾਈਡ੍ਰੇਟਸ) ਗਲੂਕੋਜ਼ ਦੇ ਰੂਪ 'ਚ ਪੇਸ਼ਾਬ 'ਚ ਵਿਅਰਥ ਹੀ ਨਿਕਲਦਾ ਰਹਿੰਦਾ ਹੈ ਤਾਂ ਇਹ ਆਪਣੇ ਨਾਲ ਸਰੀਰ ਦੇ ਪਾਣੀ ਨੂੰ ਵੀ ਲੈ ਜਾਂਦਾ ਹੈ, ਜਿਸ ਦੀ ਪੂਰਤੀ ਲਈ ਮਰੀਜ਼ ਨੂੰ ਵੱਧ ਤੋਂ ਵੱਧ ਪਾਣੀ ਪੀਣਾ ਪੈਂਦਾ ਹੈ ਅਤੇ ਉਹ ਵੱਧ ਪਿਆਸ ਦੀ ਸ਼ਿਕਾਇਤ ਕਰਦਾ ਹੈ। ਸਰੀਰ ਨੂੰ ਊਰਜਾ ਦੀ ਚਾਹ ਵਿਚ ਮਰੀਜ਼ ਨੂੰ ਭੁੱਖ ਵੀ ਵੱਧ ਲੱਗਦੀ ਹੈ, ਇਸ ਲਈ ਸ਼ੂਗਰ ਦਾ ਮਰੀਜ਼ ਬਹੁਤ ਵੱਧ ਮਾਤਰਾ 'ਚ ਖਾਣਾ ਖਾਂਦਾ ਹੈ।

ਜ਼ਿਆਦਾ ਪੇਸ਼ਾਬ ਆਉਣਾ : ਸਾਧਾਰਨ ਵਿਅਕਤੀਆਂ ਵਿਚ ਪੇਸ਼ਾਬ ਦੀ ਮਾਤਰਾ ਡੇਢ ਲਿਟਰ ਰੋਜ਼ਾਨਾ ਹੁੰਦੀ ਹੈ ਜਦਕਿ ਸ਼ੂਗਰ ਦੇ ਮਰੀਜ਼ 'ਚ ਇਹ ਮਾਤਰਾ ਕਈ ਲਿਟਰ ਹੋ ਜਾਂਦੀ ਹੈ ਜਿਸ ਨਾਲ ਸਰੀਰ ਨੂੰ ਊਰਜਾ ਨਹੀਂ ਮਿਲਦੀ ਅਤੇ ਜਦੋਂ ਖ਼ੂਨ ਵਿਚ ਇਸ ਦਾ ਪ੍ਰਤੀਸ਼ਤ ਵੱਧ ਹੋ ਜਾਂਦਾ ਹੈ ਤਾਂ ਇਹ ਗੁਰਦੇ ਰਾਹੀਂ ਪੇਸ਼ਾਬ 'ਚ ਨਿਕਲਣ ਲੱਗਦੀ ਹੈ। ਇਸ ਕਾਰਬੋਹਾਈਡ੍ਰੇਟਸ) ਦਾ ਇਹ ਅੰਸ਼ ਸਰੀਰ ਨੂੰ ਊਰਜਾ ਨਾ ਦੇ ਕੇ ਬੇਕਾਰ ਹੋ ਜਾਂਦਾ ਹੈ ਜਿਸ ਨਾਲ ਮਰੀਜ਼ ਕਮਜ਼ੋਰੀ ਅਤੇ ਭਾਰ ਘਟਣ ਦੀ ਸ਼ਿਕਾਇਤ ਕਰਦੇ ਹਨ। ਅਜਿਹੇ ਮਰੀਜ਼ਾਂ ਦੇ ਪੇਸ਼ਾਬ ਵਿਚ ਨਿਕਲਣ ਵਾਲਾ ਗਲੂਕੋਜ਼ ਦਾ ਪੇਸ਼ਾਬ ਦੇ ਸਾਧਾਰਨ ਪ੍ਰੀਖਣ ਦੁਆਰਾ ਲੱਗਭਗ ਅੱਧੇ ਮਿੰਟ ਵਿਚ ਹੀ ਪਛਾਣ ਕਰਕੇ ਅਤੇ ਫਿਰ ਖ਼ੂਨ ਦੀ ਸਾਧਾਰਨ ਜਾਂਚ ਕਰਕੇ ਸ਼ੂਗਰ ਤੋਂ ਛੁਟਕਾਰਾ ਮਿਲ ਸਕਦਾ ਹੈ।

# ਇਹ ਘਰੇਲੂ ਉਪਾਅ ਕਰਨਗੇ ਤੁਹਾਡੀ ਸੁਸਤੀ ਦੂਰ

ਹਮੇਸ਼ਾ ਲੋਕਾਂ ਦੇ ਨਾਲ ਅਜਿਹਾ ਹੁੰਦਾ ਹੈ ਕਿ ਬਿਨ੍ਹਾਂ ਕੰਮ ਦੇ ਹੀ ਉਹ ਥੱਕ ਜਾਂਦੇ ਹਨ, ਕਈ ਵਾਰ ਤਾਂ ਲੋਕ ਸਵੇਰੇ ਉੱਠਦੇ ਹੀ ਸੁਸਤੀ ਮਹਿਸੂਸ ਕਰਨ ਲੱਗਦੇ ਹਨ ਅਤੇ ਦਿਨ ਭਰ ਆਲਸ ਨਾਲ ਭਰੇ ਰਹਿੰਦੇ ਹਨ, ਅਜਿਹੀ ਹਾਲਤ 'ਚ ਕੋਈ ਕੰਮ ਨਹੀਂ ਕਰ ਪਾਉਂਦੇ। ਪਰ ਕੀ ਤੁਸੀਂ ਕਦੇ ਸੋਚਿਆ ਹੈ ਕਿ ਤੁਹਾਡੇ ਨਾਲ ਅਜਿਹਾ ਕਿਉਂ ਹੁੰਦਾ ਹੈ ਅਤੇ ਇਸ ਦਾ ਇਲਾਜ ਕੀ ਹੈ। ਅਸੀਂ ਤੁਹਾਨੂੰ ਦੱਸ ਰਹੇ ਹਾਂ ਕਿ ਕੁਝ ਘਰੇਲੂ ਉਪਾਅ ਜਿਸ ਨਾਲ ਤੁਹਾਡੀ ਸੁਸਤੀ ਦੂਰ ਹੋ ਜਾਵੇਗੀ। ਹਮੇਸ਼ਾ ਸ਼ਰੀਰ 'ਚ ਗਲੂਕੋਜ਼ ਦੀ ਕਮੀ ਨਾਲ ਵੀ ਕਮਜ਼ੋਰੀ ਮਹਿਸੂਸ ਹੁੰਦੀ ਹੈ। ਅਜਿਹੇ 'ਚ ਕੇਲੇ ਦੀ ਵਰਤੋਂ ਤੁਹਾਡੇ ਲਈ ਫਾਇਦੇਮੰਦ ਹੋ ਸਕਦੀ ਹੈ। ਕੇਲੇ 'ਚ ਕੁਦਰਤੀ ਗਲੂਕੋਜ਼ ਅਤੇ ਚੀਨੀ ਦੀ ਮਾਤਰਾ ਹੁੰਦੀ ਹੈ, ਇਸ ਲਈ ਇਸ ਦੀ ਵਰਤੋਂ ਕਰਨ ਨਾਲ ਤੁਹਾਨੂੰ ਸ਼ਕਤੀ ਮਿਲਦੀ ਹੈ। ਜੇਕਰ ਤੁਹਾਨੂੰ ਕਮਜ਼ੋਰੀ ਮਹਿਸੂਸ ਹੁੰਦੀ ਹੈ ਤਾਂ ਦੁੱਧ ਦੀ ਵਰਤੋਂ ਜ਼ਰੂਰ ਕਰੋ। ਦੁੱਧ 'ਚ ਤੁਹਾਨੂੰ ਸਰੀਰ ਲਈ ਉਪਯੋਗੀ ਹਰ ਤਰ੍ਹਾਂ ਦੇ ਵਿਟਾਮਿਨ, ਮਿਨਰਲਸ ਅਤੇ ਹੋਰ ਡਾਇਟਰੀ ਸਪਲੀਮੈਂਟਸ ਮੌਜੂਦ ਹੁੰਦੇ ਹਨ। ਜੇਕਰ ਤੁਹਾਡੇ ਸਰੀਰ 'ਚ ਮੈਗਨੀਸ਼ੀਅਮ ਦੀ ਕਮੀ ਹੈ ਤਾਂ ਵੀ ਤੁਸੀਂ ਕਾਫੀ ਕਮਜ਼ੋਰੀ ਮਹਿਸੂਸ ਕਰਦੇ ਹੋ। ਅਜਿਹੇ 'ਚ ਤੁਹਾਨੂੰ ਸੁੱਕੇ ਮੇਵਿਆਂ ਦੀ ਵਰਤੋਂ ਕਰਨੀ ਚਾਹੀਦੀ।

# ਦਿਲ ਦਾ ਦੌਰਾ : ਲੱਛਣਾਂ ਵੱਲ ਧਿਆਨ ਦਿਓ



44 ਸਾਲਾਂ ਦੇ ਦਿਨੇਸ਼ ਪਾਰਕ ਵਿਚ ਜੋਗਿੰਗ (ਕਸਰਤ) ਕਰ ਰਿਹਾ ਸੀ। ਅਚਾਨਕ ਉਸ ਦੇ ਦਿਲ ਵਿਚ ਦਰਦ ਸ਼ੁਰੂ ਹੋ ਗਿਆ। ਸ਼ੁਰੂ ਵਿਚ ਉਸ ਨੂੰ ਲੱਗਾ ਕਿਇਹ ਦਰਦ ਸ਼ਾਇਦ ਜ਼ਿਆਦਾ ਦੇਰ ਤੱਕ ਦੌੜਨ ਨਾਲ ਹੋਇਆ ਹੈ। ਪਰ ਕੁਝ ਹੀ ਦੇਰ ਵਿਚ ਉਸ ਦਾ ਦਰਦ ਵਧ ਗਿਆ। ਉਸ ਨੂੰ ਚੱਕਰ ਆਉਣ ਲੱਗੇ, ਪੂਰਾ ਸਰੀਰ ਪਸੀਨੇ ਨਾਲ ਭਿੱਜ ਗਿਆ। ਦਿਨੇਸ਼ ਬਿਲਕੁਲ ਬੇਵੱਸ ਹੋ ਗਿਆ ਸੀ। ਦੇਖਦਿਆਂ-ਦੇਖਦਿਆਂ ਹੀ ਉਹ ਉਥੇ ਜ਼ਮੀਨ 'ਤੇ ਡਿਗ ਪਏ। ਹਾਲਾਂ ਕਿ ਉਸ ਨੂੰ ਤੁਰੰਤ ਹਸਪਤਾਲ ਵਿਚ ਲਿਜਾਇਆ ਗਿਆ। ਡਾਕਟਰਾਂ ਨੇ ਦੱਸਿਆ ਕਿ ਦਿਨੇਸ਼ ਨੂੰ ਹਾਰਟ ਅਟੈਕ ਹੋਇਆ ਹੈ। ਤੁਰੰਤ ਹਸਪਤਾਲ ਲਿਆਉਣ ਨਾਲ ਉਸ ਦੀ ਜਾਨ ਬਚ ਗਈ। ਜੇ ਥੋੜ੍ਹੇ ਜਿਹੇ ਮਿੰਟਾਂ ਦਾ ਹੇਰ-ਫੇਰ ਹੁੰਦਾ ਤਾਂ ਸਥਿਤੀ ਹੱਥੋਂ ਨਿਕਲ ਜਾਣੀ ਸੀ। ਦਿਨੇਸ਼ ਹੀ ਨਹੀਂ, ਕਈ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਦਿਲ ਦਾ ਦੌਰਾ ਭਾਵ ਹਾਰਟ ਅਟੈਕ ਦੇ ਲੱਛਣਾਂ ਬਾਰੇ ਨਹੀਂ ਪਤਾ ਹੁੰਦਾ। ਉਹ ਇਹ ਵੀ ਨਹੀਂ ਜਾਣਦੇ ਕਿ ਆਖਰ ਹਾਰਟ ਅਟੈਕ ਹੁੰਦਾ ਕੀ ਹੈ ਅਤੇ ਕਿਉਂ ਹੁੰਦਾ ਹੈ? ਦਰਅਸਲ ਹਾਰਟ ਅਟੈਕ ਦੌਰਾਨ ਦਿਲ ਦੀ ਧਮਣੀਆਂ ਵਿਚ ਪੈਦਾ ਹੋਣ ਵਾਲੀ ਰੁਕਾਵਟ ਨਾਲ ਖ਼ੂਨ ਵਿਚ ਥੱਕੇ ਬਣ ਜਾਂਦੇ ਹਨ ਜੋ ਦਿਲ ਦੀ ਧਮਣੀ ਵਿਚ ਖ਼ੂਨ ਦੀ ਗਤੀ ਨੂੰ ਪੂਰੀ ਤਰ੍ਹਾਂ ਰੋਕ ਦਿੰਦੇ ਹਨ। ਹਾਰਟ ਅਟੈਕ ਹੋਣ ਦੇ ਕਈ ਕਾਰਨ ਹੁੰਦੇ ਹਨ ਜਿਵੇਂ ਕੋਲੈਸਟਰੋਲ ਦਾ ਵਧਣਾ, ਵੱਧ ਖ਼ੂਨ ਦਾ ਦਬਾਅ, ਸ਼ੂਗਰ, ਮੋਟਾਪਾ, ਅਸੰਤੁਲਿਤ ਭੋਜਨ, ਕਸਰਤ ਦੀ ਘਾਟ, ਤਣਾਅ ਆਦਿ। ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਹਾਰਟ ਅਟੈਕ ਦੌਰਾਨ ਮਰੀਜ਼ ਦੇ ਨਾਲ-ਨਾਲ ਸਾਰੇ ਅਸਹਿਜ ਸਥਿਤੀ ਵਿਚ ਪਹੁੰਚ ਜਾਂਦੇ ਹਨ। ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਜੇ ਅਚਾਨਕ ਹਾਰਟ ਅਟੈਕ ਭਾਵ ਦਿਲ ਦਾ ਦੌਰਾ ਪੈ ਜਾਵੇ ਤਾਂ ਕੀ ਕਰਨਾ ਚਾਹੀਦਾ ਹੈ

# ਭੋਜਨ ਪਚਾਉਣ 'ਚ ਮਦਦ ਕਰਨਗੇ ਇਕ ਘਰੇਲੂ ਨੁਸਖੇ

ਅੱਜ ਦੇ ਸਮੇਂ 'ਚ ਡਾਈਜੇਸ਼ਨ (ਭੋਜਨ ਨੂੰ ਪਚਾਉਣ) ਦੀ ਸਮੱਸਿਆ ਆਮ ਗੱਲ ਹੈ ਪਰ ਲੋਕ ਹਮੇਸ਼ਾ ਬਦਹਜ਼ਮੀ ਜਾਂ ਅਪਚ ਦੀ ਸਮੱਸਿਆ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ। ਲਗਾਤਾਰ ਅਪਚ ਦੀ ਸਮੱਸਿਆ ਹੋਣ ਨਾਲ ਪੇਟ 'ਚ ਅਲਸਰ, ਹਾਰਟ ਬਰਨ, ਫੈਟੀ ਲੀਵਰ ਅਤੇ ਪਾਚਨ ਤੰਤਰ 'ਤੇ ਨਾ-ਪੱਖੀ ਅਸਰ ਪਾ ਸਕਦਾ ਹੈ। ਕਈ ਵਾਰ ਓਵਰਇਟਿੰਗ, ਆਇਲੀ ਅਤੇ ਸਪਾਇਸੀ ਫੂਡ ਦੀ ਵਰਤੋਂ, ਬਹੁਤ ਜ਼ਿਆਦਾ ਤਣਾਅ ਲੈਣ, ਥਕਾਣ ਹੋਣ, ਜ਼ਿਆਦਾ ਡਰਿੰਕ ਅਤੇ ਸਿਗਰਟਨੋਸ਼ੀ ਨਾਲ ਅਪਚ ਹੋ ਸਕਦਾ ਹੈ। ਪਰ ਕੀ ਤੁਸੀਂ ਜਾਣਦੇ ਹੋ ਤੁਸੀਂ ਆਸਾਨੀ ਨਾਲ ਅਪਚ ਦੀ ਸਮੱਸਿਆ ਨੂੰ ਘਰੇਲੂ ਨੁਸਖਿਆਂ ਨਾਲ ਠੀਕ ਕਰ ਸਕਦੇ ਹੋ। ਅਦਰਕ—ਅਪਚ ਦੀ ਸਮੱਸਿਆ ਨੂੰ ਦੂਰ ਕਰਨ ਲਈ ਅਦਰਕ ਇਕ ਵਧੀਆ ਚੋਣ ਹੈ। ਇਸ ਨੂੰ ਪੀਸ ਕੇ ਖਾਧਾ ਜਾ ਸਕਦਾ ਹੈ ਜਾਂ ਫਿਰ ਇਸ ਨੂੰ ਚਾਹ 'ਚ ਪਾ ਲੈ ਪੀਣਾ ਚਾਹੀਦਾ। ਤੁਲਸੀ—ਤੁਲਸੀ ਦੀਆਂ ਪੱਤੀਆਂ ਬਲੋਟਿੰਗ ਘੱਟ ਕਰਨ ਅਤੇ ਗੈਸ ਨੂੰ ਦੂਰ ਰੱਖਦੀ ਹੈ। 5 ਤੋਂ 6 ਪੱਤੀਆਂ ਨੂੰ ਸਹੀ ਤਰੀਕੇ ਨਾਲ ਧੋ ਕੇ ਇਸ ਦਾ ਪੇਸਟ ਬਣਾਓ। ਇਸ 'ਚ ਚੁਟਕੀ ਭਰ ਨਮਕ ਅਤੇ ਕਾਲੀ ਮਿਰਚ ਪਾਓ। ਨਾਲ ਹੀ 2 ਤੋਂ 3 ਚਮਚ ਦਹੀਂ ਮਿਲਾਓ। ਦਿਨ ਭਰ 'ਚ ਇਸ ਪੇਸਟ ਨੂੰ ਦੋ ਤੋਂ ਤਿੰਨ ਵਾਰ ਲਓ। ਸੌਂਫ—ਇਕ ਮੁੱਠੀ ਪਿੱਸੀ ਹੋਈ ਸੌਂਫ ਨੂੰ ਪਾਣੀ ਨਾਲ ਲਓ। ਰੋਜ਼ਾਨਾ ਖਾਣ ਤੋਂ ਬਾਅਦ ਸੌਂਫ ਖਾਣ ਨਾਲ ਡਾਈਜੇਸ਼ਨ ਹੈਲਦੀ ਹੁੰਦਾ ਹੈ। ਤੁਸੀਂ ਚਾਹੋ ਤਾਂ ਸੌਂਫ ਦੇ ਨਾਲ ਕੁਝ ਬੀਜ ਇੰਝ ਹੀ ਚਬਾ ਸਕਦੇ ਹੋ। ਅਜਵਾਇਨ—ਅਪਚ ਦੀ ਸਮੱਸਿਆ ਨੂੰ ਦੂਰ ਕਰਨ ਲਈ ਅਜਵਾਇਨ ਦੀ ਵਰਤੋਂ ਕਰਨੀ ਵੀ ਫਾਇਦੇਮੰਦ ਹੁੰਦਾ ਹੈ। ਖਾਣੇ ਤੋਂ ਬਾਅਦ ਇਕ ਪੂਰਾ ਚਮਚ ਅਜਵਾਇਨ ਭਰ ਕੇ, ਉਸ ਨੂੰ ਚਬਾਓ। ਅਜਵਾਇਨ ਨੂੰ ਸੁੱਕੇ ਅਦਰਕ ਨੂੰ ਪੀਸ ਕੇ ਪਾਊਡਰ ਬਣਾ ਕੇ ਇਕ ਗਿਲਾਸ ਪਾਣੀ ਦੇ ਨਾਲ ਰੋਜ਼ ਲੈ ਸਕਦੇ ਹੋ। ਜ਼ੀਰਾ—ਇਕ ਮੁੱਠੀ ਜ਼ੀਰਾ ਪਾਊਡਰ ਬਣਾ ਲਓ ਅਤੇ ਉਸ ਨੂੰ ਪਾਣੀ ਦੇ ਨਾਲ ਲੈਣ ਨਾਲ ਆਰਾਮ ਮਿਲੇਗਾ।

# ਬਲੱਡ ਪ੍ਰੈਸ਼ਰ ਘੱਟਦਾ ਹੋਵੇ ਤਾਂ ਰੱਖੋ

ਅਸੀਂ ਹਮੇਸ਼ਾ ਇਹੋ ਸੁਣਿਆ ਹੈ ਕਿ ਗੁੱਸੇ ਸਮੇਂ ਬਲੱਡ ਪ੍ਰੈਸ਼ਰ ਵਧ ਜਾਂਦਾ ਹੈ। ਅਜਿਹੇ ਵਿਚ ਬੇਹੋਸ਼ ਹੋਣ ਦੀ ਸ਼ੰਕਾ ਵੀ ਹੁੰਦੀ ਹੈ। ਪਰ ਜੇਕਰ ਗੁੱਸੇ ਵਿਚ ਜਾਂ ਤਨਾਅ ਵਿਚ ਬਲੱਡ ਪ੍ਰੈਸ਼ਰ ਘਟਦਾ ਹੈ ਤਾਂ ਜ਼ਿਆਦਾ ਚੌਕਸ ਰਹਿਣ ਦੀ ਲੋੜ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ 10 ਵਿਚੋਂ ਦੋ ਲੋਕ ਅਜਿਹੇ ਹੁੰਦੇ ਹਨ ਜਿਨ੍ਹਾਂ ਦਾ ਤਨਾਅ ਜਾਂ ਗੁੱਸੇ ਸਮੇਂ ਬਲੱਡ ਪ੍ਰੈਸ਼ਰ ਘਟ ਜਾਂਦਾ ਹੈ। ਅਜਿਹੇ ਵਿਚ ਲਕਵੇ ਦਾ ਹਮਲਾ ਹੋ ਸਕਦਾ ਹੈ ਅਤੇ ਮੌਤ ਵੀ ਹੋ ਸਕਦੀ ਹੈ। ਕੈਲੀਫੋਰਨੀਆ ਯੂਨੀਵਰਸਿਟੀ ਦੇ ਵਿਗਿਆਨੀਆਂ ਇਹ ਗੱਲ ਇਕ ਖੋਜ ਨਾਲ ਜਾਹਰ ਕੀਤੀ ਹੈ।





# .ਗੈਰਕਾਨੂੰਨੀ ਪਰਵਾਸ ਤੇ ਬੇਰੁਜ਼ਗਾਰੀ

ਛੋਟੀ ਮੋਟੀ ਨੌਕਰੀ ਲਈ ਲੋਕਾਂ ਦਾ ਅਣਦਿਸਦੇ ਰਾਹਾਂ 'ਤੇ ਨਿਕਲਣਾ ਇਹ ਦਰਸਾਉਂਦਾ ਹੈ ਕਿ ਭਾਰਤ ਵਿੱਚ ਅਸੰਗਠਿਤ ਖੇਤਰ ਵਿੱਚ ਰੁਜ਼ਗਾਰ ਦੇ ਹਾਲਾਤ ਕਿੰਨੇ ਭੈੜੇ ਹਨ। ਇਹੋ ਜਿਹੀਆਂ ਹਾਲਤਾਂ ਵਿੱਚ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾਉਣ ਲਈ ਦੇਸ਼ ਦੇ ਕੋਨੇ-ਕੋਨੇ ਦਲਾਲਾਂ ਦਾ ਇਸ ਕਿਸਮ ਦਾ ਤੰਤਰ ਵਿਛਿਆ ਹੋਇਆ ਹੈ ਕਿ ਜੋ ਉਨ੍ਹਾਂ ਨੂੰ ਝੂਠੇ ਦਿਲਾਸੇ ਦੇ ਕੇ ਫਰੇਬ ਵਿੱਚ ਫਸਾ ਕੇ ਖ਼ਤਰਨਾਕ ਇਲਾਕਿਆਂ ਵਿੱਚ ਭੇਜ ਦਿੰਦਾ ਹੈ। ਕਈ ਵਾਰ ਤਾਂ ਇਸ ਕਿਸਮ ਦੀ ਵਿਦੇਸ਼ ਯਾਤਰਾ ਉਨ੍ਹਾਂ ਦੀ ਮੌਤ ਦਾ ਕਾਰਨ ਬਣ ਜਾਂਦੀ ਹੈ। ਕੀ ਕੋਈ 25 ਦਸੰਬਰ, 1996 ਨੂੰ ਵਾਪਰੇ 'ਮਾਲਟਾ ਕਾਂਡ' ਨੂੰ ਭੁਲ ਸਕਦਾ ਹੈ ਜਿਸ ਵਿੱਚ 283 ਨੌਜਵਾਨ ਬੇੜੀ ਰਾਹੀਂ ਸਮੁੰਦਰ ਪਾਰ ਕਰਕੇ ਇਟਲੀ ਜਾਂਦੇ ਹੋਏ ਸਮੁੰਦਰ ਵਿੱਚ ਹੀ ਡੁੱਬ ਮਰੇ ਸਨ।

ਰੋਟੀ ਕਮਾਉਣ ਗਏ 39 ਮਜ਼ਦੂਰ ਜਿਸ ਵਿੱਚ ਵੱਡੀ ਗਿਣਤੀ ਪੰਜਾਬੀਆਂ ਦੀ ਸੀ, ਇਰਾਕ ਵਿੱਚ ਅਤਿਵਾਦੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ। ਇਹ ਇੱਕ ਇਹੋ ਜਿਹਾ ਦੁਖਾਂਤ ਹੈ ਜੋ ਚਾਰ ਸਾਲ ਪਹਿਲਾਂ ਵਾਪਰਿਆ, ਪਰ ਇਸ ਘਟਨਾ ਦੀ ਪੁਸ਼ਟੀ ਹੁਣ ਹੋਈ ਹੈ। ਇਸ ਦੁਖਾਂਤ ਤੋਂ ਪੀੜਤ ਉਨ੍ਹਾਂ ਮਾਪਿਆਂ ਦੇ ਦੁੱਖ ਦੀ ਸਿਰਫ਼ ਕਲਪਨਾ ਹੀ ਕੀਤੀ ਜਾ ਸਕਦੀ ਹੈ ਕਿ ਇਸ ਦੌਰਾਨ ਉਨ੍ਹਾਂ ਨਾਲ ਕਿਵੇਂ ਗੁਜ਼ਰੀ ਹੋਏਗੀ ? ਇਹ ਮਾਰੇ ਗਏ ਲੋਕ 35000 ਰੁਪਏ ਮਹੀਨਾ ਦੀ ਨੌਕਰੀ ਲਈ ਇਰਾਕ ਗਏ ਸਨ। ਚਾਰ ਸਾਲ ਪਹਿਲਾਂ ਵਾਪਰੀ ਇਸ ਘਟਨਾ ਵਿੱਚੋਂ 40 ਭਾਰਤੀਆਂ ਵਿੱਚੋਂ ਇੱਕ ਵਿਅਕਤੀ ਇਸ ਘਟਨਾ ਵਿੱਚੋਂ ਬਚ ਗਿਆ। ਜਿਸਨੇ ਭਾਰਤ ਸਰਕਾਰ ਤਕ ਪਹੁੰਚ ਕਰਕੇ ਇਸ ਘਟਨਾ ਦੀ ਜਾਣਕਾਰੀ ਦਿੱਤੀ, ਪਰ ਉਸ ਨੂੰ ਚੁੱਪ ਰਹਿਣ ਲਈ ਆਖਿਆ ਗਿਆ। ਪਿਛਲੇ ਸਾਲ ਜੁਲਾਈ ਵਿੱਚ ਮੂਸਲ (ਇਰਾਕ) ਤੋਂ ਅਤਿਵਾਦੀਆਂ ਦਾ ਕਬਜ਼ਾ ਛੁਡਾ ਲਿਆ ਗਿਆ। ਰਾਡਾਰ ਦੀ ਸਹਾਇਤਾ ਨਾਲ ਇੱਕ ਸਮੂਹਿਕ ਕਬਰ ਦਾ ਪਤਾ ਲੱਗਾ। ਕਬਰਾਂ ਵਿੱਚੋਂ ਸਰੀਰ ਕੱਢਕੇ ਇਨ੍ਹਾਂ ਦਾ ਡੀਐੱਨਏ ਟੈਸਟ ਕਰਾਇਆ ਗਿਆ। ਜਿਸਦੇ ਮਿਲਾਣ ਤੋਂ ਬਾਅਦ ਪੁਸ਼ਟੀ ਹੋਈ ਕਿ ਇਹ ਮਾਰੇ ਗਏ ਲੋਕ ਭਾਰਤ ਦੇ ਹਨ।

ਠੱਗ ਕਿਸਮ ਦੇ ਏਜੰਟ ਨੌਜਵਾਨਾਂ ਨੂੰ ਵਿਦੇਸ਼ਾਂ 'ਚ ਪੱਕੀ ਰਿਹਾਇਸ਼ (ਪੀ. ਆਰ.) ਆਦਿ ਦਿਵਾਉਣ ਦੇ ਝਾਂਸੇ ਦੇ ਕੇ ਲੱਖਾਂ ਰੁਪਏ ਠੱਗਦੇ ਹਨ। ਇਸ ਸਬੰਧੀ ਹਜ਼ਾਰਾਂ ਕੇਸ ਪੁਲੀਸ ਕੋਲ ਦਰਜ ਹਨ, ਪਰ ਇਸ ਕਿਸਮ ਦੇ ਵਪਾਰ ਨੂੰ ਠੱਲ੍ਹ ਨਹੀਂ ਪੈ ਰਹੀ। ਦੇਸ਼ ਵਿੱਚੋਂ ਤੇ ਖ਼ਾਸ ਕਰਕੇ ਪੰਜਾਬ ਵਿੱਚੋਂ ਕਾਨੂੰਨੀ ਤੇ ਗ਼ੈਰਕਾਨੂੰਨੀ ਪਰਵਾਸ ਲਗਾਤਾਰ ਜਾਰੀ ਹੈ। ਭਾਵੇਂ ਕਿ ਪੰਜਾਬੀਆਂ ਲਈ ਪਰਵਾਸ ਨਵਾਂ ਵਰਤਾਰਾ ਨਹੀਂ ਹੈ। ਸਦੀ ਪਹਿਲਾਂ ਤੋਂ ਹੀ ਪੰਜਾਬੀ ਕੈਨੇਡਾ, ਅਮਰੀਕਾ ਅਤੇ ਮਲਾਇਆ ਆਦਿ ਦੇਸ਼ਾਂ ਵਿੱਚ ਰੁਜ਼ਗਾਰ ਦੀ ਪ੍ਰਾਪਤੀ ਲਈ ਪੁੱਜੇ। ਪਰ ਸੱਤਰਵਿਆਂ 'ਚ ਬਰਤਾਨੀਆਂ ਵੱਲ ਪੰਜਾਬੀਆਂ ਦੀਆਂ ਮੁਹਾਰਾਂ ਅਤੇ ਫਿਰ ਹਰ ਕਾਨੂੰਨੀ, ਗ਼ੈਰ-ਕਾਨੂੰਨੀ ਤਰੀਕਾ ਅਪਣਾਕੇ ਪੰਜਾਬ ਛੱਡਣਾ ਆਮ ਜਿਹੀ ਗੱਲ ਤੋਂ ਗਈ। ਲੰਡਨ ਦੇ ਇੱਕ ਅਖ਼ਬਾਰ 'ਚ ਛਪੀ ਰਿਪੋਰਟ ਅਨੁਸਾਰ ਗ਼ੈਰ-ਕਾਨੂੰਨੀ ਤੌਰ 'ਤੇ ਵਿਦੇਸ਼ ਭੇਜਣ ਵਾਲੀਆਂ ਹਜ਼ਾਰਾਂ ਹੀ ਕੰਪਨੀਆਂ ਪੰਜਾਬ ਵਿੱਚ ਖੁੱਲ੍ਹੀਆਂ ਹੋਈਆਂ ਹਨ, ਜਿਹੜੀਆਂ ਕਹਿਣ ਨੂੰ ਤਾਂ ਕਾਨੂੰਨੀ ਹਨ, ਪਰ ਗ਼ੈਰ-ਕਾਨੂੰਨੀ ਢੰਗ ਅਪਣਾ ਕੇ ਪਹਿਲਾਂ ਯੂਰੋਪ ਦਾ ਟੂਰਿਸਟ ਵੀਜ਼ਾ ਲਗਵਾ ਕੇ, ਫਿਰ ਅੰਦਰੋਂ ਅੰਦਰੀ ਲੋਕਾਂ ਨੂੰ ਇੰਗਲੈਂਡ ਜਿਹੇ ਮੁਲਕਾਂ 'ਚ ਵਾੜਨ ਦਾ ਕਾਰੋਬਾਰ ਕਰਦੀਆਂ ਹਨ। ਇਨ੍ਹਾਂ ਕੰਪਨੀਆਂ ਵਾਲਿਆਂ ਦਾ ਅਪਰਾਧਕ ਕਾਰੋਬਾਰ ਕਰਨ ਵਾਲੇ ਸਮੱਗਲਰਾਂ ਨਾਲ ਵੀ ਸਬੰਧ ਹੁੰਦਾ ਹੈ।

ਪੰਜਾਬ 'ਚ ਰਹਿ ਕੇ ਮਿਹਨਤ ਨਾ ਕਰਨ ਅਤੇ ਵਿਦੇਸ਼ 'ਚ ਜਾ ਕੇ ਹਰ ਤਰ੍ਹਾਂ ਦਾ ਕੰਮ ਕਰਨ ਲਈ ਪੰਜਾਬੀ ਮਸ਼ਹੂਰ ਹੋ ਗਏ ਹਨ। ਨਜ਼ਦੀਕੀ ਰਿਸ਼ਤਿਆਂ ਦੀ ਅਹਿਮੀਅਤ ਭੁਲਕੇ ਨੇੜਲੇ ਰਿਸ਼ਤਿਆਂ 'ਚ ਵਿਆਹ, ਫਿਰ ਆਇਲੈੱਟਸ ਕਰਕੇ ਜਾਅਲੀ ਵਿਆਹਾਂ ਦੀ ਲੜੀ ਨੇ ਪੰਜਾਬੀ ਭਾਈਚਾਰਕ ਰਿਸ਼ਤਿਆਂ ਉੱਤੇ ਭਰਵੀਂ ਸੱਟ ਮਾਰੀ, ਪਰ ਪਰਵਾਸ ਦੇ ਕਾਨੂੰਨੀ, ਗ਼ੈਰ-ਕਾਨੂੰਨੀ ਕੰਮ ਲਗਾਤਾਰ ਜਾਰੀ ਰਹੇ। ਪੰਜਾਬ ਵਿੱਚ ਸਮੇਂ ਸਮੇਂ ਹੋਈ ਮਾਰੋ-ਮਾਰੀ, ਘਾਟੇ ਦੀ ਖੇਤੀ ਤੋਂ ਪੰਜਾਬੀਆਂ ਦਾ ਮੋਹ ਟੁੱਟਣਾ, ਬੇਰੁਜ਼ਗਾਰੀ 'ਚ ਵਾਧਾ ਆਦਿ ਵੀ ਪਰਵਾਸ ਦਾ ਕਾਰਨ ਬਣੇ, ਪਰ ਸਾਧਾਰਨ ਮਜ਼ਦੂਰ ਨੂੰ ਅਸੰਗਠਿਤ ਖੇਤਰ ਵਿੱਚ ਰੋਟੀ ਰੋਜ਼ੀ ਦਾ ਸਾਧਨ ਪੈਦਾ ਕਰਨ 'ਚ ਨਾਕਾਮੀ ਵੀ ਵੱਡਾ ਕਾਰਨ ਬਣਿਆ।

ਖਾੜੀ ਦੇਸ਼ਾਂ ਵਿੱਚ ਪੰਜਾਬੀਆਂ ਦਾ ਪੁੱਜਣਾ ਇਸਦਾ ਵੱਡਾ ਪ੍ਰਮਾਣ ਹੈ, ਜਿੱਥੇ 15 ਹਜ਼ਾਰ ਰੁਪਏ ਮਹੀਨਾ ਤਕ ਦੀਆਂ ਨੌਕਰੀਆਂ ਲਈ ਵੀ ਘਰ-ਬਾਰ ਛੱਡਕੇ ਮਜ਼ਦੂਰੀ ਕਰਨ ਲਈ ਪੰਜਾਬੀ ਆਮ ਤੌਰ 'ਤੇ ਪੁੱਜ ਜਾਂਦੇ ਹਨ। ਹੁਣ ਤਾਂ ਵੱਡੀ ਗਿਣਤੀ 'ਚ ਪੰਜਾਬੀ ਲੜਕੀਆਂ ਵੀ 'ਘਰੇਲੂ ਨੌਕਰਾਣੀ' ਜਾਂ ਹੋਰ ਕੰਮਾਂ ਲਈ ਖਾੜੀ ਦੇਸ਼ਾਂ 'ਚ ਪੁੱਜ ਜਾਂਦੀਆਂ ਹਨ। ਦੂਜੀ ਤਰਫ਼ ਸਰਦੇ ਪੁੱਜਦੇ ਘਰਾਂ ਦੇ ਨੌਜਵਾਨ ਜਾਂ ਔਖੇ ਸੌਖੇ ਭਾਰੀ ਫੀਸਾਂ ਇੱਕਠੀਆਂ ਕਰਕੇ ਆਇਲੈੱਟਸ ਪਾਸ ਕਰਕੇ ਕੈਨੇਡਾ ਤੇ ਆਸਟਰੇਲੀਆ ਪੁੱਜਣ ਵਾਲੇ ਸਾਧਾਰਨ ਘਰਾਂ ਦੇ ਨੌਜਵਾਨਾਂ ਦਾ ਰੁਝਾਨ ਵੀ ਚਰਮ ਸੀਮਾ ਉੱਤੇ ਹੈ, ਜਿੱਥੇ ਉਹ ਇਸ ਆਸ ਨਾਲ ਪੁੱਜਦੇ ਹਨ ਕਿ ਪੜ੍ਹਾਈ ਕਰਕੇ ਉਹ ਪੀ.ਆਰ. ਪ੍ਰਾਪਤ ਕਰ ਲੈਣਗੇ। ਇਹ ਸਭ ਕੁਝ ਕਰਨ ਲਈ ਉਨ੍ਹਾਂ ਦੇ ਮਾਪਿਆਂ ਨੂੰ ਘਰ-ਬਾਰ, ਖੇਤ, ਗਹਿਣੇ ਰੱਖਣੇ ਪੈਂਦੇ ਹਨ ਤੇ ਕਰਜ਼ੇ ਲੈਣੇ ਪੈਂਦੇ ਹਨ। ਵਿਦੇਸ਼ ਪੁੱਜ ਕੇ ਇਨ੍ਹਾਂ ਨੌਜਵਾਨਾਂ ਨੂੰ ਔਖੇ ਕੰਮ ਘੱਟ ਪੈਸੇ ਲੈ ਕੇ ਕਰਨੇ ਪੈਂਦੇ ਹਨ ਅਤੇ ਇੱਕੋ ਕਮਰੇ 'ਚ ਪੰਜ-ਪੰਜ, ਛੇ-ਛੇ ਲੋਕਾਂ ਨੂੰ ਰਿਹਾਇਸ਼ ਰੱਖਣੀ ਪੈਂਦੀ ਹੈ, ਉਵੇਂ ਹੀ ਜਿਵੇਂ ਯੂ.ਪੀ. ਤੇ ਬਿਹਾਰ ਤੋਂ ਪੰਜਾਬ ਆਏ ਮਜ਼ਦੂਰਾਂ ਨੂੰ ਅਤਿ ਦੇ ਮਾੜੇ ਹਾਲਤਾਂ ਵਿੱਚ ਰਹਿਣ ਤੇ ਘੱਟ ਪੈਸਿਆਂ 'ਤੇ ਨੌਕਰੀ ਕਰਨੀ ਪੈਂਦੀ ਹੈ। ਸੰਗਠਿਤ ਅਤੇ ਗ਼ੈਰ-ਸੰਗਠਿਤ ਖੇਤਰਾਂ 'ਚ ਨੌਕਰੀਆਂ ਦੀ ਕਮੀ ਨੇ ਦੇਸ਼ 'ਚ ਵੱਡਾ ਸੰਕਟ ਪੈਦਾ ਕੀਤਾ ਹੋਇਆ ਹੈ। ਯੂ.ਐੱਨ.ਓ. ਦੀ ਇੰਟਰਨੈਸ਼ਨਲ ਲੇਬਰ ਔਰਗੇਨਾਈਜੇਸ਼ਨ (ਆਈ.ਐੱਲ.ਓ.) ਨੇ ਕਿਹਾ ਹੈ ਕਿ 2017 ਵਿੱਚ 17.8 ਮਿਲੀਅਨ ਲੋਕ ਬੇਰੁਜ਼ਗਾਰ ਸਨ ਜੋ ਇਸ ਤੋਂ ਪਿਛਲੇ ਸਾਲ 17.7 ਮਿਲੀਅਨ ਸਨ ਅਤੇ 2018 ਵਿੱਚ ਵਧਕੇ 18 ਮਿਲੀਅਨ ਹੋ ਗਏ ਹਨ। ਬੇਰੁਜ਼ਗਾਰੀ ਦੇ ਰੁਝਾਨ ਵਿੱਚ ਵਾਧਾ ਸਾਲਾਨਾ 3.4 ਫ਼ੀਸਦੀ ਉੱਤੇ ਟਿਕਿਆ ਹੋਇਆ ਹੈ। ਕੁੱਲ 1.34 ਬਿਲੀਅਨ ਆਬਾਦੀ ਵਿੱਚੋਂ ਅੱਧੀ ਆਬਾਦੀ 25 ਸਾਲ ਦੀ ਉਮਰ ਤੋਂ ਘੱਟ ਹੈ। ਹਰ ਸਾਲ ਵੱਡੀ ਗਿਣਤੀ ਵਿੱਚ ਇਹ ਆਬਾਦੀ ਨੌਕਰੀਆਂ ਦੀ ਤਲਾਸ਼ ਵਿੱਚ ਰਹਿੰਦੀ ਹੈ। ਦੇਸ਼ ਦੀ ਕੁੱਲ ਆਬਾਦੀ ਦਾ 50.3 ਫ਼ੀਸਦੀ ਹਰ ਕਿਸਮ ਦੀ ਮਜ਼ਦੂਰੀ 'ਚ ਲੱਗੇ ਹੋਏ ਲੋਕ ਹਨ। ਉਸ ਵਿੱਚੋਂ 46 ਫ਼ੀਸਦੀ ਲੋਕ ਖੇਤ ਮਜ਼ਦੂਰੀ ਨਾਲ ਜੁੜੇ ਹਨ ਜਦੋਂਕਿ 22 ਫ਼ੀਸਦੀ ਨਿਰਮਾਣ ਅਤੇ 32 ਫ਼ੀਸਦੀ ਸਰਵਿਸ ਸੈਕਟਰ ਨਾਲ ਜੁੜੇ ਹਨ। ਸਾਲ 2016 ਵਿੱਚ ਦੇਸ਼ ਵਿੱਚ ਬੇਰੁਜ਼ਗਾਰੀ ਦਰ 7.97 ਫ਼ੀਸਦੀ ਸੀ ਜਿਸ ਵਿੱਚ ਪੇਂਡੂ ਖੇਤਰ ਵਿੱਚ 7.15 ਫ਼ੀਸਦੀ ਅਤੇ ਸ਼ਹਿਰੀ ਖੇਤਰ 'ਚ 9.62 ਫ਼ੀਸਦੀ ਸੀ। ਮਗਨਰੇਗਾ ਦੇ ਲਾਗੂ ਹੋਣ ਨਾਲ ਬੇਰੁਜ਼ਗਾਰਾਂ ਦੀ ਪੇਂਡੂ ਖੇਤਰ 'ਚ ਗਿਣਤੀ ਵਿੱਚ ਕਮੀ ਦੇਖਣ ਨੂੰ ਮਿਲੀ ਹੈ। ਦੇਸ਼ ਵਿੱਚ ਵਧ ਰਹੀ ਬੇਰੁਜ਼ਗਾਰੀ ਦਾ ਵਧਣਾ ਪਰਵਾਸ ਦਾ ਵੱਡਾ ਕਾਰਨ ਹੈ। ਅਸੰਗਠਿਤ ਖੇਤਰ ਵਿੱਚ ਰੁਜ਼ਗਾਰ ਦੇ ਸੰਕਟ ਦਾ ਕੋਈ ਤੋੜ ਲੱਭਕੇ ਹੀ ਇਸ ਬੇਰੁਜ਼ਗਾਰੀ ਵਾਲੇ ਵੱਡੇ ਸੰਕਟ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਉਂਜ ਗ਼ੈਰ-ਕਾਨੂੰਨੀ ਪਰਵਾਸ ਨੂੰ ਠੱਲ੍ਹ ਪਾਉਣ ਲਈ ਅਤੇ ਇਰਾਕ ਜਿਹੀਆਂ ਘਟਨਾਵਾਂ ਰੋਕਣ ਲਈ ਦੇਸ਼ ਭਰ 'ਚ ਫੈਲੇ ਦਲਾਲਾਂ ਦੇ ਤੰਤਰ ਖਿਲਾਫ਼ ਵੱਡੀ ਸਰਕਾਰੀ ਕਾਰਵਾਈ ਕਰਨ ਦੀ ਵੀ ਲੋੜ ਹੈ।

**ਗੁਰਮੀਤ ਪਲਾਹੀ**

# ਦੇਸ਼ ਲਈ ਖ਼ਤਰਨਾਕ ਧਾਰਮਿਕ ਕੱਟੜਤਾ



**ਪਿਛਲੇ ਕੁਝ ਸਮੇਂ ਤੋਂ ਸਾਡੇ ਦੇਸ਼ ਵਿੱਚ ਧਾਰਮਿਕ ਕੱਟੜਵਾਦ ਦਾ ਬੋਲਬਾਲਾ ਕਾਫ਼ੀ ਵਧ ਗਿਆ ਹੈ। ਇਸ ਨਾਲ ਹੁਣ ਸਾਨੂੰ ਹਿੰਦੂ ਕੱਟੜਵਾਦ, ਮੁਸਲਿਮ ਕੱਟੜਵਾਦ ਤੇ ਸਿੱਖ ਕੱਟੜਵਾਦ ਵਰਗੇ ਸ਼ਬਦ ਆਮ ਹੀ ਸੁਣਨ ਨੂੰ ਮਿਲਦੇ ਹਨ। ਸਾਰੇ ਲੋਕ ਹੀ ਆਪਣੇ ਧਰਮ ਦੀ ਕੱਟੜਤਾ ਨੂੰ ਜਾਇਜ਼ ਠਹਿਰਾਉਣ ਬਾਰੇ ਤਰਕ ਦਿੰਦੇ ਹਨ। ਸੋਸ਼ਲ ਮੀਡੀਆ ਇਸ ਮੁੱਦੇ ਨੂੰ ਹਵਾ ਦੇਣ ਵਿੱਚ ਅਹਿਮ ਰੋਲ ਨਿਭਾ ਰਿਹਾ ਹੈ, ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜਦੋਂ ਅਸੀਂ ਸਦੀਆਂ ਤੋਂ ਅਮਨ-ਅਮਾਨ ਨਾਲ ਮਿਲ ਕੇ ਰਹਿ ਰਹੇ ਹਾਂ ਅਤੇ ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਸ਼ਾਮਿਲ ਹੋ ਰਹੇ ਹਾਂ ਤਾਂ ਹੁਣ ਕਿਉਂ ਇਸ ਕੱਟੜਤਾ ਨੂੰ ਵਧਾਇਆ ਜਾ ਰਿਹਾ ਹੈ।**



ਧਰਮ ਜੋੜਦਾ ਹੈ, ਤੋੜਦਾ ਨਹੀਂ।" ਇਹ ਗੱਲ ਸਾਰੇ ਧਰਮਾਂ ਦੇ ਸੰਤ, ਮਹਾਂਪੁਰਖ ਅਤੇ ਉਨ੍ਹਾਂ ਦੇ ਪੈਰੋਕਾਰ ਵਾਰ ਵਾਰ ਕਹਿੰਦੇ ਹਨ, ਪਰ ਜਦੋਂ ਕਿਤੇ ਹਕੀਕਤ ਵਿੱਚ ਇਸ ਗੱਲ 'ਤੇ ਅਮਲ ਕਰਨ ਦਾ ਸਮਾਂ ਆਉਂਦਾ ਹੈ ਤਾਂ ਸਾਨੂੰ ਇਸਦੇ ਬਿਲਕੁਲ ਉਲਟ ਵਰਤਾਰਾ ਵੇਖਣ ਨੂੰ ਮਿਲਦਾ ਹੈ। ਉਸ ਵੇਲੇ ਅਸੀਂ ਦੇਖਦੇ ਹਾਂ ਕਿ ਧਰਮ ਜੋੜਦਾ ਨਹੀਂ, ਤੋੜਦਾ ਹੈ। ਧਰਮਾਂ ਦੇ ਜਾਣਕਾਰਾਂ ਦਾ ਇਹ ਵਿਚਾਰ ਹੈ ਕਿ ਸਾਰੇ ਧਰਮ ਆਪਣੇ ਆਰੰਭ ਵਿੱਚ ਤਾਂ ਸਮੁੱਚੇ ਸਮਾਜ ਨੂੰ ਹੀ ਇੱਕ ਪਰਿਵਾਰ ਮੰਨਕੇ ਚਲਦੇ ਹਨ, ਪਰ ਸਮਾਂ ਪਾ ਕੇ ਉਨ੍ਹਾਂ ਵਿੱਚ ਆਪਣੇ ਧਰਮ ਨੂੰ ਮੰਨਣ ਵਾਲਿਆਂ ਅਤੇ ਦੂਜੇ ਧਰਮਾਂ ਦੇ ਪੈਰੋਕਾਰਾਂ ਲਈ ਅਲੱਗ ਤਰ੍ਹਾਂ ਦੀਆਂ ਭਾਵਨਾਵਾਂ ਪੈਦਾ ਹੋਣ ਲੱਗਦੀਆਂ ਹਨ। ਉਨ੍ਹਾਂ ਦਾ ਵਿਵਹਾਰ ਆਪਣੇ ਧਰਮ ਦੇ ਮੰਨਣ ਵਾਲਿਆਂ ਲਈ ਬਹੁਤ ਹੀ ਭਾਈਚਾਰਕ ਹੁੰਦਾ ਹੈ, ਪਰ ਜਦੋਂ ਉਹ ਆਪਣੇ ਧਰਮ ਦੇ ਦਾਇਰੇ ਤੋਂ ਬਾਹਰ ਦੂਜੇ ਧਰਮ ਦੇ ਦਾਇਰੇ ਵਿੱਚ ਦਾਖਲ ਹੁੰਦੇ ਹਨ ਤਾਂ ਉਨ੍ਹਾਂ ਦਾ ਵਿਵਹਾਰ ਕਾਫ਼ੀ ਬਦਲ ਜਾਂਦਾ ਹੈ

ਕੋਈ ਵੀ ਧਰਮ ਜ਼ਿਆਦਾ ਸਮੇਂ ਤਕ ਆਪਣੀ ਮੁੱਢਲੀ ਵਿਚਾਰਧਾਰਾ ਨੂੰ ਕਾਇਮ ਨਹੀਂ ਰੱਖ ਸਕਦਾ। ਉਸ ਵਿੱਚ ਹੌਲੀ ਹੌਲੀ ਰਵਾਇਤੀ ਕਮੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸੇ ਕਰਕੇ ਧਰਮਾਂ ਵਿੱਚ ਸੁਧਾਰਵਾਦੀ ਲਹਿਰਾਂ ਚਲਦੀਆਂ ਰਹਿੰਦੀਆਂ ਹਨ। ਕਈ ਵਾਰੀ ਤਾਂ ਇਨ੍ਹਾਂ ਲਹਿਰਾਂ ਦੀ ਵਜ੍ਹਾ ਕਰਕੇ ਧਰਮਾਂ ਵਿੱਚ ਧੜੇਬੰਦੀ ਇਸ ਹੱਦ ਤਕ ਵਧ ਜਾਂਦੀ ਹੈ ਕਿ ਉਹ ਲੋਕ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਜਾਂਦੇ ਹਨ, ਜਿਵੇਂ ਕਿ ਇਸਲਾਮ ਧਰਮ ਵਿੱਚ ਸ਼ੀਆ ਅਤੇ ਸੁੰਨੀ ਦਾ ਵਿਚਾਰਧਾਰਕ ਟਕਰਾਅ ਲੰਬੇ ਸਮੇਂ ਤੋਂ ਚਲਿਆ ਆ ਰਿਹਾ ਹੈ। ਸਾਡੇ ਹਿੰਦੂ ਧਰਮ ਨੂੰ ਮੰਨਣ ਵਾਲੇ ਸਾਧੂਆਂ ਦੇ ਕਈ ਅਖਾੜੇ ਹਨ। ਇਹ ਸਾਧੂ ਕੁੰਭ ਦੇ ਮੌਕੇ ਇਸ਼ਨਾਨ ਮੌਕੇ ਅਕਸਰ ਇਸੇ ਗੱਲ ਤੋਂ ਹੀ ਝਗੜ ਪੈਂਦੇ ਹਨ ਕਿ ਪਹਿਲਾਂ ਕਿਹੜਾ ਅਖਾੜਾ ਇਸ਼ਨਾਨ ਕਰੇਗਾ। ਇਸ ਗੱਲ ਨੂੰ ਲੈ ਕੇ ਉਨ੍ਹਾਂ ਵਿੱਚ ਤਕਰਾਰ ਕਈ ਵਾਰ ਮਾਰ ਕੁਟਾਈ ਤਕ ਜਾ ਪਹੁੰਚਦੀ ਹੈ। ਦੇਸ਼ ਅੰਦਰ ਹਿੰਦੂ, ਸਿੱਖ, ਮੁਸਲਿਮ, ਇਸਾਈ, ਬੋਧੀ ਤੇ ਜੈਨ ਧਰਮ ਦੇ ਪੈਰੋਕਾਰ ਰਲ ਮਿਲ ਕੇ ਭਾਈਚਾਰਕ ਸ਼ਾਂਤੀ ਤੇ ਅਮਨ ਅਮਾਨ ਨਾਲ ਸਦੀਆਂ ਤੋਂ ਰਹਿ ਰਹੇ ਹਨ। ਇਨ੍ਹਾਂ ਨੂੰ ਭਾਵੇਂ ਇਤਿਹਾਸਕ ਤੌਰ 'ਤੇ ਕਈ ਵਾਰ ਧਾਰਮਿਕ ਕੱਟੜਵਾਦ ਦਾ ਸਾਹਮਣਾ ਕਰਨਾ ਪਿਆ ਹੈ, ਪਰ ਫ਼ਿਰ ਵੀ ਸਾਡੇ ਲੋਕਾਂ ਦੀ ਖਾਸੀਅਤ ਰਹੀ ਹੈ ਕਿ ਉਨ੍ਹਾਂ ਦੀ ਲੰਬੇ ਸਮੇਂ ਤਕ ਭਾਈਚਾਰਕ ਸਾਂਝ ਨੂੰ ਖ਼ਤਮ ਨਹੀਂ ਕੀਤਾ ਜਾ ਸਕਿਆ। ਦੇਸ਼ ਦੀ ਵੰਡ ਸਮੇਂ ਟਕਰਾਅ ਵਿੱਚ ਲੱਖਾਂ ਲੋਕਾਂ ਦੇ ਮਰਨ ਤੋਂ ਬਾਅਦ ਵੀ ਛੇਤੀ ਹੀ ਵੱਖ ਵੱਖ ਧਰਮਾਂ ਦੇ ਲੋਕ ਆਪਸ ਵਿੱਚ ਮਿਲ ਕੇ ਰਹਿਣ ਨੂੰ ਤਰਜੀਹ ਦੇਣ ਲੱਗ ਪਏ। ਪਿਛਲੇ 70 ਸਾਲਾਂ ਵਿੱਚ ਦੇਸ਼ ਦੀ ਤਰੱਕੀ ਵਿੱਚ ਹਰ ਧਰਮ ਦੇ ਲੋਕਾਂ ਨੇ ਵੱਡਾ ਯੋਗਦਾਨ ਪਾਇਆ ਹੈ। ਦੇਸ਼ ਦੀ ਖ਼ੁਸ਼ਹਾਲੀ ਤੇ ਤਰੱਕੀ ਦਾ ਸਿਹਰਾ ਕਿਸੇ ਇੱਕ ਧਰਮ ਜਾਂ ਫ਼ਿਰਕੇ ਨੂੰ ਨਹੀਂ ਦਿੱਤਾ ਜਾ ਸਕਦਾ। ਸਾਡਾ ਦੇਸ਼ ਬਹੁ ਧਰਮੀ, ਬਹੁ ਜਾਤੀ ਅਤੇ ਬਹੁ-ਭਾਸ਼ਾਈ ਹੈ। ਅੱਜ ਅਸੀਂ ਸੰਸਾਰ ਵਿੱਚ ਤੇਜ਼ੀ ਨਾਲ ਅੱਗੇ ਵਧ ਰਹੀ ਅਰਥ ਵਿਵਸਥਾ ਵਾਲਾ ਦੇਸ਼ ਮੰਨੇ ਜਾਂਦੇ ਹਾਂ। ਅਸੀਂ ਤੇਜ਼ੀ ਨਾਲ ਵਿਕਾਸ ਕਰਨਾ ਚਾਹੁੰਦੇ ਹਾਂ ਅਤੇ ਗ਼ਰੀਬੀ, ਕੁਪੋਸ਼ਣ, ਅਨਪੜ੍ਹਤਾ ਅਤੇ ਬੇਰੁਜ਼ਗਾਰੀ ਵਰਗੀਆਂ ਬਿਮਾਰੀਆਂ ਨੂੰ ਜੜ ਤੋਂ ਖ਼ਤਮ ਕਰਨਾ ਚਾਹੁੰਦੇ ਹਾਂ। ਸਾਡਾ ਗੁਆਂਢੀ ਦੇਸ਼ ਸਾਡੇ ਤੋਂ ਵੱਧ ਆਬਾਦੀ ਹੋਣ ਦੇ ਬਾਵਜੂਦ ਹਰ ਖੇਤਰ ਵਿੱਚ ਸਾਡੇ ਤੋਂ ਅੱਗੇ ਨਿਕਲ ਚੁੱਕਾ ਹੈ। ਇਸਦਾ ਇੱਕ ਵੱਡਾ ਕਾਰਨ ਉੱਥੋਂ ਦੇ ਲੋਕਾਂ ਦਾ ਵੱਖ ਵੱਖ ਧਰਮਾਂ ਅਤੇ ਜਾਤਾਂ ਵਿੱਚ ਵੰਡੇ ਨਾ ਹੋਣਾ ਵੀ ਹੈ। ਅਸੀਂ ਸਾਰੇ ਹੀ ਕਿਤੇ ਨਾ ਕਿਤੇ ਧਰਮ ਅਤੇ ਜਾਤ ਦੇ ਆਧਾਰ 'ਤੇ ਇੱਕ ਦੂਜੇ ਪ੍ਰਤੀ ਗ਼ੈਰ-ਭਰੋਸਗੀ ਦਾ ਸ਼ਿਕਾਰ ਰਹਿੰਦੇ ਹਾਂ ਜਿਸ ਨਾਲ ਸਾਡੀ ਕੰਮ ਕਰਨ ਦੀ ਸਮਰੱਥਾ ਪ੍ਰਭਾਵਿਤ ਹੁੰਦੀ ਹੈ। ਜਦੋਂ ਇੱਕ ਧਰਮ ਜਾਂ ਜਾਤ ਦੇ ਬੰਦੇ ਆਪਣੇ ਆਪ ਨੂੰ ਹੀ ਉੱਚ ਕੋਟੀ ਦਾ ਸਮਝਦੇ ਹਨ ਤਾਂ ਇਸ ਨਾਲ ਦੂਜੇ ਲੋਕਾਂ ਨੂੰ ਬਰਾਬਰੀ ਦੇ ਮਾਨ ਸਨਮਾਨ ਦੀ ਘਾਟ ਮਹਿਸੂਸ ਹੋਣ ਲੱਗਦੀ ਹੈ।

ਪਿਛਲੇ ਕੁਝ ਸਮੇਂ ਤੋਂ ਸਾਡੇ ਦੇਸ਼ ਵਿੱਚ ਧਾਰਮਿਕ ਕੱਟੜਵਾਦ ਦਾ ਬੋਲਬਾਲਾ ਕਾਫ਼ੀ ਵਧ ਗਿਆ ਹੈ। ਇਸ ਨਾਲ ਹੁਣ ਸਾਨੂੰ ਹਿੰਦੂ ਕੱਟੜਵਾਦ, ਮੁਸਲਿਮ ਕੱਟੜਵਾਦ ਤੇ ਸਿੱਖ ਕੱਟੜਵਾਦ ਵਰਗੇ ਸ਼ਬਦ ਆਮ ਹੀ ਸੁਣਨ ਨੂੰ ਮਿਲਦੇ ਹਨ। ਸਾਰੇ ਲੋਕ ਹੀ ਆਪਣੇ ਧਰਮ ਦੀ ਕੱਟੜਤਾ ਨੂੰ ਜਾਇਜ਼ ਠਹਿਰਾਉਣ ਬਾਰੇ ਤਰਕ ਦਿੰਦੇ ਹਨ। ਸੋਸ਼ਲ ਮੀਡੀਆ ਇਸ ਮੁੱਦੇ ਨੂੰ ਹਵਾ ਦੇਣ ਵਿੱਚ ਅਹਿਮ ਰੋਲ ਨਿਭਾ ਰਿਹਾ ਹੈ, ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜਦੋਂ ਅਸੀਂ ਸਦੀਆਂ ਤੋਂ ਅਮਨ-ਅਮਾਨ ਨਾਲ ਮਿਲ ਕੇ ਰਹਿ ਰਹੇ ਹਾਂ ਅਤੇ ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਸ਼ਾਮਿਲ ਹੋ ਰਹੇ ਹਾਂ ਤਾਂ ਹੁਣ ਕਿਉਂ ਇਸ ਕੱਟੜਤਾ ਨੂੰ ਵਧਾਇਆ ਜਾ ਰਿਹਾ ਹੈ।

ਮੈਂ ਇਸ ਮੁੱਦੇ ਨੂੰ ਕੁਝ ਰਾਜਨੀਤਕ ਲੋਕਾਂ ਵੱਲੋਂ ਆਪਣੇ ਨਿੱਜੀ ਮੁਫਾਦਾਂ ਲਈ ਕੀਤੀ ਜਾ ਰਹੀ ਘਟੀਆ ਹਰਕਤ ਮੰਨਦਾ ਹਾਂ। ਇਸ ਨਾਲ ਵਕਤੀ ਤੌਰ 'ਤੇ ਤਾਂ ਰਾਜਨੀਤਕ ਲਾਭ ਹੋ ਸਕਦਾ ਹੈ, ਪਰ ਇਸ ਨਾਲ ਜੋ ਨੁਕਸਾਨ ਦੇਸ਼ ਅਤੇ ਸਮਾਜ ਦੇ ਲੋਕਾਂ ਦਾ ਹੁੰਦਾ ਹੈ, ਉਸਦੀ ਭਰਪਾਈ ਲਈ ਕਈ ਵਾਰ ਸਦੀਆਂ ਲੱਗ ਜਾਂਦੀਆਂ ਹਨ। ਦੇਸ਼ ਦੇ ਸ਼ਾਂਤੀ ਭਰੇ ਮਾਹੌਲ ਵਿੱਚ ਲੋਕ ਜ਼ਿਆਦਾ ਮਿਹਨਤ ਨਾਲ ਕੰਮ ਕਰਦੇ ਹਨ ਅਤੇ ਵਿਕਾਸ ਵੀ ਤੇਜ਼ੀ ਨਾਲ ਹੁੰਦਾ ਹੈ, ਵਿਅਕਤੀਗਤ ਕਮਾਈ ਵਧ ਹੁੰਦੀ ਹੈ। ਵਧ ਕਮਾਈ ਹੋਣ ਨਾਲ ਬਾਜ਼ਾਰਾਂ ਦੀ ਖ਼ਰੀਦਦਾਰੀ ਵਿੱਚ ਤੇਜ਼ੀ ਆਉਂਦੀ ਹੈ। ਉਦਯੋਗ ਜਗਤ ਨੂੰ ਹੁਲਾਰਾ ਮਿਲਦਾ ਹੈ। ਆਰਥਿਕ ਸਰਗਰਮੀਆਂ ਤੇਜ਼ੀ ਨਾਲ ਅੱਗੇ ਵਧਦੀਆਂ ਹਨ। ਅੱਜ ਵਿਸ਼ਵ ਅੰਦਰ ਆਰਥਿਕ ਤਾਕਤ ਹੋਣਾ ਹੀ ਕਿਸੇ ਵੀ ਦੇਸ਼ ਦੀ ਸਭ ਤੋਂ ਵੱਡੀ ਤਾਕਤ ਮੰਨੀ ਜਾਂਦੀ ਹੈ। ਇਸ ਹੁਲਾਰੇ ਨਾਲ ਹੀ ਅਸੀਂ ਵਿਕਾਸਸ਼ੀਲ ਤੋਂ ਵਿਕਸਤ ਦੇਸ਼ ਬਣ ਸਕਦੇ ਹਾਂ। ਕਿਸੇ ਇੱਕ ਧਰਮ ਜਾਂ ਫ਼ਿਰਕੇ ਦੇ ਲੋਕਾਂ ਨੂੰ ਅੱਗੇ ਲੈ ਕੇ ਜਾਣ ਨਾਲ ਦੇਸ਼ ਦਾ ਸਮੁੱਚਾ ਵਿਕਾਸ ਨਹੀਂ ਕੀਤਾ ਜਾ ਸਕਦਾ। ਜੇਕਰ ਧਰਮ ਹੀ ਲੋਕਾਂ ਨੂੰ ਜੋੜ ਕੇ ਰੱਖਦਾ ਹੁੰਦਾ ਤਾਂ ਇਰਾਨ ਤੇ ਇਰਾਕ ਵਿੱਚ ਕਦੇ ਵੀ ਜੰਗ ਨਾ ਹੁੰਦੀ। ਮਿਸਰ ਅੰਦਰ ਖਾਨਾਜੰਗੀ ਵਾਲੇ ਹਾਲਾਤ ਨਾ ਬਣਦੇ। ਪਾਕਿਸਤਾਨ ਤੋਂ ਲੈ ਕੇ ਅਫ਼ਗਾਨਿਸਤਾਨ ਦੀਆਂ ਹੱਦਾਂ 'ਤੇ ਮਾਰਾਮਾਰੀ ਨਾ ਹੁੰਦੀ। ਸੋ, ਵਿਚਾਰਨ ਵਾਲੀ ਗੱਲ ਇਹ ਕਿ ਧਰਮ ਦਾ ਦਖ਼ਲ ਸਿਰਫ਼ ਨਿੱਜੀ ਜ਼ਿੰਦਗੀ ਤਕ ਹੀ ਰਹੇ ਤਾਂ ਬਹੁਤ ਚੰਗੀ ਗੱਲ ਹੋਵੇਗੀ। ਇਸ ਨਾਲ ਅਸੀਂ ਵਿਸ਼ਵ ਦੇ ਨਕਸ਼ੇ ਉੱਪਰ ਤਾਕਤਵਰ ਧਿਰ ਬਣ ਕੇ ਅੱਗੇ ਵਧਾਂਗੇ। ਆਓ ਸਾਰੇ ਰਲ ਮਿਲ ਕੇ ਯਤਨ ਕਰੀਏ ਕਿ, 'ਧਰਮ ਜੋੜਦਾ ਹੈ, ਤੋੜਦਾ ਨਹੀਂ' ਦੀ ਭਾਵਨਾ ਨੂੰ ਇਸੇ ਤਰ੍ਹਾਂ ਕਾਇਮ ਰੱਖ ਸਕੀਏ।

# ਸਹਿਜ ਦੀ ਪਗਡੰਡੀ 'ਤੇ ਤੁਰਦਿਆਂ



ਸਹਿਜ ਦੀ ਪਗਡੰਡੀ 'ਤੇ ਤੁਰਦਿਆਂ ਮਨੁੱਖ ਆਪਣੀ ਜ਼ਿੰਦਗੀ ਦੇ ਉਚੇ ਤੋਂ ਉਚੇ ਮਨੋਰਥ ਨੂੰ ਪਾ ਸਕਦਾ ਹੈ ਤੇ ਨਿਸ਼ਚਿਤ ਅਭਿਆਸ ਲਗਨ ਤੇ ਸਾਧਨਾਂ ਨਾਲ ਉਚੇ ਆਦਰਸ਼ ਦੀ ਟੀਸੀ ਨੂੰ ਚੁੰਮ ਸਕਦਾ ਹੈ। ਕਾਹਲੀ ਨਾਲ ਚੁੱਕੇ ਗਏ ਕਦਮਾਂ ਨਾਲ ਮਨੁੱਖ ਰਸਤੇ ਦੀਆਂ ਭੁੱਲ-ਭਲਈਆਂ ਵਿੱਚ ਗੁਆਚ ਜਾਂਦਾ ਹੈ ਤੇ ਬਹੁਤ ਵਾਰੀ ਅਜਿਹੀ ਡੂੰਘੀ ਖਾਈ ਵਿੱਚ ਡਿਗਦਾ ਹੈ ਕਿ ਜਿਥੋਂ ਤੁਰਿਆ ਸੀ ਉਸ ਟਿਕਾਣੇ ਦਾ ਵੀ ਪਤਾ ਨਹੀਂ ਚੱਲਦਾ। ਸਹਿਜ ਨਾਲ ਪੱਕੇ ਹੋਏ ਫਲਾਂ ਦੇ ਮਿਠਾਸ ਦਾ ਆਪਣਾ ਹੀ ਆਨੰਦ ਹੁੰਦਾ ਹੈ। ਪਹਾੜਾਂ ਵਿੱਚ ਤੇਜ਼ੀ ਨਾਲ ਚਲਣ ਵਾਲੇ ਬਰਸਾਤੀ ਨਾਲ ਬੜਾ ਸ਼ੋਰ ਮਚਾਉਂਦੇ ਲੰਘਦੇ ਹਨ ਪਰ ਜਦ ਬਰਸਾਤ ਖਤਮ ਹੁੰਦੀ ਹੈ ਤਾਂ ਉਨ੍ਹਾਂ ਵਿੱਚ ਪਾਣੀ ਦੀ ਬੂੰਦ ਵੀ ਨਹੀਂ ਮਿਲਦੀ। ਇਸ ਤੋਂ ਉਲਟ ਸਹਿਜ ਨਾਲ ਚੱਲਣ ਵਾਲੇ ਦਰਿਆ ਹਮੇਸ਼ਾ ਲਈ ਸਮੁੰਦਰ ਵਿੱਚ ਜਾ ਰਲਦੇ ਹਨ। ਇੱਕ ਮਾਂ ਆਪਣੇ ਬੱਚੇ ਨੂੰ ਨੌ ਮਹੀਨੇ ਗਰਭ ਵਿੱਚ ਰੱਖਦੀ ਹੈ ਤੇ ਸਹਿਜ ਨਾਲ ਉਸਦੇ ਸਰੀਰ ਦਾ ਵਿਕਾਸ ਹੁੰਦਾ ਹੈ, ਜਿਸ ਦੀ ਧੜਕਣ ਨੂੰ ਸੁਣਦੀ ਹੋਈ ਉਹ ਖੀਵੀ ਹੁੰਦੀ ਰਹਿੰਦੀ ਹੈ, ਪਰ ਜਦੋਂ ਇਹ ਸਰੀਰ ਜੀਵਨ ਭੋਗ ਕੇ ਖਤਮ ਹੁੰਦਾ ਹੈ ਤਾਂ ਇੱਕ ਖੀਣ ਵੀ ਨਹੀਂ ਲੱਗਦਾ। ਸਹਿਜ ਦੀ ਪਗਡੰਡੀ 'ਤੇ ਤੁਰਦਿਆਂ ਹੀ ਤੈਨਜ਼ਿੰਗ ਨੇ ਇੱਕ ਨੌਕਰ ਦੇ ਰੂਪ ਵਿੱਚ ਸ਼ੁਰੂ ਕਰਕੇ ਨਿਰੰਤਰ ਅਭਿਆਸ ਨਾਲ ਤੁਰਦਿਆਂ ਸਭ ਤੋਂ ਪਹਿਲਾਂ ਮਾਊਂਟ ਐਵਰੈਸਟ ਦੀ ਸਭ ਤੋਂ ਉਚੀ ਚੋਟੀ ਨੂੰ ਸਰ ਕੀਤਾ। ਇਸ ਤਰ੍ਹਾਂ ਇਹ ਸੁਨਹਿਰੀ ਮਾਰਗ ਅਪਣਾਉਂਦਿਆਂ ਮਿਲਖਾ ਸਿੰਘ ਏਸ਼ੀਆਂ ਦਾ ਸਭ ਤੋਂ ਤੇਜ਼ ਦੌੜਨ ਵਾਲਾ ਬਣਿਆ, ਜਿਸ ਦੇ ਰੱਖੇ ਰਿਕਾਰਡ ਨੂੰ ਅਨੇਕਾਂ ਸਾਲ ਬਾਅਦ ਵੀ ਕੋਈ ਭਾਰਤੀ ਤੋੜ ਨਹੀਂ ਸਕਿਆ, ਖੇਡ ਪ੍ਰੇਮੀਆਂ ਨੂੰ ਲਾਲ ਅਮਰਨਾਥ ਦੀ ਇੱਕ ਇੱਕ ਦੌੜ ਲੈ ਕੇ ਬਣਾਇਆ ਸੈਕੜਾ ਹਮੇਸ਼ਾ ਲਈ ਯਾਦ ਰਹੇਗਾ। ਸਹਿਜ ਨਾਲ ਹੀ ਹਰਿਆਣੇ ਦੇ ਚੰਦਗੀ ਰਾਮ ਨੇ ਅਭਿਆਸ ਕਰਨ ਲਈ ਗਿੱਲੀਆਂ ਬੋਰੀਆਂ ਨੂੰ ਨਚੋੜਦਿਆਂ ਆਪਣੀਆਂ ਬਾਹਾਂ ਵਿੱਚ ਜਿਹੜਾ ਜ਼ੋਰ ਪੈਦਾ ਕੀਤਾ, ਉਸ ਨੇ ਮਿਹਰਦੀਨ ਭਲਵਾਨ ਦੀ ਕੰਡ ਲੁਆ ਦਿੱਤੀ ਤੇ ਚੰਦਕੀ ਨੂੰ ਰਾਮ ਨੂੰ ਭਾਰਤ ਕੇਸਰੀ ਦਾ ਖਿਤਾਬ ਦੁਆਇਆ। ਇਤਿਹਾਸ ਗੁਆਹੀ ਦਿੰਦਾ ਹੈ ਕਿ ਯੂਨਾਨ ਦੇ ਛੋਟੇ ਜਿਹੇ ਸ਼ਹਿਰ ਮਕਦੂਨੀਆਂ ਤੋਂ ਚੱਲਿਆ ਸਿਕੰਦਰ ਇੱਕ ਹਨੇਰੀ ਦੀ ਤਰ੍ਹਾਂ ਜਿੱਤਦਾ ਹੋਇਆ ਭਾਰਤ ਵਿੱਚ ਆਇਆ ਤੇ ਛੇਤੀ ਹੀ ਉਸ ਨੂੰ ਵਾਪਸ ਮੁੜਨਾ ਪਿਆ, ਇਸ ਤੋਂ ਉਲਟ ਬਾਬਰ ਤੇ ਹਮਾਂਯੂੰ ਤੋ ਬਾਅਦ ਅਕਬਰ ਬਾਦਸ਼ਾਹ ਨੇ ਸਹਿਜ ਨਾਲ ਮੁਗਲ ਰਾਜ ਦੀ ਨੀਂਹ ਰੱਖੀ ਜਿਹੜਾ ਕਈ ਸਦੀਆਂ ਤੱਕ ਚਲਿਆ। ਇਸ ਤਰ੍ਹਾਂ ਅੰਗਰੇਜ਼ ਇੱਥੇ ਇੱਕ ਵਪਾਰੀ ਦੇ ਰੂਪ ਵਿੱਚ ਆਇਆ ਤੇ ਸਹਿਜ ਨਾਲ ਆਪਣੀਆਂ ਜੜ੍ਹਾਂ ਮਜ਼ਬੂਤ ਕਰਦਾ ਰਿਹਾ ਤੇ ਫਿਰ ਭਾਰਤ ਦਾ ਰਾਜ ਭਾਗ ਹੀ ਸੰਭਾਲ ਲਿਆ। ਅੰਗਰੇਜ਼ ਦੀ ਦੂਰ ਅੰਦੇਸ਼ੀ ਤੇ ਸਹਿਜ ਨਾਲ ਕੰਮ ਕਰਨ ਦੀ ਪ੍ਰਵਿਰਤੀ ਇਸ ਗੱਲ ਤੋਂ ਦੇਖੀ ਜਾ ਸਕਦੀ ਹੈ ਕਿ ਜਦ ਤੱਕ ਮਹਾਰਾਜਾ ਰਣਜੀਤ ਸਿੰਘ ਜਿਊਂਦਾ ਰਿਹਾ, ਅੰਗਰੇਜ਼ ਨੇ ਰਣਜੀਤ ਸਿੰਘ ਦੇ ਰਾਜ ਨੂੰ ਪ੍ਰਾਪਤ ਕਰਨ ਦੀ ਹਵਸ ਨੂੰ ਦੱਬੀ ਰੱਖਿਆ, ਭਾਵੇਂ ਅੰਦਰਖਾਤੇ ਉਹ ਪੂਰੀ ਤਰ੍ਹਾਂ ਤਿਆਰੀ ਕਰਦਾ ਰਿਹਾ ਤੇ ਮਹਾਰਾਜੇ ਦੀ ਮੌਤ ਤੋਂ ਪੂਰੇ ਦਸ ਸਾਲ ਬਾਅਦ ਸਿੱਖ ਰਾਜ ਨੂੰ ਆਪਣੇ ਰਾਜ ਵਿੱਚ ਸ਼ਾਮਲ ਕੀਤਾ। ਮਨੁੱਖਤਾ ਦੇ ਵਿਕਾਸ ਦੀ ਕਹਾਣੀ ਸਹਿਜ ਦੀ ਮੂੰਹ ਬੋਲਦੀ ਤਸਵੀਰ ਹੈ, ਬਾਂਦਰ ਤੋਂ ਮਨੁੱਖ ਦੀ ਝਪਕ ਵਿੱਚ ਹੀ ਨਹੀਂ ਬਣਿਆ, ਲੱਖਾਂ ਸਾਲ ਇਸ ਪਰਿਵਰਤਨ 'ਤੇ ਲੱਗੇ ਹਨ। ਲੱਖਾਂ ਸਾਲ ਇਸ ਧਰਤੀ ਨੂੰ ਬਣਨ 'ਤੇ ਲੱਗੇ ਇਹ ਹਸਦਾ ਵਸਤਾ ਫੁੱਲਾਂ ਫਲਾਂ ਨਾਲ ਫੁਲਵਾੜੀ ਦਾ ਵਿਕਾਸ ਸਹਿਜ ਨਾਲ ਹੀ ਹੋਇਆ ਹੈ। ਡਾਰਵਿਨ ਨੇ ਜਦੋਂ ਮਨੁੱਖ ਦੇ ਵਿਕਾਸ ਦੀ ਕਹਾਣੀ ਨੂੰ ਕਈ ਸਾਲਾਂ ਦੀ ਅਣਥੱਕ ਮਿਹਨਤ ਨਾਲ ਲੋਕਾਂ ਸਾਹਮਣੇ ਰੱਖਿਆ ਤਾਂ ਵੇਲੇ ਦੀ ਸਰਕਾਰ ਇਨ੍ਹਾਂ ਵਿਚਾਰਾਂ ਨਾਲ ਬਹੁਤ ਦੁੱਖੀ ਹੋਈ ਤੇ ਇਨ੍ਹਾਂ ਵਿਚਾਰਾਂ ਨੂੰ ਰੱਬ ਦੀ ਹੋਂਦ ਤੋਂ ਮੁਨਕਰ ਤੇ ਮਜ਼ਦੂਰਾਂ ਵਿੱਚ ਬਗਾਵਤ ਤੇ ਇਨਕਲਾਬ ਦੇ ਬੀਜ ਬੋਂਣ ਵਾਲਾ ਕਿਹਾ। ਇਨ੍ਹਾਂ ਵਿਚਾਰਾਂ ਨਾਲ ਨਿਰਸੰਦੇਹ ਜਾਗ੍ਰਿਤੀ ਤੇ ਚੇਤਨਤਾ ਪੈਦਾ ਹੁੰਦੀ ਹੈ, ਪਰ ਸਰਮਾਏਦਾਰੀ ਸਰਕਾਰਾਂ ਇਹ ਚਾਹੁੰਦੀਆਂ ਹਨ ਕਿ ਲੋਕਾਂ ਵਿੱਚ ਸੋਝੀ ਨਾ ਹੋਵੇ, ਤੇ ਲੋਕ ਤਾਂ ਹੱਥਾਂ ਦੀਆਂ ਲਕੀਰਾਂ, ਤਾਰਿਆਂ ਗ੍ਰਹਿਆਂ ਦੀ ਗਰਦਸ਼, ਭਾਗਾਂ ਦੀ ਡੋਰ 'ਤੇ ਆਪਣੀ ਤਕਦੀਰ ਨੂੰ ਜੋੜੀ ਰੱਖਣ, ਪਰ ਜਿਉਂ ਜਿਉਂ ਸਹਿਜੇ ਡਾਰਵਿਨ ਦੇ ਵਿਚਾਰਾਂ ਦੀ ਸੋਝੀ ਹੋ ਰਹੀ ਹੈ, ਮਨੁੱਖ ਨੂੰ ਆਪਣੇ ਇਤਿਹਾਸ ਦਾ ਪਤਾ ਚੱਲ ਰਿਹਾ ਹੈ। ਵਿਗਿਆਨੀਆਂ ਦਾ ਜੀਵਨ ਦਸਦਾ ਹੈ ਕਿ ਉਹ ਕਿੰਨੇ ਸਹਿਜ ਢੰਗ ਨਾਲ ਪਹਿਲਾਂ ਕਿਸੇ ਸਿਧਾਂਤ ਨੂੰ ਸੋਚਦੇ ਹਨ, ਫਿਰ ਅਸਲੀ ਰੂਪ ਵਿੱਚ ਉਸ ਸਬੰਧੀ ਖੋਜ ਕਰਦੇ ਹਨ, ਫਿਰ ਕੋਈ ਕਾਢ ਲੋਕਾਂ ਸਾਹਮਣੇ ਆਉਂਦੀ ਹੈ। ਨਿਊਟਨ ਨੇ ਅੰਬ ਦੇ ਦਰਖਤ ਥੱਲੇ ਡਿਗਣ ਦੇ ਕਾਰਨ ਨੂੰ ਧਰਤੀ ਦੀ ਖਿੱਚ ਦੇ ਆਕਰਸ਼ਣ ਦੇ ਸਿਧਾਂਤ ਅਨੁਸਾਰ ਲੱਭਿਆ। ਨਿਊਟਨ ਨੂੰ ਕਿਸੇ ਨੇ ਪੁੱਛਿਆ ਕਿ ਉਹ ਸਿਧਾਂ ਉਸ ਨੂੰ ਕਿਸ ਤਰ੍ਹਾਂ ਲੱਭਾ ਤਾਂ ਨਿਊਟਨ ਦਾ ਜੁਆਬ ਸੋਚ ਜਾਣ, ਸੋਚੀ ਜਾਣ ਨਾਲ। ਇਸ ਤਰ੍ਹਾਂ ਪ੍ਰੋ.ਪੀਰੀ ਕਿਊਰੀ ਤੇ ਉਸ ਦੀ ਪਤਨੀ ਸ੍ਰੀਮਤੀ ਮੈਰੀ ਕਿਊਰੀ ਨੇ ਕਈ ਸਾਲਾਂ ਦੀ ਅਣਥੱਕ ਮਿਹਨਤ ਤੋਂ ਬਾਅਦ ਕੂੜੇ ਦੇ ਵਿਅਰਥ ਢੇਰ ਵਿੱਚੋਂ ਯੂਰੇਨੀਅਤ ਨਾਂ ਦੀ ਧਾਤ ਲੱਭੀ। ਰੋਮ ਇੱਕ ਦਿਨ ਵਿੱਚ ਨਹੀਂ ਸੀ ਬਣਿਅਅ, ਯਰੋਸ਼ਲਮ, ਬੈਬੀਲੋਨ ਤੇ ਏਥਨਜ਼ ਵਰਗੇ ਆਕ੍ਰਿਸ਼ਤ ਸ਼ਹਿਰ ਇੱਕ ਦਿਨ ਵਿੱਚ ਨਹੀਂ ਸੀ ਬਣੇ, ਇਨ੍ਹਾਂ ਸ਼ਹਿਰਾਂ ਦਾ ਵਿਕਾਸ ਸਹਿਜ ਢੰਗ ਨਾਲ ਹੀ ਹੋਇਆ ਸੀ। ਅਜੰਤਾ ਤੇ ਅਲੋਰਾ ਦੀਆਂ ਗੁਫਾਵਾਂ, ਭਾਰਤ ਦੇ ਅਨੇਕਾਂ ਮੰਦਰ ਮਨੁੱਖ ਦੀ ਮਿਹਨਤ ਦੀ ਕਹਾਣੀ ਨੂੰ ਪ੍ਰਗਟਾ ਰਹੇ ਹਨ। ਤਾਜ ਮਹੱਲ ਨੂੰ ਬਣਾਉਣ ਦੀ ਕਾਰੀਗਰਾਂ ਨੂੰ ਕਿੰਨੀ ਸਬਰ ਸੰਤੋਖ ਦੀ ਭਾਵਨਾ, ਮਿਹਨਤ ਨਾਲ ਕੰਮ ਕਰਨਾ ਪਿਆ ਹੋਵੇਗਾ ਤੇ ਇਸ ਤਰ੍ਹਾਂ ਕਲਾਂ ਦੇ ਪੱਖ ਤੋਂ ਤੇ ਵਿਸ਼ੇਸ਼ ਕਰਕੇ ਭਵਨ ਨਿਰਮਾਣ ਕਲਾ ਦੇ ਪੱਖ ਤੋਂ ਮਨੁੱਖ ਨੂੰ ਕਿੰਨੇ ਸਹਿਜ ਤੋਂ ਕੰਮ ਲੈਣਾ ਪਿਆ ਹੋਵੇਗਾ, ਮਨੁੱਖ ਦੀ ਬੁੱਧੀ ਇਹ ਦੇਖ ਕੇ ਹੈਰਾਨ ਰਹਿ ਜਾਂਦੀ ਹੈ, ਦੂਸਰੇ ਪਾਸੇ ਮਨੁੱਖ ਦੀ ਆਕ੍ਰਿਤਘਣਤਾ ਦੀ ਭਾਵਨਾ ਕਿੰਨੀ ਕਾਹਲੀ ਨਾਲ ਕੰਮ ਕਰਦੀ ਹੈ ਜਿਸ ਨੇ ਤਾਜ ਮਹੱਲ ਦਾ ਸਾਰਾ ਨਕਸ਼ਾ ਬਣਾਇਆ ਅਤੇ ਉਸ ਦੇ ਨਿਰਮਾਣ ਤੇ ਸਭ ਤੋਂ ਵੱਧ ਕੰਮ ਕੀਤਾ, ਉਸਦੇ ਹੱਥਾਂ ਨੂੰ ਕਟਵਾਉਣ ਵਿੱਚ ਬਾਦਸ਼ਾਹ ਨੇ ਦੇਰੀ ਨਹੀਂ ਕੀਤੀ। ਸੰਸਰਾ ਦੇ ਪ੍ਰਸਿੱਧ ਦਾਰਸ਼ਨਿਕਾਂ ਦਾ ਜੀਵਨ ਦੱਸਦਾ ਹੈ ਕਿ ਉਨ੍ਹਾਂ ਨੇ ਆਪਣੇ ਦਾਰਸ਼ਨਿਕ ਵਿਚਾਰਾਂ ਨੂੰ ਪੇਸ਼ ਕਰਨ ਵਿੱਚ ਕਿਤਨਾ ਲੰਮਾ ਅਭਿਆਸ ਕੀਤਾ। ਪਲੈਟੋ, ਸੁਕਰਾਤ, ਅਰਸਤੂ, ਡਾਂਟੇ, ਗੈਟੇ ਆਦਿ ਦੇ ਦਰਸ਼ਨ ਨਿਰੰਤਰ, ਸਾਧਨਾ ਤੇ ਅਭਿਆਸ ਦਾ ਸਿੱਟਾ ਸਨ, ਜੋ ਇੰਨੀਆਂ ਸਦੀਆਂ ਲੰਘਣ ਤੋਂ ਬਾਅਦ ਵੀ ਜਿਨ੍ਹਾਂ ਦੀ ਸਾਰਥਿਕਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮਹਾਨ ਰੂਸੀ ਸਾਹਿਤਕਾਰ ਤਾਲਸਤਾਏ ਨੇ ਜੰਗ ਤੇ ਅਮਨ ਨਾਵਲ ਨੂੰ ਲਿਖਣ ਲਈ ਕਈ ਵਰ੍ਹੇ ਲਗਾਏ ਤੇ ਕਈ ਵਰ੍ਹੇ ਜੀਵਨ ਦੇ ਅਭਿਆਸ ਨਾਲ ਇਸ ਨੂੰ ਸੋਧਦੇ ਰਹੇ ਤੇ ਅਮਲੀ ਰੂਪ ਵਿੱਚ ਪਰਖਦੇ ਰਹੇ। ਜੇਨ ਆਸਟਿਨ ਬਾਰੇ ਵੀ ਪ੍ਰਸਿੱਧ ਹੈ ਕਿ ਉਹ ਆਪਣੇ ਨਾਵਲਾਂ ਨੂੰ ਛਪਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਅਨੇਕਾਂ ਵਾਰ ਸੋਧਦੀ ਸੀ, ਉਸਦੇ ਨਾਵਲਾਂ ਵਿੱਚ ਇੱਕ ਵੀ ਸ਼ਬਦ ਫਾਲਤੂ ਨਹੀਂ ਮਿਲੇਗਾ। ਸਰ ਵਾਲਟ+ ਸਕਾਟ ਬਾਰੇ ਤੱਥ ਜੁੜਿਆ ਹੋਇਆ ਹੈ ਕਿ ਉਨ੍ਹਾਂ ਨੇ ਆਪਣੇ ਇਤਿਹਾਸਕ ਨਾਵਲਾਂ ਨੂੰ ਲਿਖਣ ਲਈ ਆਪਣੀ ਉਮਰ ਦੇ ਅਨੇਕਾਂ ਵਰ੍ਹੇ ਲਗਾਏ ਤੇ ਬਿਮਾਰੀ ਦਾ ਖਿਆਲ ਵੀ ਨਹੀਂ ਕੀਤਾ ਤੇ ਜਦੋਂ ਉਨ੍ਹਾਂ ਦੀ ਮੌਤ ਹੋਈ ਤਾਂ ਉਨ੍ਹਾਂ ਦੇ ਹੱਥਾਂ ਵਿੱਚ ਕਲਮ ਸੀ ਤੇ ਉਹ ਲਿਖ ਰਹੇ ਸਨ।

ਪੰਜਾਬੀ ਸਾਹਿਤ ਵਿੱਚ ਸਹਿਜ ਦੀ ਪਗਡੰਡੀ ਤੇ ਤੁਰਦਿਆਂ ਅਭਿਆਸ ਸਾਧਨਾਂ ਤੇ ਵਿਸ਼ਾਲ ਜੀਵਨ ਦੇ ਤਜਰਬੇ ਦੇ ਆਧਾਰ 'ਤੇ ਜਿਹੜੀਆਂ ਰਚਨਾਵਾਂ ਹੋਂਦ ਵਿੱਚ ਆਈਆਂ, ਉਹ ਹੀ ਲੇਖਕ ਤੇ ਉਨ੍ਹਾਂ ਹੀ ਲੇਖਕ ਤੇ ਉਨ੍ਹਾਂ ਦੀਆਂ ਪੁਸਤਕਾਂ ਪ੍ਰਵਾਨ ਹੋਈਆਂ ਹਨ। ਭਾਈ ਵੀਰ ਸਿੰਘ ਬਾਰੇ ਪ੍ਰਸਿੱਧ ਹੈ ਕਿ ਉਨ੍ਹਾਂ ਵਿੱਚ ਆਪਣੀਆਂ ਰਚਨਾਵਾਂ ਨੂੰ ਛਾਪਣ ਦੀ ਕਾਹਲ ਨਹੀਂ ਸੀ ਹੁੰਦੀ ਤੇ ਕਈ ਵਰ੍ਹੇ ਰਚਨਾ ਪਈ ਰਹਿਣ ਤੋਂ ਬਾਅਦ ਛਪਾਈ ਪੌਸ਼ਾਕ ਪਹਿਨਦੀ ਸੀ। ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਪੰਜਾਬੀ ਵਿੱਚ ਲਿਖਣ ਤੋਂ ਪਹਿਲਾਂ ਇੰਜਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ, ਫਿਰ ਅਮਰੀਕਾ ਵਿੱਚ ਪੜ੍ਹਨ ਗਏ, ਕਈ ਵਰ੍ਹੇ ਨੌਕਰੀ ਕੀਤੀ, ਫਿਰ ਜੀਵਨ ਦੇ ਵਿਸ਼ਾਲ ਤਜਰਬੇ ਗ੍ਰਹਿਣ ਕਰਨ ਤੋਂ ਬਾਅਦ ਪ੍ਰੀਤਲੜੀ ਸ਼ੁਰੂ ਕੀਤੀ, ਫਿਰ ਜੀਵਨ ਦੇ ਵਿਸ਼ਾਲ ਤਜਰਬੇ ਗ੍ਰਹਿਣ ਕਰਨ ਤੋਂ ਬਾਅਦ ਪ੍ਰੀਤਲੜੀ ਸ਼ੁਰੂ ਕੀਤੀ, ਭਾਵੇਂ ਆਰਥਿਕ ਤੌਰ 'ਤੇ ਖੁਸ਼ਹਾਲੀ ਲਈ ਉਹ ਹੋਰ ਕੰਮ ਵੀਕਰ ਸਕਦੇ ਸਨ। ਇਸ ਤਰ੍ਹਾਂ ਪ੍ਰੋ. ਪੂਰਨ ਸਿੰਘ ਰਸਾਇਣ ਵਿਗਿਆਨ ਦੀ ਐਮ.ਐਸ.ਸੀ. ਕਰਨ ਤੋਂ ਬਾਅਦ ਤੇ ਪ੍ਰਯੋਗਸ਼ਾਲਾਵਾਂ ਵਿੱਚ ਤਜਰਬੇ ਕਰਨ ਤੋਂ ਬਾਅਦ ਕਈ ਦੇਸ਼ਾਂ ਦਾ ਭ੍ਰਮਣ ਕਰਨ, ਕਈ ਪ੍ਰਸਿਧ ਸਾਧੂਆਂ ਆਸ਼ਰਮਾਂ ਤੇ ਦਾਰਸ਼ਨਿਕਾਂ ਦੇ ਪ੍ਰਭਾਵ ਕਬੂਲਣ ਤੋਂ ਬਾਅਦ ਜਦੋਂ ਵੀਰ ਸਿੰਘ ਨਾਲ ਉਨ੍ਹਾਂ ਦਾ ਮੇਲ ਹੋਇਆ ਤਾਂ ਸਿੱਖੀ ਪਿਆਰ ਲਈ ਤੇ ਪੰਜਾਬੀ ਲਿਖਣ ਲਈ ਉਨ੍ਹਾਂ ਦੇ ਜਜ਼ਬੇ ਕੜ ਪਾੜ ਕੇ ਵਹਿ ਤੁਰੇ। ਇੱਕ ਦੋਸਤ ਨੇ ਉਨ੍ਹਾਂ ਨੂੰ ਕਿਹਾ ਕਿ ਪੰਜਾਬੀ ਵਿੱਚ ਨਿਬੰਧਾਂ ਦੀ ਤਾਂ ਕੋਈ ਪੁਸਤਕ ਹੀ ਨਹੀਂ ਹੈ ਤਾਂ ਖੁਲੇ ਲੇਖ ਨਾਂ ਦੀ ਪੁਸਤਕ ਹੋਂਦ ਵਿੱਚ ਆਈ। ਕਪੂਰ ਸਿੰਘ ਆਈ.ਸੀ.ਐਸ. ਨੇ ਪਹਿਲਾਂ ਡਿਪਟੀ ਕਮਿਸ਼ਨਰੀ ਕੀਤੀ ਤੇ ਹੋਰ ਕਈ ਉਚੇ ਅਹੁਦਿਆਂ 'ਤੇ ਨੌਕਰੀ ਕੀਤੀ, ਫਿਰ ਜਦੋਂ ਰਾਜਨੀਤਕ ਕਾਰਨਾਂ ਕਰਕੇ ਉਹ ਨੌਕਰੀ 'ਤੇ ਨਾ ਰਹੇ ਤਾਂ ਆਪਣੇ ਜੀਵਨ ਦੇ ਵਿਸ਼ਾਲ ਅਨੁਭਵ, ਦਰਸ਼ਨ, ਸਾਹਿਤ, ਵਿਗਿਆਨ ਦੇ ਗੰਭੀਰ ਅਧਿਐਨ ਤੋਂ ਬਾਅਦ ਪੰਜਾਬੀ ਵਿੱਚ ਲਿਖਣਾ ਸ਼ੁਰੂ ਕੀਤਾ ਤਾਂ ਸਪਤ ਸ਼੍ਰਿੰਗ ਬਹੁ ਵਿਸਤਾਰ, ਪ੍ਰਦੀਕ ਪੁਸਤਕਾਂ ਹੋਂਦ ਵਿੱਚ ਆਈਆਂ। ਇਕ ਵਾਰ ਜਦੋਂ ਉਹ ਇੱਕ ਦੋਸਤ ਦੇ ਘਰ ਠਹਿਰੇ ਹੋਏ ਸਨ ਤਾਂ ਉਸ ਦੇ ਲੜਕੇ ਨੂੰ ਪੰਜਾਬੀ ਪੜ੍ਹਨ ਲਈ ਪ੍ਰੇਰਨਾਂ ਦੇਣ ਲੱਗੇ ਤਾਂ ਲੜਕੇ ਨੇ ਤੁਰੰਤ ਕਿਹਾ ਪੰਜਾਬੀ ਵਿੱਚ ਪੜ੍ਹਨ ਲਈ ਤਾਂ ਬੱਚਿਆਂ ਲਈ ਦਿਲਚਸਪ ਸਮੱਗਰੀ ਹੀ ਨਹੀਂ ਹੈ। ਬੱਚੇ ਦੀ ਇਸ ਮੰਗ ਨੂੰ ਪੂਰਾ ਕਰਨ ਲਈ ਹੇਅਰੋ ਗਲਿਫ, ਹਿਪੋ ਗੈਡਾ, ਚਿੱਟਾ ਸੋਨਾਂ ਆਦਿ ਨਿਬੰਧ ਲਿਖੇ ਗਏ, ਜਿਨ੍ਹਾਂ ਵਿੱਚ ਆਮ ਜਾਣਕਾਰੀ ਕਪੂਰ ਸਿੰਘ ਦੀ ਮਹਾਨ ਵਿਦਵਤਾ ਦੀ ਜਿਊਂਦੀ ਜਾਗਦੀ ਤਸਵੀਰ ਹੈ। ਪ੍ਰਿੰਸੀਪਲ ਤੇਜਾ ਸਿੰਘ ਨੇ ਅਨੇਕਾਂ ਵਰ੍ਹੇ ਅੰਗਰੇਜ਼ੀ ਸਾਹਿਤ ਨੂੰ ਪੜ੍ਹਾਇਆ, ਖਾਸ ਤੌਰ ਤੇ ਸੈਕਸਪੀਅਰ ਦੇ ਨਾਟਕਾਂ ਉਤੇ ਊਨ੍ਹਾਂ ਨੂੰ ਖਾਸ ਅਧਿਕਾਰ ਪ੍ਰਾਪਤ ਸੀ, ਜਿਨ੍ਹਾਂ ਨੂੰ ਪੜਾਉਣ ਲੱਗਿਆ ਉਨ੍ਹਾਂ ਤੋਂ ਪੜ੍ਹੇ ਵਿਦਿਆਰਥੀਆਂ ਅਨੁਸਾਰ ਉਹ ਪਾਤਰਾਂ ਵਾਂਗ ਹੀ ਹਾਵ ਭਾਵ ਪ੍ਰਗਟ ਕਰਦੇ ਤੇ ਦੁਖ ਦੀਆਂ ਘੜੀਆਂ ਪੇਸ਼ ਕਰਨ ਲੱਗੇ ਉਨ੍ਹਾਂ ਦੀਆਂ ਅੱਖਾਂ ਵਿੱਚ ਅੱਥਰੂ ਹੁੰਦੇ ਸਨ। ਅਜਿਹੇ ਉਚੇ ਸਾਹਿਤਕਾਰ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਕੁਝ ਬਾਣੀਆਂ ਦਾ ਅਨੁਵਾਦ ਵੀ ਕੀਤਾ, ਉਨ੍ਹਾਂ ਨੇ ਪੰਜਾਬੀ ਵਾਰਤਕ ਵਿੱਚ ਸ਼ਹਿਰ ਦਾ ਨਲਕਾ, ਗੁਸਲਖਾਨਾ, ਘਰ ਦਾ ਪਿਆਰ, ਸਾਊਪੁਣਾ ਆਦਿ ਨਿਬੰਧ ਲਿਖੇ। ਡਾ. ਬਲਬੀਰ ਸਿੰਘ ਕਲਮ ਦੀ ਕਰਾਮਾਤ ਵਿਚ ਦਾਰਸ਼ਨਿਕ ਵਿਸ਼ਿਆਂ 'ਤੇ ਲਿਖਦੇ ਕਰਾਮਾਤ ਕਰਦੇ ਹੀ ਨਜ਼ਰ ਆਉਂਦੇ ਹਨ, ਇਸ ਸ਼੍ਰੇਣੀ ਵਿੱਚ ਹੀ ਪ੍ਰਿੰਸੀਪਲ ਨਰਿੰਜਨ ਸਿੰਘ ਵੀ ਹਨ, ਇਹ ਲੇਖਕ ਭਾਵੇ ਮੂਲ ਰੂਪ ਵਿੱਚ ਵਿਗਿਆਨੀ ਸਨ, ਪਰ ਪੰਜਾਬੀ ਵਿੱਚ ਇਨ੍ਹਾਂ ਦ ਨਿੱਗਰ ਕੰਮ ਹੈ ਜੋ ਸਹਿਜ ਢੰਗ ਨਾਲ ਗੰਭੀਰ ਅਧਿਐਨ ਤੇ ਵਿਸ਼ਾਲ ਅਨੁਭਵ ਦਾ ਸੂਚਕ ਹੈ। ਕਈ ਵਿਅਕਤੀਆਂ ਨੇ ਇੱਕਲਿਆਂ ਹੀ ਆਪਣੇ ਸਿਰੜ, ਲਗਨ, ਮਿਹਨਤ ਤੇ ਅਭਿਆਸ ਨਾਲ ਪੂਰੀ ਸੰਸਥਾ ਜਿੰਨਾਂ ਕੰਮ ਕੀਤਾ ਹੈ, ਦਰਜਨਾਂ ਦੀ ਗਿਣਤੀ ਵਿੱਚ ਸਾਹਿਤਕ ਕਿਰਤਾਂ ਲਿਖਣੀਆਂ ਤੇ ਛਪਵਾਉਣੀਆਂ ਸਾਰਥਿਕ ਨਹੀਂ ਹੁੰਦੀਆਂ ਜੇ ਉਹ ਸਾਹਿਤਕ ਗੁਣਾਂ ਨਾਲ ਭਰਪੂਰ ਨਾ ਹੋਣ। ਅਜ਼ਰਾ ਪੌਂਡ ਦਾ ਤਾਂ ਇਥੋ ਤਕ ਕਹਿਣ ਹੈ ਕਿ ਇਕ ਮਹਾ ਕਾਵਿ ਨਾਲੋਂ ਇੱਕ ਸੱਜਰਾ ਤੇ ਉਤਮ ਬਿੰਬ ਊਸਾਰਨਾ ਵਧੇਰੇ ਲਾਹੇਵੰਦ ਹੁੰਦਾ ਹੈ। ਖੋਜ ਦੇ ਖੇਤਰ ਵਿੱਚ ਸਹਿਜ ਦੀ ਪਗਡੰਡੀ ਤੇ ਤੁਰਦਿਆਂ ਤੇ ਨਿੱਗਰ ਕੰਮ ਦਾ ਖੋਜ ਡਾ. ਮੋਹਨ ਸਿੰਘ ਦੀਵਾਨਾ ਕੰਮ ਹੈ, ਜਿਸ ਨੂੰ ਭਾਰਤ ਦੀਆਂ ਕਈ ਭਾਸ਼ਾਵਾਂ ਤੇ ਪੁਰਾਤਨ ਕਲਾਸਿਕੀ ਭਾਸ਼ਾਵਾਂ ਸੰਸਕ੍ਰਿਤ, ਫਾਰਸੀ ਤੇ ਪੂਰਾ ਅਧਿਕਾਰ ਪ੍ਰਾਪਤ ਸੀ। ਦਵਿੰਦਰ ਸਤਿਆਰਥੀ ਤੇ ਡਾ. ਵਣਜਾਰਾ ਬੇਦੀ ਦਾ ਲੋਕ ਧਾਰਾ ਨੂੰ ਇੱਕਠੇ ਕਰਨ ਦਾ ਕੰਮ ਪੂਰੀ ਸੰਸਥਾ ਜਿਨਾਂ ਹੈ, ਉਨ੍ਹਾਂ ਨੇ ਕਿਸੇ ਡਿਗਰੀ ਦੇ ਲਾਲਚ ਵਿੱਚ ਤੇ ਪੈਸੇ ਖਾਤਰ ਕਿਸੇ ਦੇ ਅੱਗੇ ਹੱਥ ਨਹੀਂ ਅੱਡੇ ਹਨ। ਇਹ ਲੋਕ ਸਹਿਜ ਨਾਲ ਸਾਰੀ ਜ਼ਿੰਦਗੀ ਕੰਮ ਕਰਦੇ ਚੱਲੇ ਆ ਰਹੇ ਹਨ। ਬਾਵਾ ਬਲਵੰਤ ਨੂੰ ਕੌਣ ਭੁੱਲ ਸਕਦਾ ਹੈ, ਜਿਸ ਨੇ ਸਾਰੇ ਇਨਾਮ ਸਨਮਾਨ ਨੂੰ ਆਪਣੀ ਚੱਪਲ ਦੀ ਠੁਕਰਾ ਦਿੱਤਾ। ਬਾਵੇ ਦੀ ਸਰਬ ਸੰਤੋਖ ਤੇ ਸਹਿਜ ਭਰੀ ਜ਼ਿੰਦਗੀ ਵਿਚ ਜੋ ਸੁਗੰਧਿਤ ਸਮੀਰ ਰੁਮਕਦੀ ਹੈ, ਉਸ ਵਿੱਚ ਸਵੈਮਾਨ ਦੇ ਫੁੱਲਾਂ ਦੀ ਖੁਸ਼ਬੂ ਆਉਂਦੀ ਹੈ। ਸਹਿਜ ਨਾਲ ਹੀ ਤੁਹਾਡੀ ਉਮਰ ਦੀ ਟਾਹਣੀ ਤੇ ਸਿਆਣਪ ਦਾ ਫਲ ਲੱਗਣਾ ਹੈ ਬਚਪਨ ਤੇ ਜੁਆਨੀ ਦਾ ਫਾਸਲਾ ਸਹਿਜ ਨਾਲ ਹੀ ਪੂਰਾ ਹੋਣਾ ਹੈ ਜੁਆਨੀ ਦੀਆਂ ਰੰਗੀਨੀਆਂ ਤੋਂ ਬਾਅਦ ਜੀਵਨ ਦੇ ਵਿਵਰਜਤ ਦੇ ਕੁਸੈਲ ਫਲ ਚੱਖ ਕੇ ਹੀ ਬੁਢਾਪੇ ਦੀਆਂ ਰੇਖਾਵਾਂ ਤੁਹਾਡੇ ਚਿਹਰੇ ਤੇ ਉਭਰਨੀਆਂ ਹਨ। ਵਾਲ ਕਦੇ ਧੁੱਪ ਵਿੱਚ ਕੁਝ ਪਲਾਂ ਵਿੱਚ ਚਿੱਟੇ ਨਹੀਂ ਹੁੰਦੇ, ਇਨ੍ਹਾਂ ਨੇ ਉਮਰ ਲੰਘਣ ਨਾਲ ਹੀ ਸਫੈਦੀ ਦੀ ਭਾਅ ਮਾਰਨੀ ਹੈ, ਬੇੜੀਆਂ ਪੂਰ ਕਦੇ ਦੋਬਾਰਾ ਉਸ ਤਰ੍ਹਾਂ ਨਹੀਂ ਠਿਲ੍ਹਦੇ ਹੁੰਦੇ ਤ੍ਰਿੰਝਣ ਦੀਆਂ ਕੁੜੀਆਂ ਕਦੇ ਦੁਬਾਰਾ ਇੱਕਠੀਆਂ ਨਹੀਂ ਹੁੰਦੀਆਂ। ਸਮਾਂ ਬੜਾ ਬਲਵਾਨ ਹੈ, ਇਹ ਸਹਿਜੇ ਸਹਿਜੇ ਹੱਥਾਂ ਵਿੱਚ ਤਿਲਕ ਰਿਹਾ ਹੈ, ਨਾਵਾਂ ਦੇ ਪੈਰਾਂ ਦੀ ਛਾਪ ਸਹਿਜੇ ਸਹਿਜੇ ਅਲੋਪ ਹੋ ਹੀ ਜਾਣੀ ਹੈ। ਮਨੁੱਖ ਸਹਿਜ ਦੀ ਪਗਡੰਡੀ ਤੇ ਤੁਰਦਿਆਂ ਹੀ ਚੰਦਰਮਾ ਵਿੱਚ ਜਾਂ ਬੈਠਿਆ ਹੈ, ਉਥੇ ਉਸ ਨੇ ਪੜਾਓ ਕਰਕੇ ਵਿਕਾਸ ਦੀਆਂ ਮੰਜਿਲਾਂ ਨੂੰ ਪਾਉਣਾ ਹੈ।

**ਨਾਮੀ ਲੇਖਕ ਦੀ ਰਚਨਾ ਵਿਚੋਂ**
**ਰਵਿੰਦਰ ਕੌਰ**

# ਸੋਸ਼ਲ ਮੀਡੀਆ ਦਾ ਵਰਤ




ਮੈਂ 2009 ਵਿਚ ਆਪਣਾ ਖਾਤਾ ਫੇਸਬੁੱਕ ਉਪਰ ਬਣਾ ਕੇ ਸੋਸ਼ਲ ਮੀਡੀਆ 'ਚ ਪਹਿਲਾ ਪੈਰ ਪਾਇਆ ਸੀ। ਉਸ ਤੋਂ ਬਾਅਦ ਵੱਟਸਐਪ ਕਦੋਂ ਵਰਤਣ ਲੱਗਾ, ਉਸ ਸਬੰਧੀ ਕੁਝ ਵੀ ਯਾਦ ਨਹੀਂ ਹੈ। ਉਸ ਸਮੇਂ ਮੈਂ ਆਪਣੇ ਤਤਕਾਲੀਨ ਕਿੱਤੇ ਪੱਤਰਕਾਰੀ ਸਬੰਧੀ ਪ੍ਰਕਾਸ਼ਿਤ ਖ਼ਬਰਾਂ ਅਤੇ ਫੋਟੋਗ੍ਰਾਫ਼ੀ ਦਾ ਸ਼ੌਕ ਹੋਣ ਕਾਰਨ ਫੋਟੋਆਂ ਹੀ ਪਾਉਂਦਾ ਹੁੰਦਾ ਸੀ। ਉਨ੍ਹਾਂ ਦਿਨਾਂ ਵਿਚ ਮੈਂ ਸਿਰਫ਼ ਆਪਣੀ ਪੋਸਟ ਪਾਉਣ ਤੋਂ ਬਾਅਦ ਫੇਸਬੁੱਕ ਖਾਤੇ ਨੂੰ ਤੁਰੰਤ ਬੰਦ ਕਰ ਦਿੰਦਾ ਸੀ। ਇਸ ਨਾਲ ਉਸ ਸਮੇਂ ਸੋਸ਼ਲ ਮੀਡੀਆ ਉਪਰ ਮੇਰਾ ਬਹੁਤਾ ਸਮਾਂ ਨਹੀਂ ਲੱਗਦਾ ਸੀ, ਪਰ ਫਿਰ ਮੇਰੀ ਜ਼ਿੰਦਗੀ ਵਿਚ ਇਕ ਸਮਾਂ ਅਜਿਹਾ ਵੀ ਆਇਆ ਕਿ ਮੈਂ ਡਿਊਟੀ ਉਪਰ ਜਾਣ ਸਮੇਂ ਲੱਗਣ ਵਾਲਾ ਡੇਢ ਘੰਟੇ ਦਾ ਸਫ਼ਰ ਵੀ ਸੋਸ਼ਲ ਮੀਡੀਆ ਦੇ ਹੀ ਲੇਖੇ ਲਗਾਉਣ ਲੱਗਾ। ਕਿਸੇ ਕਿਸੇ ਦਿਨ ਤਾਂ ਅਜਿਹਾ ਵੀ ਹੁੰਦਾ ਸੀ ਕਿ ਰੇਲਗੱਡੀ ਦੇ ਰੋਜ਼ਾਨਾ ਸਫ਼ਰ ਵਾਲੇ ਸਾਥੀਆਂ ਨੇ ਮੰਜ਼ਿਲ 'ਤੇ ਪੁੱਜਣ ਸਬੰਧੀ ਜਾਣਕਾਰੀ ਦੇਣੀ। ਫਿਰ ਗੱਡੀ ਤੋਂ ਹੇਠਾਂ ਉਤਰਨਾ, ਪਰ ਗੱਲ ਇੱਥੇ ਵੀ ਨਾ ਰੁਕੀ। ਮੈਂ ਉਸ ਤੋਂ ਅੱਗੇ ਚੱਲ ਕੇ ਸਵੇਰੇ ਉੱਠ ਕੇ ਸੋਸ਼ਲ ਮੀਡੀਆ ਵਰਤਣਾ ਸ਼ੁਰੂ ਕਰ ਦਿੱਤਾ। ਅੱਧਾ ਅੱਧਾ ਘੰਟਾ ਸਵੇਰੇ ਵੀ ਲੱਗਣ ਲੱਗਾ। ਅਜਿਹਾ ਹੋਣ ਕਾਰਨ ਮਹੀਨੇ ਵਿਚ ਦੋ ਤਿੰਨ ਵਾਰੀ ਗੱਡੀ ਵੀ ਮੈਥੋਂ ਖੁੰਝਣ ਲੱਗੀ। ਪਤਨੀ ਨੇ ਸ਼ਾਮ ਨੂੰ ਸਬਜ਼ੀ ਲਿਆਉਣ ਲਈ ਕਹਿਣਾ ਤਾਂ 'ਜਾਂਦਾ ਹਾਂ, ਬੱਸ ਦੋ ਮਿੰਟ' ਵਰਗੇ ਜਵਾਬ ਸੁਣ ਕੇ ਅਖ਼ੀਰ ਉਹ ਅੱਕ ਕੇ ਦਾਲ ਬਣਾ ਕੇ ਰੋਟੀ ਖਾਣ ਦਾ ਪ੍ਰ ?ਬੰਧ ਖ਼ੁਦ ਹੀ ਕਰ ਲੈਂਦੀ।

ਇਕ ਦਿਨ ਅਚਾਨਕ ਫਰਵਰੀ 2017 ਵਿਚ ਮੈਂ ਮਹਿਸੂਸ ਕੀਤਾ ਕਿ ਮੈਂ ਤਾਂ ਪੂਰੀ ਤਰ੍ਹਾਂ ਸੋਸ਼ਲ ਮੀਡੀਆ ਦੀ ਪਕੜ ਵਿਚ ਆ ਚੁੱਕਾ ਹਾਂ। ਸਭ ਤੋਂ ਪਹਿਲਾਂ ਸਮਾਰਟ ਫੋਨ ਤਿਆਗ ਕੇ ਵੱਟਸਐਪ ਤੋਂ ਪਾਸਾ ਵੱਟਿਆ। ਤਕਰੀਬਨ ਪੰਦਰਾਂ ਦਿਨ ਵੱਡੇ ਫੋਨ ਦੀ ਘਾਟ ਮਹਿਸੂਸ ਹੋਈ। ਉਨ੍ਹਾਂ ਦਿਨਾਂ ਵਿਚ ਮੰਜੇ ਉਪਰ ਪਿਆਂ-ਪਿਆਂ ਸਿਰਹਾਣੇ ਹੇਠ ਹੱਥ ਫੇਰ ਕੇ ਵੇਖਣਾ ਕੋਈ ਨਵਾਂ ਮੈਸੇਜ ਤਾਂ ਨਹੀਂ ਆਇਆ, ਪਰ ਸਿਰਹਾਣੇ ਹੇਠ ਮੋਬਾਈਲ ਨਾ ਹੋਣ ਕਾਰਨ ਅੱਚਵੀਂ ਜਿਹੀ ਲੱਗੀ ਰਹਿਣੀ। ਉਨ੍ਹਾਂ ਦਿਨਾਂ ਵਿਚ ਕੁੱਲ ਮਿਲਾ ਕੇ ਮੇਰੀ ਹਾਲਤ ਕਿਸੇ ਅਮਲੀ ਤੋਂ ਘੱਟ ਨਹੀਂ ਸੀ, ਪਰ ਦੂਜੇ ਪਾਸੇ ਜ਼ਿੰਦਗੀ ਵਿਚ ਘਰੇਲੂ ਕੰਮ-ਕਾਜ ਲਈ ਸਮਾਂ ਵੱਧ ਮਿਲਣ ਲੱਗਾ। ਪਹਿਲੀ ਵਾਰੀ ਕਹਿਣ ਉਪਰ ਸਬਜ਼ੀ ਆ ਜਾਣ ਕਾਰਨ ਲਾਣੇਦਾਰਨੀ ਦਾ ਹੁਕਮ ਵੀ ਪਹਿਲੇ ਹੱਲੇ ਹੀ ਪੂਰਾ ਹੋਣ ਲੱਗਾ। ਸਬਜ਼ੀ ਲੈਣ ਜਾਣ ਸਮੇਂ ਛੋਟੇ ਬੱਚੇ ਨੂੰ ਆਪਣੇ ਨਾਲ ਲੈ ਜਾਣਾ ਅਤੇ ਰਸਤੇ ਵਿਚ ਆਉਂਦੇ ਪਾਰਕ 'ਚ ਉਸ ਨੂੰ ਪੀਂਘ ਉਪਰ ਝੂਟੇ ਵੀ ਦਿਵਾ ਦੇਣੇ। ਉਸ ਨੇ ਖ਼ੁਸ਼ੀ ਵਿਚ ਕਿਲਕਾਰੀਆਂ ਮਾਰਨੀਆਂ। ਉਸ ਦੀ ਖ਼ੁਸ਼ੀ ਆਸੇ-ਪਾਸੇ ਖ਼ੁਸ਼ੀਆਂ ਫੈਲਾਉਂਦੀ। ਆਪਣੀ ਜ਼ਿੰਦਗੀ ਵਿਚ ਪਏ ਫ਼ਰਕ ਨੂੰ ਵੇਖ ਕੇ ਫ਼ੈਸਲਾ ਕੀਤਾ ਕਿ ਹੁਣ ਫੇਸਬੁੱਕ ਸਬੰਧੀ ਵੀ ਵਰਤ ਰੱਖਿਆ ਜਾਵੇ। ਮੈਂ ਫੇਸਬੁੱਕ ਸਿਰਫ਼ ਕੰਪਿਊਟਰ ਉਪਰ ਹੀ ਚਲਾਉਂਦਾ ਸੀ। ਪਹਿਲੇ ਹੱਲੇ ਫੇਸਬੁੱਕ ਉਪਰ ਪੋਸਟਾਂ ਪਾਉਣ ਤੋਂ ਗੁਰੇਜ਼ ਕਰਨ ਲੱਗਿਆ। ਮੈਂ ਇਹ ਵਰਤ 21 ਅਗਸਤ 2018 ਨੂੰ ਸ਼ੁਰੂ ਕੀਤਾ। ਮੈਂ ਅਖ਼ੀਰ ਵਿਚ ਅਖ਼ਬਾਰ 'ਚ ਛਪਿਆ ਹੋਇਆ ਆਪਣਾ ਲੇਖ ਪਾਇਆ ਸੀ। ਉਸ ਤੋਂ ਬਾਅਦ ਫੇਸਬੁੱਕ ਉਪਰ ਕੋਈ ਚੀਜ਼ ਵੀ ਪੋਸਟ ਨਹੀਂ ਕੀਤੀ। ਫੇਸਬੁੱਕ ਵੇਖਣ ਦਾ ਕੰਮ ਵੀ ਹਫ਼ਤੇ ਵਿਚ ਦੋ ਤਿੰਨ ਵਾਰੀ ਵੇਖਣ ਵਾਲਾ ਹੀ ਰਹਿ ਗਿਆ। ਇਸ ਸਦਕਾ ਜ਼ਿੰਦਗੀ ਵਿਚ ਸਮਾਂ ਹੋਰ ਵੀ ਜ਼ਿਆਦਾ ਮਿਲਣ ਲੱਗਾ। ਹੁਣ ਨਵਾਂ ਫ਼ੈਸਲਾ ਲਿਆ ਕਿ ਨਵੰਬਰ ਵਿਚ ਫੇਸਬੁੱਕ ਨੂੰ ਵੀ ਪੱਕੇ ਤੌਰ 'ਤੇ ਹੀ ਛੱਡ ਦੇਣਾ ਹੈ। ਇਸ ਦੇ ਬਦਲ ਵਿਚ ਮੈਂ ਨਵਾਂ ਤਰੀਕਾ ਅਪਣਾਇਆ ਹੈ। ਆਪਣੇ ਘਰ ਇਕ ਰੇਡੀਓ ਲਿਆਂਦਾ। ਹੁਣ ਸਵੇਰੇ ਡਿਊਟੀ ਜਾਣ ਤੋਂ ਪਹਿਲਾਂ ਰੇਡੀਓ ਉਪਰ ਗੁਰਬਾਣੀ ਅਤੇ ਧਾਰਮਿਕ ਸ਼ਬਦ ਸੁਣਦਾ ਹਾਂ ਜਿਸ ਨਾਲ ਮਨ ਨੂੰ ਸ਼ਾਂਤੀ ਮਿਲਣ ਲੱਗੀ ਹੈ। ਡਿਊਟੀ ਤੋਂ ਵਾਪਸ ਆ ਕੇ ਸ਼ਾਮ ਨੂੰ ਰੇਡੀਓ ਤੋਂ ਚੰਡੀਗੜ੍ਹ ਰੇਡੀਓ ਸਟੇਸ਼ਨ ਤੋਂ ਪ੍ਰਸਾਰਿਤ ਹੁੰਦੀਆਂ ਦਸ ਮਿੰਟ ਦੀਆਂ ਖ਼ਬਰਾਂ ਨਾਲ ਸਮਾਜ ਵਿਚ ਵਾਪਰਦੀਆਂ ਘਟਨਾਵਾਂ ਅਤੇ ਸਿਆਸੀ ਹਲਚਲ ਤੋਂ ਜਾਣੂੰ ਹੋ ਜਾਂਦਾ ਹਾਂ। ਇਸ ਵਰਤ ਸਦਕਾ ਪਰਿਵਾਰ ਤੇ ਸਮਾਜ ਵਿਚ ਆਪਣੇ ਫ਼ਰਜ਼ ਨਿਭਾਉਂਦਿਆਂ ਹਰ ਵੇਲੇ ਹਲਕਾ ਮਹਿਸੂਸ ਕਰਦਾ ਹਾਂ।

**ਮਾਲਵਿੰਦਰ ਤਿਉਣਾ ਪੁਜਾਰੀਆਂ**

The ONLY temple in the world outside India
dedicated to Shri Shani Maharaj

Shri SHANI DEV Mandir, New York
Sarvamangala Shri SANEESWARA Temple, New York

*Regular Poojas' and Homas' are conducted on daily basis:*

*Special Poojas:*
*+ Sri Saneeswara homam*
*+ Sri Saneeswara - parikara pooja*
*+ Sri Saneeswara harati*
*+ Sri Navagraha Homa*
*+ Poornima: vrata Pooja*
*+ Pradosham Pooja*
*+ Sri Sankatahara chaturthi Pooja*
*+ Sri Satyanarayana Vratha*
*+ Birthdays / Weddings / Upanayanam & More… ….*





1616 Hillside Avenue, Temple Suits
New Hyde Park NY 11040
Ph: 718 740 9400 / 516 358 9400
Email: temple.navagraha@gmail.com

Temple Hours: 8.00 am to 9.00 pm

*The Temple entrance is in the western side parking lot behind Hot Breads & Maharajas in New Hyde Park NY*

***Functions of the space:***
*Temple / Community Events / Senior Social Day Care Center / Art & Music School / Library / Spiritual Lounge / Gift Shop*

www.NavagrahaUSA.com

IALI
INDIA ASSOCIATION OF LONG ISLAND
PRESENTS
IndiaFest 2019

DANCE THE EVENING AWAY WITH BOLLYWOOD MUSIC LOVERS GROUP

FREE FOOD
1:00 PM - 5:00 PM

VENDORS INFORMATION
CHAIR
VEENA LAMBA 516-395-1468 • SAROJ AERY 917-750-5764
SANJU SHARMA 516-382-5999 • SHALINI BANSAL 516-589-2982
JYOTI GUPTA 516-984-5220 • HARGOVIND GUPTA 516-669-4220

Fashion Show

Kid's Carnival

Sunday September 22, 2019
12:00 PM to 8:00 PM

Surprise Gifts & Raffles

HYATT - REGENCY LONG ISLAND
1717 MOTOR PKWY, HAUPPAUGE, NY 11788 • TEL: 631-780-1234

FREE ADMISSION • FREE PARKING • FREE ENTERTAINMENT

FESTIVAL HIGHLIGHT'S & ATTRACTIONS
Indian Culture • Art & Crafts • Delicious Indian Cuisine • Indian Bazaar • Designer Clothing & Jewelry
Indian Folk & Classical Dances • Bollywood Entertainment • Mingle with Social & Political Dignitaries • Henna Tattoo

For information on Sponsorships, Advertisements, Booths and Cultural Program
LALIT AERY, PRESIDENT, 917-750-2473 • lalitaery@hotmail.com
SHASHI MALIK, VICE PRESIDENT, 516-633-5229
HARGOVIND GUPTA, SECRETARY, 516-669-4220
RAJEEV CHAUDHARY, TREASURER, 516-666-5688

MEMBERS-AT-LARGE
JASBIR (JAY) SINGH • SUSHIL KHANNA • KULJEET AHLUWALIA • RAVI KANTA VERMA • NEERU BHAMBRI • DR. RAMESH GUPTA • NEELIMA SRIVASTAVA • DEEPA GOYAL

STANDING COMMITTEE
MOHAN SHARMA, FINANCE CHAIR, 516-532-1390 • INDU GAJWANI, CULTURAL CHAIR, 646-620-0074 • ANJU SHARMA, MEMBERSHIP CHAIR, 516-582-5888

EVENT ADVISOR:
JYOTI GUPTA - 516-984-5220

GRAND SPONSOR
NAVIKA GROUP OF COMPANIES
MR. NAVEEN SHAH

GOLD SPONSORS
PETER & DOROTHY BHEDDAH
MINT
GARY SIKKA

SILVER SPONSORS
DR. RAJNI GOYAL & DR. SHIV LAL GOYAL
VASS

BRONZE SPONSORS
VEENA LAMBA
DR. CHANDRA & SUSHMA KAUSHIK

*Media Partners*
Zindagi 1600 AM • Hum Hindustani • TV Asia • IVS TV • ITV Gold • India Abroad • The South Asian Times • Radio Chai • PTC News • Parikh Worldwide Media • Bollywood • The Indian Eye • Indian Panorama • Desi Talk • Global Punjab • Insider • jus punjabi • jus Hindi

WWW.IALINEWYORK.ORG
PRINTING & DESIGN BY MEKKATTI GRAPHIC COMMUNICATION 516.218.8068

Looking to Buy/Sell ?

We know the difference between Home & House



Honesty, Integrity & Experience

Since 2007

*Specializing in Investment & Income producing real estate

COLDWELL BANKER
RESIDENTIAL BROKERAGE

Sharanjit Singh Thind
Associate Broker/Notary
Phone:917 612 3158

140 Jericho Turnpike, Syosset, NY 11791Phone: (516) 864-8100

# Thinking of Buying/Selling ?

WIN ZONE Realty Inc.

## WIN ZONE REALTY INC.



# Baldev Singh

**Associate Broker/Notary Public**

**146-20 34 av. Flushing NY 11354**


**Cell : 917-224-7395**

**Email : josanbaldev@yahoo.com**

# ਭਾਰਤੀ ਸਿਆਸਤਦਾਨਾਂ ਦੇ ਇਸ਼ਕ ਦੇ ਚਰਚੇ ਅਤੇ ਦਿਲਚਸਪ ਕਿੱਸੇ

**ਸੋਨੀਆ ਗਾਂਧੀ ਖੁਦ ਕਹਿੰਦੇ ਹਨ ਕਿ ਉਸ ਨੂੰ ਜਿਸ ਨਜ਼ਰ ਨਾਲ ਰਾਜੀਵ ਨੇ ਦੇਖਿਆ ਸੀ .... ਪਹਿਲੀ ਹੀ ਨਜ਼ਰ 'ਚ ਉਨ੍ਹਾਂ ਨੂੰ ਰਾਜੀਵ ਨਾਲ ਪਿਆਰ ਹੋ ਗਿਆ ਸੀ ਕਿਦਵਈ ਨੇ ਬੀਬੀਸੀ ਨੂੰ ਦੱਸਿਆ ਹੈ, "ਸ਼ੁਰੂ ਵਿਚ ਸੋਨੀਆ ਗਾਂਧੀ ਨੂੰ ਇਹ ਵੀ ਪਤਾ ਨਹੀਂ ਸੀ ਕਿ ਰਾਜੀਵ ਗਾਂਧੀ, ਜਵਾਹਰ ਲਾਲ ਨਹਿਰੂ ਦੇ ਪੋਤੇ ਹਨ। ਉਹ ਪਹਿਲੀ ਵਾਰ ਕੈਂਬ੍ਰਿਜ ਵਿਚ ਇਕ ਗ੍ਰੀਕ ਰੈਸਟੋਰੈਂਟ 'ਵਰਸਿਟੀ' ਵਿੱਚ ਮਿਲੇ ਸੀ। ਉਹ ਆਪਣੀ ਇੱਕ ਦੋਸਤ ਦੇ ਨਾਲ ਬੈਠੀ ਹੋਈ ਸੀ, ਰਾਜੀਵ ਗਾਂਧੀ ਵੀ ਆਪਣੇ ਦੋਸਤਾਂ ਨਾਲ ਸਨ।"**

**ਪੰਜਾਬੀ ਦੁਨੀਆ ਬਿਓਰੋ**
*******************



ਨਹਿਰੂ ਦੀਆਂ ਐਡਵਿਨਾ ਨੂੰ ਲਿਖੀਆਂ ਚਿੱਠੀਆਂ ਪ੍ਰਕਾਸ਼ਿਤ ਹੋਈਆ ਹਨ ਪਰ ਨਹਿਰੂ ਨੂੰ ਐਡਵਿਨਾ ਦੀਆਂ ਲਿਖੀਆਂ ਚਿੱਠੀਆਂ ਬਾਰੇ ਕੋਈ ਨਹੀਂ ਜਾਣਦਾ ਜਦੋਂ ਮਾਮਲਾ ਨਿੱਜੀ ਜ਼ਿੰਦਗੀ ਨੂੰ ਗੁਪਤ ਰੱਖਣ ਦਾ ਹੁੰਦਾ ਹੈ, ਤਾਂ ਭਾਰਤੀ ਸਿਆਸਤਦਾਨ ਦੁਨੀਆ ਦੇ ਸਭ ਤੋਂ ਵੱਡੇ ਤਾਨਾਸ਼ਾਹਾਂ ਵਿੱਚ ਬਦਲ ਜਾਂਦੇ ਹਨ।

ਉਨ੍ਹਾਂ ਵਿੱਚ ਇੱਕ ਤਰ੍ਹਾਂ ਦਾ ਅਲਿਖ਼ਿਤ ਕਰਾਰ ਜਿਹਾ ਹੁੰਦਾ ਹੈ, ਕਿ ਭਾਵੇਂ ਉਹ ਇਕ ਦੂਜੇ ਦਾ ਕਿੰਨਾ ਵੀ ਸਿਆਸੀ ਵਿਰੋਧ ਕਰਨ ਪਰ ਇਕ-ਦੂਜੇ ਦੇ ਪ੍ਰੇਮ ਸਬੰਧਾਂ, ਵਿਆਹ ਸਬੰਧਾਂ ਜਾਂ ਫਿਰ ਕਿਸੇ ਦੂਜੀ ਔਰਤ ਨਾਲ ਬਣੇ ਸਬੰਧਾਂ ਬਾਰੇ ਜਨਤਕ ਤੌਰ 'ਤੇ ਕੋਈ ਚਰਚਾ ਨਹੀਂ ਕਰਣਗੇ।

ਬਹੁਤ ਥੋੜ੍ਹੇ ਮੌਕਿਆਂ ਨੂੰ ਛੱਡ ਕੇ, ਭਾਰਤੀ ਸਿਆਸਤਦਾਨਾਂ ਨੇ ਇਸ ਸਮਝੌਤੇ ਨੂੰ ਨਿਭਾਇਆ ਵੀ ਹੈ। ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਹਰ ਕੋਈ ਸ਼ੀਸ਼ੇ ਦੇ ਘਰਾਂ ਵਿਚ ਹੀ ਰਹਿ ਰਿਹਾ ਹੈ।

ਉਹ ਕਹਿੰਦੇ ਹਨ, "ਵਿਦੇਸ਼ਾਂ ਵਿੱਚ ਵੀ ਸ਼ੀਸ਼ੇ ਦੇ ਘਰ ਹੁੰਦੇ ਹਨ, ਪਰ ਉੱਥੇ ਤਾਂ ਪੱਥਰ ਸੁੱਟੇ ਜਾਂਦੇ ਹਨ। ਇੱਥੋਂ ਦੀ ਇੱਕ ਪੁਰਾਣੀ ਗੀਤ ਹੈ ਜਿੱਥੇ ਇਹ ਮੰਨ ਕੇ ਚੱਲਿਆ ਜਾਂਦਾ ਹੈ ਕਿ ਰਾਜੇ ਨੂੰ ਕੁਝ ਚੀਜ਼ਾਂ ਅਧਿਕਾਰ ਵਿੱਚ ਮਿਲੀਆਂ ਹੁੰਦੀਆਂ ਹਨ।"

ਉਹ ਕਹਿੰਦੇ ਹਨ, "ਇਕ ਇਤਾਲਵੀ ਸ਼ਬਦ 'ਔਮਾਰਟਾ' ਜਿਸਦਾ ਮਤਲਬ ਹੈ ਕਿ ਅਪਰਾਧੀਆਂ ਵਿੱਚ ਇੱਕ ਗੁਪਤ ਸਮਝੌਤਾ ਹੁੰਦਾ ਹੈ, ਜਿਸ ਅਨੁਸਾਰ ਅਸੀਂ ਨਾ ਤੁਹਾਡੇ ਬਾਰੇ ਕੁਝ ਦੱਸਾਂਗੇ ਤੇ ਨਾ ਹੀ ਤੁਸੀਂ ਕੁਝ ਸਾਡੇ ਬਾਰੇ ਦੱਸੋਗੇ। ਭਾਰਤੀ ਸਿਆਸਤ ਵਿੱਚ ਵੀ ਕੁਝ ਔਮਾਰਟਾ ਵਰਗਾ ਹੀ ਹੈ। ਜਿਨ੍ਹਾਂ ਗੱਲਾਂ 'ਤੇ ਬਿਲਕੁਲ ਚੁੱਪ ਨਹੀਂ ਹੋਣਾ ਚਾਹੀਦਾ, ਉਨ੍ਹਾਂ ਮਾਮਲਿਆਂ ਵਿਚ ਚੁੱਪੀ ਐਨੀ ਜ਼ਿਆਦਾ ਹੈ।"

**ਗਾਂਧੀ ਦਾ ਬ੍ਰਹਮਚਾਰਿਆ ਪ੍ਰਯੋਗ**

ਮੀਡੀਆ ਅਤੇ ਸਿਆਸਤਦਾਨਾਂ ਵਿਚਕਾਰ ਆਪਣੀ ਨਿੱਜੀ ਜ਼ਿੰਦਗੀ ਬਾਰੇ ਇਕ ਕਿਸਮ ਦਾ ਸਮਾਜਿਕ ਸਮਝੌਤਾ ਹੀ ਲੱਗਦਾ ਹੈ ਕਿ ਇੱਕ ਹੱਦ ਤੋਂ ਬਾਅਦ ਉਨ੍ਹਾਂ 'ਤੇ ਜਨਤਕ ਚਰਚਾ ਜਾਂ ਬਹਿਸ ਤੋਂ ਬਚਿਆ ਜਾਵੇਗਾ।ਗਾਂਧੀ ਦੇ ਇੱਕ ਸਮਰਥਕ ਨੇ ਕਿਤਾਬ ਲਿੱਖੀ ਕਿ ਉਹ ਬ੍ਰਹਮਚਾਰੀ ਦੇ ਪ੍ਰਯੋਗ ਦੌਰਾਨ ਆਪਣੇ ਦੋਵੇਂ ਪਾਸੇ ਨੌਜਵਾਨ ਕੁੜੀਆਂ ਨੂੰ ਸਵਾਉਂਦੇ ਸੀ

ਭ੍ਰਿਸ਼ਟਾਚਾਰ, ਧੋਖਾਧੜੀ ਦੇ ਮੁੱਦੇ ਜਾਂ ਫਿਰ ਭਾਈ-ਭਤੀਜਾਵਾਦ ਦੇ ਮੁੱਦਿਆਂ 'ਤੇ ਭਾਵੇ ਆਮ ਲੋਕ ਜਾਂ ਮੀਡੀਆ ਬਹੁਤ ਸਖ਼ਤ ਹੋਣ ਪਰ ਨਿੱਜੀ ਜ਼ਿੰਦਗੀ ਦੇ ਕਥਿਤ 'ਸਕੈਂਡਲਜ਼' ਨੂੰ ਇਹ ਨਜ਼ਰਅੰਦਾਜ਼ ਹੀ ਕਰਦੇ ਹਨ।

ਟਾਈਮਜ਼ ਆਫ਼ ਇੰਡੀਆ ਦੇ ਸਾਬਕਾ ਸੰਪਾਦਕ ਇੰਦਰ ਮਲਹੋਤਰਾ ਨੇ ਬੀਬੀਸੀ ਨੂੰ ਦੱਸਿਆ ਸੀ, "ਤਮਾਮ ਦੁਨੀਆਂ ਵਿੱਚ ਇਹ ਹੋ ਗਿਆ ਹੈ ਕਿ ਹਰ ਚੀਜ਼ ਖੁੱਲ੍ਹੀ ਹੈ, ਸੋਸ਼ਲ ਮੀਡੀਆ ਵੀ ਹੈ। ਅਖ਼ਬਾਰਾਂ ਵਿੱਚ ਨੇਤਾਵਾਂ ਦੀ ਨਿੱਜੀ ਜ਼ਿੰਦਗੀ ਬਾਰੇ ਕੁਝ ਵੀ ਨਹੀਂ ਛੱਪਦਾ ਸੀ। ਰੇਡੀਓ ਅਤੇ ਟੈਲੀਵਿਜ਼ਨ ਸਰਕਾਰ ਦੇ ਸੀ।"

ਇੰਦਰ ਮਲਹੋਤਰਾ ਨੇ ਕਿਹਾ, "ਹੁਣ ਪੰਡਿਤ ਨਹਿਰੂ ਨੂੰ ਹੀ ਲੈ ਲਵੋ। ਪੂਰੇ ਦੇਸ ਵਿੱਚ ਮੂੰਹ-ਜ਼ੁਬਾਨੀ ਹੀ ਇਹ ਚਰਚਾ ਹੁੰਦੀ ਸੀ ਕਿ ਉਨ੍ਹਾਂ ਦਾ ਲੇਡੀ ਮਾਊਂਟਬੇਟਨ ਨਾਲ ਸਬੰਧ ਹੈ। ਫਿਰ ਇਕ ਸ਼ਾਰਦਾ ਮਾਤਾ ਸੀ ਜਿਨ੍ਹਾਂ ਬਾਰੇ ਵੀ ਉਨ੍ਹਾਂ ਦੀ ਜ਼ਿੰਦਗੀ ਦੌਰਾਨ ਵੀ ਸੁਣਨ 'ਚ ਆਇਆ ਅਤੇ ਉਨ੍ਹਾਂ ਦੀ ਮੌਤ ਤੋਂ ਬਾਅਦ ਉਸ ਉੱਤੇ ਕਿਤਾਬ ਵੀ ਪ੍ਰਕਾਸ਼ਿਤ ਕੀਤੀ ਗਈ।"

"ਉਨ੍ਹਾਂ ਤੋਂ ਪਹਿਲਾਂ ਗਾਂਧੀ ਬਾਰੇ ਵੀ, ਜੋ ਕਦੇ ਕੁਝ ਛੁਪਾਉਂਦੇ ਨਹੀਂ ਸੀ, ਉਹਨਾਂ ਦੇ ਇੱਕ ਸਮਰਥਕ ਨੇ ਕਿਤਾਬ ਲਿੱਖੀ ਕਿ ਉਹ ਬ੍ਰਹਮਚਾਰੀ ਹੋਣ ਦੇ ਪ੍ਰਯੋਗ ਦੌਰਾਨ ਆਪਣੇ ਦੋਵੇਂ ਪਾਸੇ ਨੌਜਵਾਨ ਕੁੜੀਆਂ ਨੂੰ ਸਵਾਉਂਦੇ ਸੀ।"

ਇੰਦਰ ਮਲਹੋਤਰਾ ਦਾ ਕਹਿਣਾ ਹੈ, "ਸੰਭਵ ਹੈ ਕਿ ਨਿਰਮਲ ਕੁਮਾਰ ਬੋਸ ਦੀ ਕਿਤਾਬ ਛੱਪਣ ਤੋਂ ਪਹਿਲਾਂ 60 ਦੇ ਦਹਾਕੇ ਦੌਰਾਨ ਲੋਕਾਂ ਨੂੰ ਗਾਂਧੀ ਦੇ ਸੈਕਸ ਅਤੇ ਬ੍ਰਹਮਚਾਰੀ ਦੇ ਪ੍ਰਯੋਗਾਂ ਬਾਰੇ ਪਤਾ ਵੀ ਨਹੀਂ ਸੀ। ਇਸ ਤੋਂ ਪਹਿਲਾਂ ਇਸ ਵਿਸ਼ੇ 'ਤੇ ਲਿੱਖਣ ਦੀ ਲੋਕ ਕਲਪਨਾ ਵੀ ਨਹੀਂ ਕਰ ਸਕਦੇ ਸਨ।"

ਹਾਲ ਹੀ ਵਿੱਚ ਸੰਸਾਰ ਨੂੰ ਅਲਵਿਦਾ ਕਹਿ ਗਏ ਕੁਲਦੀਪ ਨਈਅਰ ਨੇ ਬੀਬੀਸੀ ਨੂੰ ਨਹਿਰੂ-ਐਡਵੀਨਾ (ਲੇਡੀ ਮਾਊਂਟਬੇਟਨ ਦੇ ਰਿਸ਼ਤੇ) ਬਾਰੇ ਇੱਕ ਦਿਲਚਸਪ ਗੱਲ ਦੱਸੀ ਸੀ ਕਿ ਜਦੋਂ ਉਹ ਬ੍ਰਿਟੇਨ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਸੀ, ਉਸ ਸਮੇਂ ਉਨ੍ਹਾਂ ਨੂੰ ਪਤਾ ਲੱਗਿਆ ਸੀ ਕਿ ਨਹਿਰੂ ਏਅਰ ਇੰਡੀਆ ਦੀ ਫਲਾਈਟ ਜ਼ਰੀਏ ਰੋਜ਼ਾਨਾ ਐਡਵੀਨਾ ਨੂੰ ਚਿੱਠੀ ਭੇਜਦੇ ਸੀ।

ਨਈਅਰ ਨੇ ਦੱਸਿਆ ਸੀ ਕਿ ਨਹਿਰੂ ਏਅਰ ਇੰਡੀਆ ਦੀ ਫਲਾਈਟ ਜ਼ਰੀਏ ਰੋਜ਼ਾਨਾ ਐਡਵੀਨਾ ਨੂੰ ਚਿੱਠੀ ਭੇਜਦੇ ਸੀ ਐਡਵੀਨਾ ਵੀ ਉਨ੍ਹਾਂ ਦਾ ਜਵਾਬ ਦਿੰਦੀ ਸੀ ਅਤੇ ਹਾਈ ਕਮਿਸ਼ਨਰ ਦਾ ਆਦਮੀ ਏਅਰ ਇੰਡੀਆ ਦੇ ਜਹਾਜ਼ਾਂ ਤੱਕ ਇਹ ਪੱਤਰ ਪਹੁੰਚਾਉਂਦਾ ਸੀ।

ਨਈਅਰ ਨੇ ਇਕ ਵਾਰ ਐਡਵੀਨਾ ਦੇ ਦੋਹਤੇ ਲਾਰਡ ਰੈਮਸੇ ਨੂੰ ਪੁੱਛ ਹੀ ਲਿਆ ਕੀ ਉਸ ਦੀ ਨਾਨੀ ਅਤੇ ਨਹਿਰੂ ਦਾ ਇਸ਼ਕ ਸੀ?" ਰੈਮਸੇ ਦਾ ਜਵਾਬ ਸੀ, "ਉਨ੍ਹਾਂ ਵਿਚ ਇਕ ਰੂਹਾਨੀ ਪਿਆਰ ਸੀ।"

ਇਸ ਤੋਂ ਬਾਅਦ ਨਈਅਰ ਨੇ ਉਨ੍ਹਾਂ ਨੂੰ ਨਹੀਂ ਕੁਰੇਦਿਆ। ਨਹਿਰੂ ਦੀਆਂ ਐਡਵੀਨਾ ਨੂੰ ਲਿਖੀਆਂ ਚਿੱਠੀਆਂ ਪ੍ਰਕਾਸ਼ਿਤ ਹੋਈਆ ਹਨ ਪਰ ਨਹਿਰੂ ਨੂੰ ਐਡਵਿਨਾ ਦੀਆਂ ਲਿਖੀਆਂ ਚਿੱਠੀਆਂ ਬਾਰੇ ਕੋਈ ਨਹੀਂ ਜਾਣਦਾ।

ਕੁਲਦੀਪ ਨਈਅਰ ਨੇ ਇਕ ਵਾਰ ਇੰਦਰਾ ਗਾਂਧੀ ਤੋਂ ਇਨ੍ਹਾਂ ਚਿੱਠੀਆਂ ਨੂੰ ਵੇਖਣ ਦੀ ਇਜ਼ਾਜਤ ਮੰਗੀ ਸੀ, ਪਰ ਉਨ੍ਹਾਂ ਨੇ ਇਸ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ।

**ਨਹਿਰੂ ਅਤੇ ਪਦਮਜਾ ਨਾਇਡੂ ਦਾ ਇਸ਼ਕ**

ਸਿਰਫ ਐਡਵੀਨਾ ਹੀ ਨਹੀਂ, ਸਰੋਜਿਨੀ ਨਾਇਡੂ ਦੀ ਕੁੜੀ ਪਦਮਾਜਾ ਨਾਇਡੂ ਲਈ ਵੀ ਨਹਿਰੂ ਦੇ ਦਿਲ ਵਿੱਚ ਸਾਫ਼ਟ ਕਾਰਨਰ ਸੀ।

ਕੈਥਰੀਨ ਫਰੈਂਕ ਇੰਦਰਾ ਗਾਂਧੀ ਦੀ ਜੀਵਨੀ ਵਿੱਚ ਲਿਖਦੀ ਹੈ ਕਿ ਵਿਜੈਲਕਸ਼ਮੀ ਪੰਡਿਤ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਨਹਿਰੂ ਅਤੇ ਪਦਮਾਜਾ ਦੇ 'ਇਸ਼ਕ' ਸਾਲਾਂ ਤੱਕ ਚੱਲਿਆ।



ਨਹਿਰੂ ਨੇ ਉਸ ਨਾਲ ਇਸ ਲਈ ਵਿਆਹ ਨਹੀਂ ਕਰਵਾਇਆ ਕਿਉਂਕਿ ਉਹ ਆਪਣੀ ਕੁੜੀ ਇੰਦਰਾ ਦੇ ਦਿਲ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦੇ ਸਨ।

ਨਹਿਰੂ ਦੇ ਜੀਵਨੀਕਾਰ ਐਸ. ਗੋਪਾਲ ਨਾਲ ਇੰਦਰਾ ਇਸ ਗੱਲ 'ਤੇ ਨਰਾਜ਼ ਵੀ ਹੋ ਗਈ ਸੀ ਕਿਉਂਕਿ ਨਹਿਰੂ ਦੇ 'ਸਿਲੈਕਟਡ ਵਰਕਸ' ਵਿੱਚ ਪਦਮਾਜਾ ਤੇ ਨਹਿਰੂ ਦੀਆਂ ਪ੍ਰੇਮ-ਚਿੱਠੀਆਂ ਨੂੰ ਛਾਪ ਦਿੱਤਾ ਸੀ।

1937 ਵਿਚ ਨਹਿਰੂ ਨੇ ਪਦਮਜਾ ਨੂੰ ਲਿਖਿਆ ਸੀ, "ਤੂੰ 19 ਸਾਲ ਦੀ ਹੈ (ਜਦਕਿ ਉਹ ਉਸ ਵੇਲੇ 37 ਸਾਲ ਦੀ ਸੀ)... ਅਤੇ ਮੈਂ 100 ਜਾਂ ਇਸ ਤੋਂ ਵੀ ਜ਼ਿਆਦਾ। ਕੀ ਕਦੇ ਮੈਨੂੰ ਪਤਾ ਲੱਗ ਸਕੇਗਾ ਕਿ ਤੂੰ ਮੈਨੂੰ ਕਿੰਨਾ ਪਿਆਰ ਕਰਦੀ ਹੈਂ।"

ਹੱਮੀ ਨੂੰ ਲੈ ਕੈ ਇੰਦਰਾ ਗਾਂਧੀ ਨੂੰ ਜ਼ਿੰਦਗੀ ਭਰ ਮਲਾਲ ਰਿਹਾ ਹੈ

ਇੱਕ ਵਾਰ ਹੋਰ ਮਲਾਇਆ ਤੋਂ ਨਹਿਰੂ ਨੇ ਪਦਮਾਜਾ ਨੂੰ ਲਿਖਿਆ ਸੀ, "ਮੈਂ ਤੁਹਾਡੇ ਬਾਰੇ ਜਾਣਨ ਲਈ ਮਰ ਰਿਹਾ ਹਾਂ.. ਮੈਂ ਤੁਹਾਨੂੰ ਵੇਖਣ ਲਈ, ਤੈਨੂੰ ਆਪਣੀਆ ਬਾਹਵਾਂ ਵਿੱਚ ਲੈਣ ਲਈ ਅਤੇ ਤੇਰੀਆਂ ਅੱਖਾਂ ਵਿੱਚ ਦੇਖਣ ਲਈ ਤੜਫ਼ ਰਿਹਾ ਹਾਂ।" (ਸਿਲੈਕਟਡ ਵਰਕਸ ਆਫ਼ ਨਹਿਰੂ, ਸਰਵਪੱਲੀ ਗੋਪਾਲ, ਸਫ਼ਾ 694)

**ਇੰਦਰਾ ਫ਼ਿਰੋਜ਼ ਦੀ ਵਿਵਾਹਿਕ ਲੜਾਈ**

ਇੰਦਰ ਮਲਹੋਤਰਾ ਨੇ ਬੀਬੀਸੀ ਨੂੰ ਦੱਸਿਆ ਸੀ, "ਫਿਰੋਜ਼ ਗਾਂਧੀ ਮੇਰੇ ਬਹੁਤ ਅਜ਼ੀਜ਼ ਦੋਸਤ ਸਨ। ਉਹ ਕਦੇ ਜ਼ਿਕਰ ਵੀ ਕਰ ਦਿੰਦੇ ਸਨ ਅਤੇ ਉਨ੍ਹਾਂ ਦੇ ਘਰ ਜਿਹੜੀਆਂ ਔਰਤਾਂ ਆਉਂਦੀਆਂ ਸੀ ਉਹ ਮੈਨੂੰ ਵੀ ਜਾਣਦੀਆਂ ਸੀ। ਉਨ੍ਹਾਂ ਦੀ ਦੋਸਤੀ ਹੱਮੀ ਨਾਮ ਦੀ ਇੱਕ ਬਹੁਤ ਹੀ ਖ਼ੂਬਸੂਰਤ ਔਰਤ ਨਾਲ ਸੀ ਜਿਨ੍ਹਾਂ ਦੇ ਪਿਤਾ ਉੱਤਰ ਪ੍ਰਦੇਸ਼ ਸਰਕਾਰ ਵਿਚ ਇਕ ਮੰਤਰੀ ਹੁੰਦੇ ਸਨ।"

"ਇੰਦਰਾ ਨਹਿਰੂ ਦੀ ਦੇਖਭਾਲ ਕਰਨ ਲਈ ਬੱਚਿਆ ਨੂੰ ਲੈ ਕੇ ਦਿੱਲੀ ਪ੍ਰਧਾਨ ਮੰਤਰੀ ਨਿਵਾਸ ਆ ਗਈ। ਉੱਥੋਂ ਹੀ ਫਿਰੋਜ਼ ਦਾ ਰੋਮਾਂਸ ਸ਼ੁਰੂ ਹੋਇਆ।" ਹੱਮੀ ਨੂੰ ਲੈ ਕੈ ਇੰਦਰਾ ਗਾਂਧੀ ਨੂੰ ਜ਼ਿੰਦਗੀ ਭਰ ਮਲਾਲ ਰਿਹਾ ਹੈ।

ਇੰਦਰ ਮਲਹੋਤਰਾ ਨੇ ਇਸ ਸਬੰਧ 'ਚ ਕਿਹਾ ਹੈ, "ਜਦੋਂ ਫਿਰੋਜ਼ ਨਹੀਂ ਰਹੇ ਅਤੇ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣ ਗਈ ਸੀ ਤਾਂ ਐਮਰਜੈਂਸੀ ਤੋਂ ਪਹਿਲਾਂ ਹੱਮੀ ਪ੍ਰਧਾਨ ਮੰਤਰੀ ਦਫਤਰ ਵਿਚ ਕਿਸੇ ਗੱਲ 'ਤੇ ਇੱਕ ਅਰਜ਼ੀ ਦੇਣ ਆਈ। ਜਦੋਂ ਉਹ ਪ੍ਰਧਾਨ ਮੰਤਰੀ ਦਫਤਰ ਤੋਂ ਬਾਹਰ ਜਾ ਰਹੀ ਸੀ, ਠੀਕ ਉਸੇ ਸਮੇਂ ਕਾਂਗਰਸ ਪ੍ਰਧਾਨ ਦੇਵਕਾਂਤ ਬਰੂਆ ਦਫ਼ਤਰ ਦੇ ਅੰਦਰ ਆ ਰਹੇ ਸੀ।"

"ਇੰਦਰਾ ਗਾਂਧੀ ਨੇ ਬਰੁਆ ਨੂੰ ਕਿਹਾ ਬਾਹਰ ਨਜ਼ਰ ਮਾਰੋ। ਜਿਸ ਔਰਤ ਨੂੰ ਤੁਸੀਂ ਦੇਖ ਰਹੇ ਹੋ, ਇਸ ਔਰਤ ਲਈ ਫਿਰੋਜ਼ ਨੇ ਸਾਡੀ ਸਾਰੀ ਜ਼ਿੰਦਗੀ ਖ਼ਰਾਬ ਕਰ ਦਿੱਤੀ।"

**ਰਾਜੀਵ-ਸੋਨੀਆ ਦੀ ਪ੍ਰੇਮ ਕਹਾਣੀ**

ਕੌਮੀ ਮੀਡੀਆ ਵਿਚ ਰਾਜੀਵ ਗਾਂਧੀ ਅਤੇ ਸੋਨੀਆ ਗਾਂਧੀ ਦੇ ਪਿਆਰ ਬਾਰੇ ਵੀ ਬਹੁਤ ਘੱਟ ਚਰਚਾ ਹੋਈ ਹੈ। ਰਾਸ਼ੀਦ ਕਿਦਵਈ ਨੇ ਜ਼ਰੂਰ ਸੋਨੀਆ ਗਾਂਧੀ 'ਤੇ ਲਿਖੀ ਜੀਵਨੀ ਵਿਚ ਇਸ ਮੁੱਦੇ 'ਤੇ ਗੱਲ ਕੀਤੀ ਹੈ।


ਸੋਨੀਆ ਗਾਂਧੀ ਖੁਦ ਕਹਿੰਦੇ ਹਨ ਕਿ ਉਸ ਨੂੰ ਜਿਸ ਨਜ਼ਰ ਨਾਲ ਰਾਜੀਵ ਨੇ ਦੇਖਿਆ ਸੀ .... ਪਹਿਲੀ ਹੀ ਨਜ਼ਰ 'ਚ ਉਨ੍ਹਾਂ ਨੂੰ ਰਾਜੀਵ ਨਾਲ ਪਿਆਰ ਹੋ ਗਿਆ ਸੀ

ਕਿਦਵਈ ਨੇ ਬੀਬੀਸੀ ਨੂੰ ਦੱਸਿਆ ਹੈ, "ਸ਼ੁਰੂ ਵਿਚ ਸੋਨੀਆ ਗਾਂਧੀ ਨੂੰ ਇਹ ਵੀ ਪਤਾ ਨਹੀਂ ਸੀ ਕਿ ਰਾਜੀਵ ਗਾਂਧੀ, ਜਵਾਹਰ ਲਾਲ ਨਹਿਰੂ ਦੇ ਪੋਤੇ ਹਨ। ਉਹ ਪਹਿਲੀ ਵਾਰ ਕੈਂਬ੍ਰਿਜ ਵਿਚ ਇਕ ਗ੍ਰੀਕ ਰੈਸਟੋਰੈਂਟ 'ਵਰਸਿਟੀ' ਵਿੱਚ ਮਿਲੇ ਸੀ। ਉਹ ਆਪਣੀ ਇੱਕ ਦੋਸਤ ਦੇ ਨਾਲ ਬੈਠੀ ਹੋਈ ਸੀ, ਰਾਜੀਵ ਗਾਂਧੀ ਵੀ ਆਪਣੇ ਦੋਸਤਾਂ ਨਾਲ ਸਨ।"


ਕਿਦਵਈ ਦੱਸਦੇ ਹਨ, "ਸੋਨੀਆ ਗਾਂਧੀ ਖੁਦ ਕਹਿੰਦੇ ਹਨ ਕਿ ਉਨ੍ਹਾਂ ਨੂੰ ਜਿਸ ਨਜ਼ਰ ਨਾਲ ਰਾਜੀਵ ਨੇ ਦੇਖਿਆ ਸੀ .... ਪਹਿਲੀ ਹੀ ਨਜ਼ਰ 'ਚ ਉਨ੍ਹਾਂ ਨੂੰ ਰਾਜੀਵ ਨਾਲ ਪਿਆਰ ਹੋ ਗਿਆ ਸੀ।"

"ਫ਼ਿਰ ਰਾਜੀਵ ਨੇ ਉਨ੍ਹਾਂ ਨੂੰ ਇਕ ਕਵਿਤਾ ਲਿੱਖ ਕੇ ਭੇਜੀ। ਸੋਨੀਆ ਗਾਂਧੀ ਨੂੰ ਇਹ ਬਹੁਤ ਹੀ ਚੰਗਾ ਲੱਗਿਆ ਤੇ ਉਸ ਤੋਂ ਬਾਅਦ ਦੋਵਾਂ ਦਾ ਮਿਲਣਾ-ਜੁਲਣਾ ਸ਼ੁਰੂ ਹੋ ਗਿਆ। ਪਰ ਇਕ ਵਾਰ ਜਦੋਂ ਇੰਦਰਾ ਗਾਂਧੀ ਬ੍ਰਿਟੇਨ ਦੇ ਦੌਰੇ 'ਤੇ ਗਈ ਅਤੇ ਉਸ ਦੀ ਇਕ ਫੋਟੋ ਅਖ਼ਬਾਰ ਵਿਚ ਛਪੀ, ਤਾਂ ਉਹ ਡਰ ਗਈ।"

ਕਿਦਵਈ ਕਹਿੰਦੇ ਹਨ, "ਇੱਕ ਵਾਰ ਉਹ ਅੱਧੇ ਰਸਤੇ ਤੋਂ ਵਾਪਸ ਆ ਗਈ ਅਤੇ







ਇੰਦਰਾ ਨੂੰ ਮਿਲਣ ਦੀ ਹਿੰਮਤ ਨਹੀਂ ਕਰ ਸਕੀ। ਜਦੋਂ ਉਸ ਦੀ ਇੰਦਰਾ ਨਾਲ ਪਹਿਲੀ ਮੁਲਾਕਾਤ ਹੋਈ ਉਸ ਸਮੇਂ ਸੋਨੀਆ ਨੇ ਇੰਦਰਾ ਨਾਲ ਫਰੈਂਚ ਭਾਸ਼ਾ ਵਿੱਚ ਗੱਲ ਕੀਤੀ ਕਿਉਂਕਿ ਇੰਦਰਾ ਫਰੈਂਚ ਤੋਂ ਵਾਕਫ ਸੀ ਪਰ ਸੋਨੀਆ ਦਾ ਅੰਗਰੇਜ਼ੀ ਵਿਚ ਹੱਥ ਤੰਗ ਸੀ।"

"ਬਾਅਦ ਵਿਚ ਜਦੋਂ ਸੋਨੀਆ ਦੇ ਪਿਤਾ ਨੂੰ ਪਤਾ ਲੱਗਾ ਕਿ ਉਹ ਰਾਜੀਵ ਨਾਲ ਵਿਆਹ ਕਰਨ ਜਾ ਰਹੀ ਹੈ ਤਾਂ ਉਨ੍ਹਾਂ ਨੇ ਇਸ ਦਾ ਵਿਰੋਧ ਕੀਤਾ। "

ਉਹ ਕਹਿੰਦੇ ਹਨ, "ਜਦੋਂ ਰਾਜੀਵ ਗਾਂਧੀ ਸੋਨੀਆ ਦਾ ਹੱਥ ਮੰਗਣ ਗਏ ਤਾਂ ਉਨ੍ਹਾਂ ਨੇ ਕਿਹਾ ਕਿ ਮੈਂ ਇਹ ਦੇਖਣਾ ਚਾਹੁੰਦਾ ਹਾਂ ਤੁਹਾਡੇ ਦੋਵਾਂ ਵਿੱਚ ਕਿੰਨੀ ਮੁਹੱਬਤ ਹੈ। ਇਸ ਲਈ ਤੁਸੀਂ ਇੱਕ ਸਾਲ ਲਈ ਇਕ ਦੂਜੇ ਨੂੰ ਨਾ ਮਿਲੋ। ਇਕ ਸਾਲ ਬਾਅਦ, ਸੋਨੀਆ ਗਾਂਧੀ ਨੇ ਪਹਿਲ ਕੀਤੀ, ਪਰ ਹਾਲੇ ਵੀ ਉਨ੍ਹਾਂ ਦੇ ਪਿਤਾ ਇਸ ਵਿਆਹ ਲਈ ਤਿਆਰ ਨਹੀਂ ਸਨ ਅਤੇ ਉਹ ਦੋਵਾਂ ਦੇ ਵਿਆਹ ਵਿੱਚ ਸ਼ਾਮਲ ਵੀ ਨਹੀਂ ਹੋਏ।"

**ਸੰਜੇ ਅਤੇ ਰੁਖ਼ਸਾਨਾ ਸੁਲਤਾਨਾ**

ਰਾਜੀਵ ਦੇ ਛੋਟੇ ਭਰਾ ਸੰਜੇ ਗਾਂਧੀ ਦਾ ਵੀ ਬਹੁਤ ਸਾਰੀਆਂ ਔਰਤਾਂ ਨਾਲ ਨਾਮ ਜੋੜਿਆ ਗਿਆ। ਉਨ੍ਹਾਂ ਵਿਚੋਂ ਇਕ ਰੁਖ਼ਸਾਨਾ ਸੁਲਤਾਨਾ ਵੀ ਸੀ।

ਜਦੋਂ ਸੰਜੇ ਗਾਂਧੀ ਦੇ ਮੇਨਕਾ ਨਾਲ ਵਿਆਹ ਬਾਰੇ ਪਤਾ ਲੱਗਿਆ ਤਾਂ ਬਹੁਤ ਸਾਰੇ ਲੋਕਾਂ ਨੂੰ ਹੈਰਾਨੀ ਹੋਈ ਸੀ ਕਿ ਇਹ ਕਿਵੇਂ ਹੋਇਆ ਅਤੇ ਕਈ ਕੁੜੀਆਂ ਦੇ ਦਿਲ ਟੁੱਟ ਗਏ

ਰਾਸ਼ਿਦ ਕਿਦਵਈ ਕਹਿੰਦੇ ਹਨ, "ਰੁਖ਼ਸਾਨਾ ਸੁਲਤਾਨਾ ਕੋਈ ਬਹੁਤ ਵੱਡੀ ਪਬਲਿਕ ਫਿਗਰ ਨਹੀਂ ਸੀ। ਪਰ ਸੰਜੇ ਗਾਧੀ ਨੇ ਉਸ ਨੂੰ ਅੱਗੇ ਵਧਾਇਆ। ਉਸ ਜ਼ਮਾਨੇ ਵਿਚ ਉਨ੍ਹਾਂ ਦਾ ਜੋ ਲਾਈਫ਼ਸਟਾਈਲ ਸੀ, ਉਹ ਮੇਕ-ਅੱਪ ਕਰਕੇ ਤੇ ਉੱਚੀ ਹੀਲ ਵਾਲੇ ਸੈਂਡਲ ਪਾ ਕੇ ਨਿਕਲਦੀ ਸੀ। ਉਸ ਦਾ ਇੱਕ ਡੌਮੀਨੇਟਿੰਗ ਚਰਿਤੱਰ ਸੀ।"

"ਕਾਂਗਰਸ ਦੇ ਲੋਕ ਕਹਿੰਦੇ ਸੀ ਕਿ ਉਹ ਸੰਜੇ 'ਤੇ ਆਪਣਾ ਹੱਕ ਜਮਾਉਂਦੀ ਸੀ ਅਤੇ ਇਹ ਅਜਿਹਾ ਹੱਕ ਸੀ, ਜਿਸ ਨੂੰ ਕਿਸੇ ਰਿਸ਼ਤੇ ਦਾ ਨਾਮ ਨਹੀਂ ਦਿੱਤਾ ਗਿਆ ਸੀ। ਸੰਜੇ ਦਾ ਕਈ ਕੁੜੀਆਂ ਨਾਲ ਉਠਣਾ ਬੈਠਣਾ ਸੀ। ਇਥੋਂ ਤੱਕ ਜਦੋਂ ਸੰਜੇ ਗਾਂਧੀ ਦੇ ਮੇਨਕਾ ਨਾਲ ਵਿਆਹ ਬਾਰੇ ਪਤਾ ਲੱਗਿਆ ਤਾਂ ਬਹੁਤ ਸਾਰੇ ਲੋਕਾਂ ਨੂੰ ਹੈਰਾਨੀ ਹੋਈ ਸੀ ਕਿ ਇਹ ਕਿਵੇਂ ਹੋਇਆ ਅਤੇ ਕਈ ਕੁੜੀਆਂ ਦੇ ਦਿਲ ਟੁੱਟ ਗਏ।"

**ਰਾਜਕੁਮਾਰੀ ਕੌਲ ਨਾਲ ਰਹਿਣ ਵਾਲੇ ਵਾਜਪਾਈ**

ਸਾਬਕਾ ਪ੍ਰਧਾਨਮੰਤਰੀ ਅਟਲ ਬਿਹਾਰੀ ਵਾਜਪਾਈ ਦੇ 'ਪਰਿਵਾਰ' ਬਾਰੇ ਹੌਲੀ ਜ਼ੁਬਾਨ ਵਿੱਚ ਕੋਈ ਚਰਚਾ ਭਾਵੇਂ ਹੁੰਦੀ ਰਹੀ ਹੋਵੇ ਪਰ ਉਨ੍ਹਾਂ ਨੂੰ ਪਸੰਦ ਕਰਨ ਵਾਲਿਆਂ ਦੀ ਗਿਣਤੀ ਨਹੀਂ ਘਟੀ।

ਵਾਜਪਾਈ ਨੇ ਆਪਣੇ ਕਾਲਜ ਦੇ ਦਿਨਾਂ ਦੀ ਦੋਸਤ ਰਾਜਕੁਮਾਰੀ ਕੌਲ ਦੇ ਨਾਲ ਵਿਆਹ ਨਹੀਂ ਕੀਤਾ ਸੀ, ਪਰ ਉਨ੍ਹਾਂ ਦੇ ਵਿਆਹ ਤੋਂ ਬਾਅਦ ਉਹ ਉਨ੍ਹਾਂ ਦੇ ਪਤੀ ਦੇ ਘਰ ਰਹਿਣ ਲੱਗ ਗਏ ਸਨ।

ਰਾਜਕੁਮਾਰੀ ਕੌਲ ਅਟਲ ਬਿਹਾਰੀ ਵਾਜਪਾਈ ਦੀਆਂ ਛੋਟੀਆਂ-ਛੋਟੀਆਂ ਚੀਜ਼ਾਂ ਦਾ ਧਿਆਨ ਰੱਖਦੀ ਸੀ

ਸੈਵੀ ਰਸਾਲੇ ਨਾਲ ਇੱਕ ਇੰਟਰਵਿਊ ਵਿੱਚ ਸ਼੍ਰੀਮਤੀ ਕੌਲ ਨੇ ਕਿਹਾ, "ਮੈਂ ਅਤੇ ਅਟਲ ਬਿਹਾਰੀ ਵਾਜਪਾਈ ਨੇ ਕਦੇ ਵੀ ਇਸ ਗੱਲ ਦੀ ਲੋੜ ਨਹੀਂ ਸਮਝੀ ਕਿ ਇਸ ਰਿਸ਼ਤੇ ਬਾਰੇ ਕੋਈ ਵੀ ਸਫ਼ਾਈ ਦਿੱਤੀ ਜਾਵੇ।"

ਕੁਝ ਦਿਨ ਪਹਿਲਾਂ ਸ਼੍ਰੀਮਤੀ ਕੌਲ ਦੀ ਮੌਤ ਹੋ ਗਈ ਸੀ ਪਰ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਕੌਮੀ ਮੀਡੀਆ ਵਿਚ ਕੋਈ ਚਰਚਾ ਨਹੀਂ ਹੋਈ ਸੀ ਕਿਉਂਕਿ ਲੋਕ ਉਨ੍ਹਾਂ ਬਾਰੇ ਕੁਝ ਨਹੀਂ ਜਾਣਦੇ ਸਨ। ਬੀਬੀਸੀ ਨੇ ਸ਼੍ਰੀਮਤੀ ਰਾਜਕੁਮਾਰੀ ਕੌਲ ਦੀ ਦੋਸਤ ਤਲਤ ਜ਼ਮੀਰ ਨਾਲ ਗੱਲ ਕੀਤੀ।

ਤਲਤ ਕਹਿੰਦੀ ਹੈ, "ਉਹ ਬਹੁਤ ਹੀ ਸੋਹਣੀ ਕਸ਼ਮੀਰੀ ਮਹਿਲਾ ਸੀ ... ਬਹੁਤ ਹੀ ਵਜ਼ਨਦਾਰ ਸੀ, ਬਹੁਤ ਮਿੱਠਾ ਬੋਲਦੀ ਸੀ। ਉਸ ਦੀ ਬਹੁਤ ਹੀ ਸਾਫ਼ ਉਰਦੂ ਜ਼ੁਬਾਨ ਸੀ। ਮੈਂ ਜਦੋਂ ਵੀ ਉਨ੍ਹਾਂ ਨੂੰ ਮਿਲਣ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਜਾਂਦੀ ਸੀ ਲੋਕ ਉਨ੍ਹਾਂ ਨੂੰ ਮਾਤਾ ਜੀ ਕਹਿ ਕੇ ਬੁਲਾਉਂਦੇ ਸਨ। ਅਟਲ ਜੀ ਦੇ ਖਾਣੇ ਦੀ ਸਾਰੀ ਜ਼ਿੰਮੇਵਾਰੀ ਉਨ੍ਹਾਂ ਦੀ ਹੀ ਸੀ। ਰਸੋਈਆ ਆ ਕੇ ਉਨ੍ਹਾਂ ਨੂੰ ਹੀ ਪੁੱਛਦਾ ਸੀ ਕਿ ਅੱਜ ਖਾਣੇ ਵਿੱਚ ਕੀ ਬਣਾਉਣਾ ਹੈ।"

ਉਹ ਕਹਿੰਦੀ ਹੈ, "ਉਨ੍ਹਾਂ ਨੂੰ ਟੈਲੀਵਿਜ਼ਨ ਦੇਖਣ ਦਾ ਬਹੁਤ ਸ਼ੋਕ ਸੀ ਅਤੇ ਸਾਰੇ ਸੀਰੀਅਲ ਡਿਸਕਸ ਕਰਦੇ ਹੁੰਦੇ ਸੀ। ਉਹ ਕਹਿੰਦੇ ਸਨ ਕਿ ਮਸ਼ਹੂਰ ਗੀਤਕਾਰ ਜਾਵੇਦ ਅਖ਼ਤਰ ਜਦੋਂ ਪੈਦਾ ਹੋਏ ਸੀ, ਉਸ ਸਮੇਂ ਉਹ ਉਨ੍ਹਾਂ ਨੂੰ ਦੇਖਣ ਹਸਪਤਾਲ ਗਈ ਸੀ ਕਿਉਂਕਿ ਉਹਨਾਂ ਦੇ ਪਿਤਾ ਜਾਨਿਸਾਰ ਅਖ਼ਤਰ ਉਨ੍ਹਾਂ ਨੂੰ ਗਵਾਲੀਅਰ ਦੇ ਵਿਕਟੋਰੀਆ ਕਾਲਜ ਵਿਚ ਪੜ੍ਹਾਉਂਦੇ ਸਨ। ਉਹ ਜਾਵੇਦ ਦੇ ਨਾਲ ਲਗਾਤਾਰ ਸੰਪਰਕ ਵਿਚ ਰਹਿੰਦੀ ਸੀ। "

**ਫਰਨਾਂਡੀਸ ਅਤੇ ਜਯਾ ਜੇਤਲੀ ਦੀ ਦੋਸਤੀ**

ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਂਡੀਸ ਅਤੇ ਜਯਾ ਜੇਤਲੀ ਦੇ ਸਬੰਧਾਂ ਬਾਰੇ ਸਿਆਸੀ ਹਲਕਿਆ ਵਿੱਚ ਵੀ ਕਾਫ਼ੀ ਚਰਚਾ ਰਹੀ ਸੀ। ਉਨ੍ਹਾਂ ਦੇ ਰਿਸ਼ਤੇ ਉਦੋਂ ਮਜ਼ਬੂਤ ਹੋਏ ਜਦੋਂ ਜਾਰਜ ਤੇ ਉਨ੍ਹਾਂ ਦੀ ਪਤਨੀ ਲੈਲਾ ਕਬੀਰ ਦੇ ਰਿਸ਼ਤਿਆਂ ਵਿੱਚ ਖੱਟਾਸ ਪੈਦਾ ਹੋਈ ਸੀ।

ਜਾਰਜ ਫਰਨਾਂਡਿਸ ਅਤੇ ਜਯਾ ਜੇਤਲੀ ਮੈਂ ਜਯਾ ਜੇਤਲੀ ਨੂੰ ਪੁੱਛਿਆ ਤੁਹਾਡੀ ਜੌਰਜ ਨਾਲ ਦੋਸਤੀ ਕਿਵੇਂ ਹੋਈ? ਜੇਤਲੀ ਨੇ ਕਿਹਾ, "1979 ਵਿੱਚ, ਜਨਤਾ ਸਰਕਾਰ ਡਿੱਗਣ ਮਗਰੋਂ ਜਾਰਜ ਇਕੱਲੇ ਰਹਿ ਗਏ। ਉਨ੍ਹਾਂ ਦੇ ਸਮਾਜਵਾਦੀ ਪਾਰਟੀ ਦੇ ਦੋਸਤ ਸੋਚਦੇ ਸਨ ਕਿ ਉਨ੍ਹਾਂ ਨੇ ਮੋਰਾਰਜੀ ਦਾ ਸਮਰਥਨ ਕਰਨ ਤੋਂ ਬਾਅਦ ਉਸੇ ਦਿਨ ਉਨ੍ਹਾਂ ਦੀ ਸਰਕਾਰ ਦੇ ਖਿਲਾਫ ਵੋਟ ਦਿੱਤਾ ਸੀ।"

"ਉਨ੍ਹਾਂ ਦੀ ਪਤਨੀ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ ਅਤੇ ਉਹ ਇੱਕ ਲੰਬੇ ਸਮੇਂ ਲਈ ਵਿਦੇਸ਼ ਚਲੀ ਜਾਂਦੀ ਸੀ। ਮੇਰੇ ਪਤੀ ਉਨ੍ਹਾਂ ਨਾਲ ਕੰਮ ਕਰਦੇ ਸਨ, ਇਸ ਲਈ ਸਾਡਾ ਉਨ੍ਹਾਂ ਦੇ ਘਰ ਆਉਣਾ-ਜਾਣਾ ਹੋ ਗਿਆ ਸੀ।"

ਉਨ੍ਹਾਂ ਦੱਸਿਆ, "ਜਾਰਜ ਨੂੰ ਕਈ ਵਾਰ ਦੌਰੇ 'ਤੇ ਬਾਹਰ ਜਾਣਾ ਪੈਂਦਾ ਸੀ, ਇਸ ਲਈ ਉਹ ਆਪਣੇ ਮੁੰਡੇ ਨੂੰ ਮੇਰੇ ਕੋਲ ਛੱਡ ਜਾਂਦੇ ਸਨ। ਉਨ੍ਹਾਂ ਦੀ ਨਿੱਜੀ ਜ਼ਿੰਦਗੀ ਵਿਚ ਕੋਈ ਵੀ ਅਜਿਹਾ ਨਹੀਂ ਸੀ, ਜੋ ਉਨ੍ਹਾਂ ਲਈ ਇਸ ਤਰ੍ਹਾਂ ਦਾ ਕੰਮ ਕਰੇ। ਇਸ ਤਰ੍ਹਾਂ ਉਹ ਅਤੇ ਮੇਰਾ ਪਰਿਵਾਰ ਕਰੀਬ ਆ ਗਏ।"

**ਮੁਲਾਇਮ ਦਾ ਦੂਜਾ ਵਿਆਹ**

ਲੋਕਾਂ ਨੂੰ ਮੁਲਾਇਮ ਸਿੰਘ ਯਾਦਵ ਦੇ ਦੂਜੇ ਵਿਆਹ ਬਾਰੇ ਉਦੋਂ ਪਤਾ ਲੱਗਾ ਜਦੋਂ ਮੁਲਾਇਮ ਸਿੰਘ ਨੇ ਸੁਪਰੀਮ ਕੋਰਟ ਵਿਚ ਆਮਦਨ ਤੋਂ ਵੱਧ ਰਕਮ ਮਾਮਲੇ ਵਿਚ ਸੁਪਰੀਮ ਕੋਰਟ ਵਿੱਚ ਇਕ ਹਲਫ਼ਨਾਮਾ ਦਿੱਤਾ।

ਸੁਪਰੀਮ ਕੋਰਟ ਵਿੱਚ ਹਲਫ਼ਨਾਮੇ ਤੋਂ ਪਤਾ ਲੱਗਿਆ ਕਿ ਮੁਲਾਇਮ ਸਿੰਘ ਯਾਦਵ ਦੀ ਦੂਜੀ ਪਤਨੀ ਹੈ ਤੇ ਉਨ੍ਹਾਂ ਦਾ ਇੱਕ ਮੁੰਡਾ ਵੀ ਹੈ

"ਉਹ ਤਾਂ ਇਕ ਵਾਰ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਦੇਣਾ ਪਿਆ। ਫਿਰ ਜਾ ਕੇ ਪਤਾ ਲੱਗਿਆ ਕਿ ਉਨ੍ਹਾਂ ਦੀ ਦੂਜੀ ਪਤਨੀ ਵੀ ਹੈ ਅਤੇ ਉਸ ਦਾ ਇੱਕ ਮੁੰਡਾ ਵੀ ਹੈ।"

**ਚੜ੍ਹਦੀ ਉਮਰ ਵਿਚ ਪਿਆਰ ਸਬੰਧ**

ਰਾਸ਼ਿਦ ਕਿਦਵਈ ਕਹਿੰਦੇ ਹਨ, "ਇਸ ਜ਼ਮਾਨੇ ਵਿੱਚ ਇੱਕ ਦਰਜਨ ਨਾਮ ਗਿਣਾਏ ਜਾ ਸਕਦੇ ਹਨ ਜਿਹਨਾਂ ਦੀ ਬਹੁਤ ਹੀ ਰੰਗੀਨ ਜ਼ਿੰਦਗੀ ਰਹੀ ਹੈ। ਵਿਦਿਆਚਰਨ ਸ਼ੁਕਲ ਦੇ ਬਾਰੇ ਗੱਲ ਹੁੰਦੀ ਸੀ, ਚੰਦਰਸ਼ੇਖਰ ਬਾਰੇ ਗੱਲ ਹੁੰਦੀ ਸੀ।"


"ਨਰਾਇਣ ਦੱਤ ਤਿਵਾਰੀ ਵੀ ਜਦੋਂ ਰਾਜਭਵਨ ਵਿੱਚ ਫੜੇ ਗਏ ਅਤੇ ਇਸ ਤੋਂ ਇਲਾਵਾ ਜਦੋਂ ਉਹਨਾਂ 'ਤੇ ਇਕ ਪੈਟਰਨਿਟੀ ਸੂਟ ਦਾਖ਼ਲ ਕੀਤਾ ਗਿਆ ਤਾਂ ਲੋਕ ਬਹੁਤ ਚਟਕਾਰੇ ਲੈ ਕੇ ਇਸ ਬਾਰੇ ਗੱਲਾਂ ਕਰਦੇ ਸੀ। ਲੋਹੀਆ ਦੇ ਇਸ਼ਕ 'ਤੇ ਵੀ ਗੱਲ ਹੁੰਦੀ ਸੀ। "

ਇਸ ਤੋਂ ਇਲਾਵਾ ਕੁਝ ਹੋਰ ਨੇਤਾਵਾਂ ਦੀਆਂ ਘਟਨਾਵਾਂ ਦਾ ਹਵਾਲਾ ਦਿੰਦੇ ਹੋਏ ਕਿਦਵਈ ਕਹਿੰਦੇ ਹਨ, "ਇੰਦਰਜੀਤ ਗੁਪਤ ਦਾ ਇੱਕ ਵੱਖਰਾ ਕਿਸਮ ਦਾ ਸੂਫ਼ੀਆਨਾ ਪਿਆਰ ਸੀ, 62 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਵਿਆਹ ਕਰਵਾਇਆ। ਆਰ ਕੇ ਧਵਨ ਨੇ ਵੀ 74 ਸਾਲ ਦੀ ਉਮਰ ਵਿਚ ਆਪਣਾ ਵਿਆਹ ਜਨਤਕ ਤੌਰ 'ਤੇ ਸਵੀਕਾਰਿਆ ਸੀ।



# Delivering News, Uncomprimised & Unbiased for the Last 14 years

## Some Call us a Media House, others call us an Institution to learn from




ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA

nuway group

BOI
BOX OFFICE
INSIDER

**Regd. & Mailing Office : P.O Box 7005, Hicsville New York 11801**

www.thesouthasian.info, www.joshindiatv.com, www.punjabiduniya.com
Phone: 917 612 3158 Email: info@nuwaygroup.com

# ਕੀ ਸਿੱਖ ਭਾਰਤ ਵਿਚ ਆਜ਼ਾਦੀ ਦਾ ਨਿੱਘ ਮਾਣ ਰਹੇ ਨੇ ?

ਸਿੱਖਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ 80 ਫ਼ੀ ਸਦੀ ਤੋਂ ਵੱਧ ਕੁਰਬਾਨੀਆਂ ਦਿਤੀਆਂ ਜਦਕਿ ਸਾਡੀ ਗਿਣਤੀ ਦੋ ਫ਼ੀ ਸਦੀ ਹੈ। ਆਜ਼ਾਦੀ ਤੋਂ ਪਹਿਲਾਂ ਕਲਕੱਤੇ ਖਚਾਖਚ ਪ੍ਰੈਸ ਕਾਨਫ਼ਰੰਸ ਵਿਚ ਪੰਡਤ ਜਵਾਹਰ ਲਾਲ ਨਹਿਰੂ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਉੱਤਰੀ ਭਾਰਤ ਵਿਚ ਇਕ ਖ਼ਿੱਤਾ ਸਿੱਖਾਂ ਨੂੰ ਦਿਤਾ ਜਾਵੇਗਾ, ਜਿਥੇ ਉਹ ਆਜ਼ਾਦੀ ਦਾ ਨਿੱਘ ਮਾਣ ਸਕਣਗੇ।

ਵਿਧਾਨ ਸਭਾ ਲਈ ਬਣੀ ਕਮੇਟੀ ਵਿਚ ਸਿੱਖਾਂ ਦੇ ਨੁਮਾਇੰਦਿਆਂ ਨੇ ਇਤਰਾਜ਼ ਪ੍ਰਗਟਾਉਂਦਿਆਂ ਦਸਤਖ਼ਤ ਨਾ ਕੀਤੇ ਪਰ ਕੋਈ ਲੋੜ ਹੀ ਨਾ ਸਮਝੀ ਗਈ ਕਿ ਇਸ ਇਤਰਾਜ਼ ਸਬੰਧੀ ਸਿੱਖਾਂ ਨਾਲ ਗੱਲ ਕੀਤੀ ਜਾਵੇ। ਆਜ਼ਾਦੀ ਤੋਂ ਬਾਅਦ ਅਜੇ ਸਿਰਫ਼ ਪੌਣੇ ਦੋ ਮਹੀਨਿਆਂ ਬਾਅਦ ਜਦ ਸਿੱਖ ਆਗੂਆਂ ਨੇ ਪਹਿਲੇ ਪ੍ਰਧਾਨ ਮੰਤਰੀ ਨਹਿਰੂ ਨੂੰ ਉਸ ਦੇ ਕੀਤੇ ਵਾਅਦਿਆਂ ਨੂੰ ਯਾਦ ਕਰਵਾਉਂਦੇ ਹੋਏ ਹੱਕ ਮੰਗੇ ਤਾਂ ਨਹਿਰੂ ਨੇ ਮੁਸਕਰਾਉਂਦਿਆਂ ਸਾਫ਼ ਆਖ ਦਿਤਾ ਕਿ ਅਬ ਤੋਂ ਵਕਤ ਬਦਲ ਗਿਆ ਪੁਰਾਨੀ ਬਾਤੇਂ ਭੂਲ ਜਾਈਏ।

ਸਿੱਖਾਂ ਨੂੰ ਜਰਾਇਮ ਪੇਸ਼ਾ ਕਰਾਰ ਦਿਤਾ ਗਿਆ। ਉਸ ਸਮੇਂ ਦੇ ਡਿਪਟੀ ਕਮਿਸ਼ਨਰ ਸਿਰਦਾਰ ਕਪੂਰ ਸਿੰਘ (ਆਈ.ਸੀ.ਐਸ) ਜੀ ਕੋਲ ਇਹ ਸਰਕੂਲਰ ਪਹੁੰਚਿਆ ਤਾਂ ਉਨ੍ਹਾਂ ਨੇ ਇਸ ਉਤੇ ਦਸਤਖ਼ਤ ਨਾ ਕੀਤੇ। ਉਨ੍ਹਾਂ ਨੂੰ ਜਬਰੀ ਨੌਕਰੀ ਤੋਂ ਬਰਖ਼ਾਸਤ ਕੀਤਾ ਗਿਆ। ਰਿਪੇਰੀਅਨ ਕਾਨੂੰਨ ਨੂੰ ਸਮੁੱਚਾ ਸੰਸਾਰ ਮੰਨਦਾ ਹੈ ਪਰ ਪੰਜਾਬ ਦੇ ਪਾਣੀਆਂ ਦੀ ਵੰਡ ਰਿਪੇਰੀਅਨ ਕਾਨੂੰਨ ਮੁਤਾਬਕ ਨਹੀਂ ਕੀਤੀ ਗਈ। ਇਹ ਸਿੱਧਾ ਧੱਕਾ ਹੈ ਪੰਜਾਬ ਨਾਲ। ਕੁਦਰਤੀ ਆਮਦਨ ਦਾ ਸੋਮਾ ਕੋਲਾ ਕੀ ਬਿਹਾਰ ਦੂਜਿਆਂ ਨੂੰ ਮੁਫ਼ਤ ਦਿੰਦਾ ਹੈ ? ਰਾਜਸਥਾਨ ਕੀ ਪੱਥਰ ਮੁਫ਼ਤ ਦਿੰਦਾ ਹੈ ? ਹੋਰ ਕਈ ਸੂਬੇ ਹਨ ਜੋ ਕੁਦਰਤੀ ਆਮਦਨ ਦੇ ਸਾਧਨਾਂ ਤੋਂ ਸੂਬੇ ਦੀ ਆਰਥਿਕਤਾ ਮਜ਼ਬੂਤ ਕਰਦੇ ਹਨ ਪਰ ਪੰਜਾਬ ਦਾ ਪਾਣੀ ਹਰਿਆਣੇ ਰਾਜਸਥਾਨ ਨੂੰ ਮੁਫ਼ਤ ਦਿਤਾ ਜਾਂਦਾ ਹੈ। ਪੰਜਾਬ ਦੀ ਧਰਤੀ ਵਿਚ ਪਾਣੀ ਘੱਟ ਰਿਹਾ ਹੈ। ਪਰ ਕੇਂਦਰ ਸਰਕਾਰ ਦੁਬਾਰਾ ਵਿਚਾਰ ਤਕ ਨਹੀਂ ਕਰ ਰਹੀ।

ਪੰਜਾਬੀ ਸੂਬਾ ਮੰਗਿਆ ਦੇਸ਼ ਭਰ ਵਿਚ ਭਾਸ਼ਾ ਦੇ ਆਧਾਰ ਉਤੇ ਸੂਬੇ ਬਣੇ ਪਰ ਮਹਾਂ ਪੰਜਾਬ ਵਿਚੋਂ ਹਰਿਆਣਾ, ਹਿਮਾਚਲ ਕੱਢ ਕੇ ਇਹ ਛੋਟੀ ਜਹੀ ਸੂਬੀ ਵਰਗਾ ਪੰਜਾਬ ਦਿਤਾ ਗਿਆ। ਇਹ ਸਾਰਾ ਕੁੱਝ ਸਿੱਖਾਂ ਦੀ ਜਨਮ ਭੂਮੀ ਪੰਜਾਬ ਵਿਚ ਸਿੱਖਾਂ ਨੂੰ ਦਬਾ ਕੇ ਰੱਖਣ ਲਈ ਕੀਤਾ ਗਿਆ ਤੇ ਅੱਜ ਵੀ ਹੋ ਰਿਹਾ ਹੈ। ਭਾਖੜਾ ਡੈਮ ਅਸਲ ਵਿਚ ਪੰਜਾਬ ਵਿਚ ਸੀ ਪਰ ਜਾਣਬੁੱਝ ਕੇ ਹਿਮਾਚਲ ਦੀ ਹੱਦ ਕੁੱਝ ਕਿਲੋਮੀਟਰ ਹੋਰ ਅਗਾਂਹ ਕਰ ਕੇ ਭਾਖੜਾ ਡੈਮ ਉਤੇ ਵੀ ਕਬਜ਼ਾ ਕੀਤਾ ਗਿਆ। ਪੰਜਾਬ ਦੇ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਤਕ ਪਹੁੰਚਾਉਣ ਦਾ ਮੁੱਖ ਕਾਰਨ ਕੇਂਦਰ ਸਰਕਾਰ ਦੀਆਂ ਬਦਨੀਤੀਆਂ ਹਨ ਕਿਉਂਕਿ ਪੰਜਾਬ ਵਿਚ ਬਹੁ-ਗਿਣਤੀ ਖੇਤੀ ਜੱਟ ਕਰਦੇ ਹਨ ਅਪਣੇ ਜਾਤ ਪਾਤ ਵਾਲੇ ਕਾਲਮ ਵਿਚ ਜੱਟ ਸਿੱਖ ਲਿਖਦੇ ਹਨ। ਸਿੱਖਾਂ ਨੇ ਜੋ ਅਪਣੇ ਹੱਕਾਂ ਦੀ ਪੂਰਤੀ ਲਈ ਧਰਮ ਯੁਧ ਮੋਰਚਾ ਲਗਾਇਆ। ਅਨੰਦਪੁਰ ਦਾ ਮਤਾ ਪਾਸ ਕੀਤਾ। ਧਰਮ ਯੁਧ ਮੋਰਚੇ ਦੀ ਮੰਗ ਸੀ ਕਿ ਅਨੰਦਪੁਰ ਦਾ ਮਤਾ ਲਾਗੂ ਕੀਤਾ ਜਾਵੇ ਤਾਂ ਸਿੱਖ ਮੋਰਚਾ ਫ਼ਤਿਹ ਕਰ ਦੇਣਗੇ ਪਰ ਕੇਂਦਰ ਸਰਕਾਰ ਵਿਚ ਬੈਠੀ ਐਂਟੀ ਸਿੱਖ ਲਾਬੀ ਨੇ ਜਾਣਬੁੱਝ ਕੇ ਪੰਜਾਬ ਵਿਚ ਅਜਿਹੇ ਹਾਲਾਤ ਪੈਦਾ ਕਰਵਾਏ ਕਿ ਸ਼ਾਂਤਮਈ ਚੱਲ ਰਹੇ ਮੋਰਚੇ ਨੂੰ ਅਤਿਵਾਦ ਵਿਚ ਬਦਲ ਦਿਤਾ। ਅਤਿਵਾਦੀ ਸਿੱਖ ਨਹੀਂ ਸਨ ਨਾ ਹਨ ਤੇ ਨਾ ਹੀ ਕਦੇ ਹੋਣਗੇ। ਆਖ਼ਰ ਸਮੇਂ ਦੀ ਹਕੂਮਤ ਨੇ ਇਕ ਜੂਨ 1984 ਨੂੰ ਸ੍ਰੀ



ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰ 38 ਗੁਰੂ ਘਰਾਂ ਵਿਚ ਫ਼ੌਜ ਦਾ ਹਮਲਾ ਕਰਵਾ ਕੇ ਨਿਹੱਥੇ ਨਿਰਦੋਸ਼ ਸ਼ਰਧਾਲੂਆਂ ਨੂੰ ਮਾਰਿਆ। ਇਸ ਹਮਲੇ ਸਬੰਧੀ ਆਈਆਂ ਕਿਤਾਬਾਂ ਵਿਚ ਏਨਾ ਕੁੱਝ ਦਰਜ ਹੈ ਜੋ ਇਥੇ ਲਿਖਣਾ ਮੁਸ਼ਕਿਲ ਹੈ। ਇੰਦਰਾ ਦੀ ਮੌਤ ਤੋਂ ਬਾਅਦ ਸਿੱਖਾਂ ਦਾ ਖੁਰਾ ਖੋਜ ਖ਼ਤਮ ਕਰਨ ਦੀ ਮਨਸ਼ਾ ਨਾਲ ਦਿੱਲੀ ਵਿਚ ਸਿੱਖ ਨਸਲਕੁਸ਼ੀ ਹੋਈ। ਫ਼ੌਜ ਵਿਚ ਸਿੱਖਾਂ ਦੀ ਭਰਤੀ ਘੱਟ ਕਰ ਦਿਤੀ ਗਈ। ਪੰਜਾਬ ਦੇ ਕਿਸਾਨ ਸਦਾ ਹੀ ਦੇਸ਼ ਦੇ ਅੰਨ ਭੰਡਾਰ ਵਿਚ ਮੋਹਰੀ ਹੋ ਫ਼ਰਜ਼ ਅਦਾ ਕਰਦੇ ਰਹੇ ਪਰ ਕੇਂਦਰ ਵਲੋਂ ਖ਼ੁਦਕੁਸ਼ੀਆਂ ਦੇ ਹਾਲਾਤ ਵਿਚ ਪਹੁੰਚੇ ਕਿਸਾਨਾਂ ਖ਼ਾਤਰ ਕਦੇ ਵੀ ਵਿਸ਼ੇਸ਼ ਆਰਥਕ ਪੈਕੇਜ ਨਹੀਂ ਦਿਤਾ ਗਿਆ। ਸਿੱਖਾਂ ਪ੍ਰਤੀ ਕਾਂਗਰਸ ਤੇ ਭਾਜਪਾ ਦੀ ਆਰ.ਐਸ.ਐਸ. ਦੀ ਛਤਰ ਛਾਇਆ ਹੇਠ ਹਾਈ ਕਮਾਂਡ ਪੱਧਰ ਤੇ ਇਕਜੁਟ ਇਕਸੁਰ ਵਾਲੀ ਨੀਤੀ ਹੈ। ਜਦ ਦਿੱਲੀ ਵਿਚ ਨਵੰਬਰ 1984 ਨੂੰ ਸਿੱਖ ਨਸਲਕੁਸ਼ੀ ਹੋਈ ਕੀ ਉਸ ਸਮੇਂ ਦਿੱਲੀ ਵਿਚ ਕੋਈ ਵੀ ਭਾਜਪਾਈ ਆਗੂ ਹੈ ਹੀ ਨਹੀਂ ਸੀ ?

ਸਿੱਖਾਂ ਦੀ ਨੁਮਾਇੰਦਾ ਜਮਾਤ ਅਕਾਲੀ ਦਲ ਨੇ ਭਾਜਪਾ ਨਾਲ ਭਾਈਵਾਲੀ ਪਾ ਕੇ ਹਿੰਦੂ ਸਿੱਖ ਭਾਈ-ਭਾਈ ਅਨੁਸਾਰ ਪਹਿਰਾ ਦਿਤਾ ਪਰ ਵਾਜਪਾਈ ਦੀ ਸਰਕਾਰ ਲਗਭਗ 6 ਸਾਲ ਤੇ 2014 ਤੋਂ 2019 ਤਕ ਮੋਦੀ ਸਰਕਾਰ 5 ਸਾਲ ਦੋਨੋਂ ਮਿਲਾ ਕੇ 11 ਸਾਲ ਭਾਜਪਾ ਵਿਚ ਅਕਾਲੀ ਦਲ ਭਾਈਵਾਲ ਰਿਹਾ ਪਰ ਸਿੱਖਾਂ ਤੇ ਹੋਏ ਸਿਖਰ ਦੇ ਜ਼ੁਲਮ ਜੂਨ 1984 ਤੇ ਨਵੰਬਰ 1984 ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣੀਆਂ, ਪੀੜਤਾਂ ਨੂੰ ਸਹੀ ਢੰਗ ਨਾਲ ਮਦਦ ਦੇਣੀ ਅਤੇ ਜੇਲਾਂ ਵਿਚ ਬੈਠੇ ਸਜ਼ਾ ਪੂਰੀ ਕਰ ਚੁਕੇ ਸਿੱਖਾਂ ਨੂੰ ਰਿਹਾਅ ਕਰਨਾ ਅਤੇ ਪੰਜਾਬ ਦੇ ਲਟਕਦੇ ਮਸਲੇ, ਚੰਡੀਗੜ੍ਹ ਪੰਜਾਬ ਨੂੰ ਦੇਣਾ, ਪਾਣੀਆਂ ਦੀ ਸਹੀ ਵੰਡ ਤੇ ਪੰਜਾਬੀ ਬੋਲਦੇ ਇਲਾਕੇ ਵਾਪਸ ਕਰਨੇ ਕਿਸੇ ਵੀ ਮਸਲੇ ਤੇ ਭਾਜਪਾ ਨੇ ਸਿੱਖਾਂ ਬਾਰੇ ਸੋਚਿਆ ਤਕ ਵੀ ਨਹੀਂ ਹੈ। ਹਾਂ ਸੱਜਣ ਕੁਮਾਰ ਨੂੰ 2019 ਵਿਚ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਜੇਲ ਭੇਜਿਆ ਗਿਆ ਤੇ ਵੋਟਾਂ ਬਟੋਰ ਲਈਆਂ ਗਈਆਂ ਜਦਕਿ ਕਮਲ ਨਾਥ ਵੀ ਬਰਾਬਰ ਦਾ ਦੋਸ਼ੀ ਹੁੰਦਿਆਂ ਮੁੱਖ ਮੰਤਰੀਸ਼ਿਪ ਹੰਢਾ ਰਿਹਾ ਹੈ। ਅਨੰਦ ਮੈਰਿਜ ਐਕਟ ਤੇ ਅਜੇ ਤਕ ਵੀ ਰਾਜਨੀਤੀ ਹੀ ਹੋਈ ਜਾ ਰਹੀ ਹੈ। ਅਸਲ ਵਿਚ ਜੇਕਰ ਪੂਰੀ ਪੜਚੋਲ ਕਰੀਏ ਤਾਂ ਇਕ ਨਹੀਂ ਕਈ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਖ਼ਾਲਿਸਤਾਨ ਨਾ ਹੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਮੰਗਿਆ ਸੀ ਤੇ ਨਾ ਹੀ ਸਿੱਖਾਂ ਨੇ। ਮੁੱਖ ਰੂਪ ਵਿਚ ਜਦ 80 ਫ਼ੀ ਸਦੀ ਕੁਰਬਾਨੀਆਂ ਸਿੱਖਾਂ ਦੀਆਂ ਹੋਈਆਂ ਤੋਂ ਬਾਅਦ ਆਪ ਐਲਾਨ ਕਰ ਕੇ ਉੱਤਰੀ ਭਾਰਤ ਵਿਚ ਇਕ ਖਿੱਤਾ ਦੇਣ ਤੋਂ ਵੀ ਨਹਿਰੂ ਮੁਕਰ ਗਿਆ ਤਾਂ ਸੁਭਾਵਿਕ ਸੀ ਸਿੱਖਾਂ ਦਾ ਵਿਸ਼ਵਾਸ ਉਠ ਜਾਂਦਾ। ਝੂਠੇ ਪੁਲਿਸ ਮੁਕਾਬਲੇ, ਚਿੱਟਾ ਸਮੈਕ ਤੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵੀ ਸਿੱਖਾਂ ਦਾ ਮਨੋਬਲ ਡੇਗਣ ਅਤੇ ਵਿਸ਼ਵਾਸ ਖ਼ਤਮ ਕਰਨ ਲਈ ਸੋਚੀ ਸਮਝੀ ਸਾਜ਼ਸ਼ ਅਧੀਨ ਵਾਪਰਿਆ ਹੈ। ਸਿੱਖਾਂ ਦਾ ਧਾਰਮਕ ਫ਼ਲਸਫ਼ਾ ਹੀ ਸਰਬੱਤ ਦਾ ਭਲਾ ਹੈ ਤੇ ਸਿੱਖ ਹਰ ਰੋਜ਼ ਦੋਵੇਂ ਵੇਲੇ ਸਵੇਰੇ-ਸ਼ਾਮ ਅਰਦਾਸ ਕਰਦੇ ਸਮੇਂ ਆਖਦੇ ਹਨ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ'। ਦਾਅਵੇ ਨਾਲ ਕਹਿੰਦਾ ਹਾਂ ਸਿੱਖਾਂ ਨੂੰ ਬਣਦਾ ਮਾਣ ਸਤਿਕਾਰ, ਹਰ ਪੱਖੋਂ ਪੂਰੇ, ਫ਼ੌਜ ਵਿਚ ਯੋਗਤਾ ਅਨੁਸਾਰ ਭਰਤੀ ਤੇ ਸਿੱਖ ਧਰਮ ਵਿਚ ਕੇਂਦਰ ਸਰਕਾਰਾਂ, ਏਜੰਸੀਆਂ ਦੀ ਦਖਲ ਅੰਦਾਜ਼ੀ ਸੱਚ ਦੇ ਆਧਾਰ ਉਤੇ ਬੰਦ ਹੋ ਜਾਵੇ। ਸਿੱਖ ਖ਼ਾਲਿਸਤਾਨ ਨਹੀਂ ਚਾਹੁਣਗੇ, ਜਦੋਂ ਕਿਸੇ ਦਾ ਹਸਦਾ ਵਸਦਾ ਘਰ ਉਜੜ ਜਾਵੇ, ਆਸਥਾ ਤੇ ਹਮਲੇ ਹੋਣ, ਮਾਣ ਸਤਿਕਾਰ ਅਣਖ ਗ਼ੈਰਤ ਨੂੰ ਸੱਟ ਮਾਰੀ ਜਾਵੇ ਤਾਂ ਸੁਭਾਵਿਕ ਹੈ ਉਹ ਕੌਮ ਬਾਗੀ ਹੋਵੇਗੀ ਹੀ ਹੋਵੇਗੀ। ਇਸ ਲਈ ਕੇਂਦਰ ਦੀ ਹਕੂਮਤ ਸਿੱਖਾਂ ਨੂੰ ਬਣਦਾ ਮਾਣ ਸਤਿਕਾਰ ਦੇਵੇ ਤਾਂ ਸਿੱਖ ਕਦੇ ਵੀ ਵੱਖ ਹੋਣ ਦੀ ਨਹੀਂ ਸੋਚਣਗੇ।

**- ਤੇਜਵੰਤ ਸਿੰਘ ਭੰਡਾਲ**
**ਸੰਪਰਕ : 98152-67963**

## ਏਸ਼ੀਆ 'ਚ ਸਭ ਤੋਂ ਮਾੜੀ ਹਾਲਤ ਭਾਰਤੀ ਕਰੰਸੀ ਰੁਪਈਏ ਦੀ

ਮੁੰਬਈ : ਭਾਰਤੀ ਕਰੰਸੀ ਰੁਪਈਆ ਡਾਲਰ ਦੇ ਮੁਕਾਬਲੇ ਲਗਾਤਾਰ ਲੁੜ੍ਹਕ ਰਿਹਾ ਹੈ। ਇਹ ਏਸ਼ੀਆ ਵਿਚ ਸਭ ਤੋਂ ਖਰਾਬ ਪ੍ਰਦਰਸ਼ਨ ਕਰਨ ਵਾਲੀ ਕਰੰਸੀ ਬਣ ਗਿਆ ਹੈ। ਵਿਦੇਸ਼ੀ ਨਿਵੇਸ਼ਕ ਰੁਪਈਏ ਬਾਂਡ ਤੋਂ ਆਪਣਾ ਨਿਵੇਸ਼ ਕੱਢ ਰਹੇ ਹਨ, ਜਿਸ ਨਾਲ ਰੁਪਏ ਦੀ ਸਥਿਤੀ ਲਗਾਤਾਰ ਕਮਜ਼ੋਰ ਹੁੰਦੀ ਜਾ ਰਹੀ ਹੈ। ਇਸ ਪਿੱਛੇ ਭੂ-ਰਾਜਨੀਤਕ ਕਾਰਨਾਂ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਬਾਜ਼ਾਰ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਰੁਪਏ ਵਿਚ ਜੇ ਇਸੇ ਤਰ੍ਹਾਂ ਗਿਰਾਵਟ ਜਾਰੀ ਰਹੀ ਤਾਂ ਵਿਦੇਸ਼ੀ ਨਿਵੇਸ਼ਕਾਂ ਨੂੰ ਹੋਇਆ ਲਾਭ ਪੂਰੀ ਤਰ੍ਹਾਂ ਖਤਮ ਹੋ ਸਕਦਾ ਹੈ। ਆਰਥਕ ਜਾਣਕਾਰਾਂ ਮੁਤਾਬਕ ਵਿਦੇਸ਼ੀ ਨਿਵੇਸ਼ਕ ਘੱਟ ਮਿਆਦ ਦੇ ਲੋਨ ਨਿਵੇਸ਼ ਵਿਚ ਕਰੰਸੀ ਜੋਖਮ ਨੂੰ ਸੀਮਤ ਰੱਖਦੇ ਹਨ। ਜੇ ਸਰਕਾਰੀ ਬਾਂਡ ਤੇ ਭਾਰਤੀ ਕਾਰਪੋਰੇਟ ਦੀ ਵਿਦੇਸ਼ੀ ਹੋਲਡਿੰਗਜ਼ ਦੀ ਵਿਕਰੀ ਸ਼ੁਰੂ ਹੋ ਗਈ ਤਾਂ ਇਸ ਨਾਲ ਕਰੰਸੀ ਹੋਰ ਕਮਜ਼ੋਰ ਹੋ ਸਕਦੀ ਹੈ। ਰੁਪਈਆ ਬਾਂਡ ਵਿਚ ਨਿਵੇਸ਼ ਆਮ ਤੌਰ 'ਤੇ ਕੈਰੀ ਟਰੇਡਸ ਦੇ ਜ਼ਰੀਏ ਹੁੰਦਾ ਹੈ। ਕੈਰੀ ਟਰੇਡਿੰਗ ਕਰੰਸੀ ਟਰੇਡਿੰਗ ਦਾ ਸਭ ਤੋਂ ਅਸਾਨ ਤਰੀਕਾ ਹੈ, ਜਿਸ ਵਿਚ ਨਿਵੇਸ਼ਕ ਘੱਟ ਵਿਆਜ ਦਰ ਵਾਲੀ ਕਰੰਸੀ ਦੀ ਥਾਂ ਉੱਚੇ ਵਿਆਜ ਦਰ ਵਾਲੀ ਕਰੰਸੀ ਖਰੀਦਦੇ ਹਨ। ਜੇ ਰੁਪਏ ਵਿਚ ਗਿਰਾਵਟ ਜਾਰੀ ਰਹੀ ਤਾਂ ਨਿਵੇਸ਼ਕਾਂ ਵਿਚ ਡਰ ਦਾ ਮਾਹੌਲ ਪੈਦਾ ਹੋ ਸਕਦਾ ਹੈ ਤੇ ਉਹ ਆਪਣਾ ਪੈਸਾ ਕੱਢ ਸਕਦੇ ਹਨ। ਇਸ ਮਹੀਨੇ ਡਾਲਰ ਦੇ ਮੁਕਾਬਲੇ ਰੁਪਈਆ 3.6 ਫੀਸਦੀ ਤੱਕ ਲੁੜ੍ਹਕ ਚੁੱਕਾ ਹੈ ਤੇ ਇਹ ਸਤੰਬਰ 2013 ਦੇ ਬਾਅਦ ਦੂਜੀ ਸਭ ਤੋਂ ਵੱਡੀ ਗਿਰਾਵਟ ਹੈ। ਭੂ-ਰਾਜਨੀਤਕ ਕਾਰਨ ਰੁਪਏ ਦੀ ਗਿਰਾਵਟ ਦੀ ਵੱਡੀ ਵਜ੍ਹਾ ਮੰਨੇ ਜਾ ਰਹੇ ਹਨ।

ਜੰਮੂ-ਕਸ਼ਮੀਰ ਦੇ ਵਿਸ਼ੇਸ਼ ਅਧਿਕਾਰ ਖਤਮ ਕਰਨ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਵਿਚਾਲੇ ਖਿਚਾਅ ਦਾ ਮਾਹੌਲ ਹੈ। ਅਮਰੀਕਾ ਤੇ ਚੀਨ ਵਿਚਾਲੇ ਜਾਰੀ ਵਪਾਰ ਜੰਗ ਨੇ ਵੀ ਸਥਿਤੀ ਨੂੰ ਕਾਫੀ ਖਰਾਬ ਬਣਾਇਆ ਹੋਇਆ ਹੈ। ਸਰਕਾਰ ਨੇ ਜਦੋਂ ਤੋਂ ਵਿਦੇਸ਼ੀ ਨਿਵੇਸ਼ਕਾਂ ਲਈ ਲੋਨ ਸੰਬੰਧੀ ਨਿਯਮਾਂ ਤੇ ਸ਼ਰਤਾਂ ਨੂੰ ਅਸਾਨ ਕੀਤਾ ਹੈ, ਉਦੋਂ ਤੋਂ ਵਿਦੇਸ਼ੀ ਨਿਵੇਸ਼ਕ ਭਾਰਤੀ ਰੁਪਈਆ ਬਾਂਡ ਵਿਚ ਨਿਵੇਸ਼ ਲਈ ਕਾਫੀ ਉਤਸ਼ਾਹਤ ਸਨ। ਸਸਤੀ ਕਰੰਸੀ ਤੇ ਉੱਚੀ ਵਿਆਜ ਦਰ ਦੇ ਚਲਦੇ ਭਾਰਤ ਪਹਿਲਾਂ ਵੀ ਵਿਦੇਸ਼ੀ ਨਿਵੇਸ਼ਕਾਂ ਦੀ ਪਸੰਦ ਰਿਹਾ ਹੈ।


## ਪੰਜਾਬ ਵਿਚ ਕਿਸਾਨ ਖ਼ੁਦਕੁਸ਼ੀਆਂ ਕਰਨ ਦੇ ਦਿਲ ਕੰਬਾਊ ਅੰਕੜੇ

ਚੰਡੀਗੜ੍ਹ: ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜੇ ਦੱਸਦੇ ਹਨ ਕਿ ਪੰਜਾਬ ਸਮੇਤ ਦੇਸ਼ ਵਿਚ ਹਰ ਸਾਲ ਹਜ਼ਾਰਾਂ ਕਿਸਾਨ ਖੇਤੀ ਦੇ ਸੰਕਟ ਕਾਰਨ ਖ਼ੁਦਕੁਸ਼ੀਆਂ ਕਰ ਰਹੇ ਹਨ, ਪਰ 2016 ਤੋਂ ਬਾਅਦ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਅੰਕੜੇ ਜਾਰੀ ਕਰਨੇ ਬੰਦ ਕਰ ਦਿੱਤੇ ਗਏ ਹਨ। ਪਿਛਲੀ ਲੋਕ ਸਭਾ ਵਿਚ 2015 ਅਤੇ 2016 ਦੇ ਪੇਸ਼ ਕੀਤੇ ਅੰਕੜਿਆਂ ਮੁਤਾਬਕ ਦੇਸ਼ ਵਿਚ 2016 ਵਿਚ 2015 ਦੇ ਮੁਕਾਬਲੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਵਿਚ 9.8 ਫੀਸਦੀ ਦੀ ਕਮੀ ਆਈ ਹੈ।

ਇਸੇ ਸਮੇਂ ਦੌਰਾਨ ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਛੱਤੀਸਗੜ੍ਹ ਵਿਚ ਵੀ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਵਿਚ ਕਮੀ ਦਰਜ ਕੀਤੀ ਗਈ ਹੈ ਪਰ ਪੰਜਾਬ, ਹਰਿਆਣਾ, ਕਰਨਾਟਕਾ, ਗੁਜਰਾਤ ਅਤੇ ਮੱਧ ਪ੍ਰਦੇਸ਼ ਵਿਚ ਇਨ੍ਹਾਂ ਖ਼ੁਦਕੁਸ਼ੀਆਂ ਵਿਚ ਵਾਧਾ ਦਰਜ ਹੋਇਆ ਹੈ।

ਅੰਕੜਿਆਂ ਮੁਤਾਬਕ ਪੰਜਾਬ ਵਿਚ 2016 ਵਿਚ 2015 ਦੇ ਮੁਕਾਬਲੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਵਿਚ 118.0 ਫੀਸਦੀ ਦਾ ਰਿਕਾਰਡ ਵਾਧਾ ਹੋਇਆ ਹੈ। ਇਹ ਵਾਧਾ ਦੂਜੇ ਸੂਬਿਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ। ਹਰਿਆਣੇ ਵਿਚ ਉਸੇ ਸਮੇਂ ਦੌਰਾਨ ਇਹ ਵਾਧਾ 54.2 ਫੀਸਦੀ, ਗੁਜਰਾਤ ਵਿਚ 35.5 ਫੀਸਦੀ, ਕਰਨਾਟਕਾ ਵਿਚ 32.5 ਫੀਸਦੀ ਅਤੇ ਮੱਧ ਪ੍ਰਦੇਸ਼ ਵਿਚ 2.4 ਫੀਸਦੀ ਹੋਇਆ ਹੈ। ਇਨ੍ਹਾਂ ਅੰਕੜਿਆਂ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਖੇਤੀ ਸੰਕਟ ਦੀ ਲਪੇਟ ਵਿਚ ਦੇਸ਼ ਦੇ ਹੋਰ ਖਿੱਤੇ ਅਤੇ ਸੂਬੇ ਵੀ ਆ ਗਏ ਹਨ, ਜਿਨ੍ਹਾਂ ਵਿਚ ਸਭ ਤੋਂ ਵੱਧ ਖੇਤੀ ਵਿਚ ਵਿਕਸਿਤ ਪੰਜਾਬ ਵੀ ਸ਼ਾਮਲ ਹੈ।

ਪੰਜਾਬ ਵਿਚ ਪਿਛਲੇ ਸਾਲਾਂ ਦੌਰਾਨ ਖੇਤੀ ਸੰਕਟ ਕਾਰਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ ਅਤੇ ਹੁਣ ਵੀ ਖੇਤੀ ਸੰਕਟ ਦਾ ਕੋਈ ਕਾਰਗਰ ਹੱਲ ਨਾ ਹੋਣ ਕਾਰਨ ਲਗਾਤਾਰ ਖ਼ੁਦਕੁਸ਼ੀਆਂ ਦਾ ਰੁਝਾਨ ਜਾਰੀ ਹੈ। ਪੰਜਾਬ ਵਿਚ 92 ਫੀਸਦੀ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕਰਜ਼ੇ ਦੇ ਭਾਰ ਕਾਰਨ ਕੀਤੀਆਂ ਹਨ, ਕਿਸਾਨਾਂ ਸਬੰਧੀ ਇਹ ਦਰ 95 ਫੀਸਦੀ ਅਤੇ ਖੇਤ ਮਜ਼ਦੂਰਾਂ ਵਿਚ 89 ਫੀਸਦੀ ਸੀ। ਪੰਜਾਬ ਵਿਚ ਲਗਭਗ 98 ਫੀਸਦੀ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦਾ ਕੇਂਦਰ ਮਾਲਵਾ ਖੇਤਰ ਰਿਹਾ ਹੈ। ਗਿਆਰਾਂ ਜ਼ਿਲ੍ਹਿਆਂ ਵਿਚ ਵਧੇਰੇ ਖ਼ੁਦਕੁਸ਼ੀਆਂ ਹੋਈਆਂ ਹਨ। ਨੀਮ ਪਹਾੜੀ, ਦੁਆਬਾ ਅਤੇ ਮਾਝਾ ਖੇਤਰ ਦੇ



ਗਿਆਰਾਂ ਜ਼ਿਲ੍ਹਿਆਂ ਵਿਚ ਕੇਵਲ 2 ਪ੍ਰਤੀਸ਼ਤ ਖ਼ੁਦਕੁਸ਼ੀਆਂ ਹੀ ਹੋਈਆਂ ਹਨ ਜਦੋਂ ਕਿ ਦੋਵਾਂ ਖੇਤਰਾਂ ਵਿਚ ਸੂਬੇ ਦੀ ਪੇਂਡੂ ਆਬਾਦੀ ਲਗਭਗ ਬਰਾਬਰ-ਬਰਾਬਰ ਹੈ ਪਰ ਸਿੱਖਿਆ ਦੀ ਦਰ ਦੇ ਹਿਸਾਬ ਨਾਲ ਮਾਲਵੇ ਦੇ ਜ਼ਿਲ੍ਹੇ ਦੂਜੇ ਖੇਤਰ ਭਾਵ ਨੀਮ ਪਹਾੜੀ, ਦੁਆਬਾ ਅਤੇ ਮਾਝਾ ਖੇਤਰ ਦੇ ਜ਼ਿਲ੍ਹਿਆਂ ਤੋਂ ਪਿੱਛੇ ਹਨ। ਜਦੋਂ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਨੂੰ ਜੋਤਾਂ ਦੇ ਆਕਾਰ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਸਹਿਜੇ ਹੀ ਸਾਫ ਹੋ ਜਾਂਦਾ ਹੈ ਕਿ ਪੰਜਾਬ ਵਿਚ ਖੇਤੀ ਸੰਕਟ ਦਾ ਵਧੇਰੇ ਮਾਰੂ ਅਸਰ ਸੀਮਾਂਤ, ਛੋਟੀ ਅਤੇ ਅਰਧ-ਦਰਮਿਆਨੀ ਕਿਸਾਨੀ 'ਤੇ ਪਿਆ ਹੈ ਕਿਉਂਕਿ ਕੁੱਲ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵਿਚ ਇਸ ਕਿਸਾਨੀ ਦਾ ਲਗਭਗ 92 ਫੀਸਦੀ ਹਿੱਸਾ ਹੈ। ਪਿਛਲੇ ਸਮੇਂ ਵਿਚ ਦੇਸ਼ ਪੱਧਰ 'ਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਇਕੱਠੇ ਹੋ ਕੇ ਆਲ ਇੰਡੀਆ ਕਿਸਾਨ ਕੋਆਰਡੀਨੇਸ਼ਨ ਕਮੇਟੀ ਦਾ ਗਠਨ ਕਰ ਕੇ ਸੰਘਰਸ਼ ਕੀਤਾ, ਨਤੀਜੇ ਵਜੋਂ ਸਰਕਾਰਾਂ ਅਤੇ ਰਾਜਨੀਤਕ ਪਾਰਟੀਆਂ ਨੂੰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਮਸਲਿਆਂ ਨੂੰ ਸੁਣਨ ਅਤੇ ਹੱਲ ਕੱਢਣ ਲਈ ਮਜਬੂਰ ਹੋਣਾ ਪਿਆ।

ਲੋਕ ਸਭਾ ਚੋਣਾਂ ਹੋਣ ਕਾਰਨ ਦੇਸ਼ ਪੱਧਰ 'ਤੇ ਅਤੇ ਕਾਫੀ ਸੂਬਾ ਸਰਕਾਰਾਂ ਨੇ ਆਪਣੇ ਪੱਧਰ ਉਤੇ ਖੇਤੀ ਸੰਕਟ ਦੇ ਹੱਲ ਲਈ ਵੱਖ-ਵੱਖ ਯੋਜਨਾਵਾਂ ਅਤੇ ਸਕੀਮਾਂ ਸ਼ੁਰੂ ਕੀਤੀਆਂ ਅਤੇ ਇਨ੍ਹਾਂ ਸਕੀਮਾਂ ਅਤੇ ਯੋਜਨਾਵਾਂ ਦਾ ਮੁੱਖ ਮਕਸਦ ਆਰਜ਼ੀ ਤੌਰ ਉਤੇ ਕਿਸਾਨਾਂ ਦੀ ਕਰਜ਼ਾ ਮੁਆਫੀ ਅਤੇ ਆਮਦਨ ਨੂੰ ਸਪਲੀਮੈਂਟ ਕਰਨਾ ਸੀ ਪਰ ਇਨ੍ਹਾਂ ਯੋਜਨਾਵਾਂ ਅਤੇ ਸਕੀਮਾਂ ਤੋਂ ਬਾਅਦ ਵੀ ਖੇਤੀ ਸੰਕਟ ਕਾਰਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਦੇਸ਼ ਅਤੇ ਪੰਜਾਬ ਵਿਚ ਖ਼ੁਦਕੁਸ਼ੀਆਂ ਲਗਾਤਾਰ ਜਾਰੀ ਹਨ, ਕਿਉਂਕਿ ਇਹ ਸਕੀਮਾਂ ਅਤੇ ਯੋਜਨਾਵਾਂ ਖੇਤੀ ਸੰਕਟ ਦੇ ਹੱਲ ਲਈ ਘੱਟ ਅਸਰਦਾਰ ਅਤੇ ਨਾਕਾਫੀ ਸਾਬਤ ਹੋਈਆ ਹਨ।

## ਕੈਪਟਨ ਸਰਕਾਰ ਨੇ ਢਾਈ ਸਾਲ ਸੱਤਾ ਭੋਗਣ 'ਤੇ ਵੀ ਨਾ ਦਿੱਤਾ ਬੇਰੁਜ਼ਗਾਰਾਂ ਨੂੰ ਕੋਈ ਰਾਹ

ਚੰਡੀਗੜ੍ਹ: ਵੱਡੇ ਵਾਅਦੇ ਕਰ ਕੇ ਸੱਤਾ ਵਿਚ ਆਈ ਪੰਜਾਬ ਦੀ ਕੈਪਟਨ ਸਰਕਾਰ ਨੇ ਆਪਣੇ 28 ਮਹੀਨਿਆਂ ਦਾ ਕਾਰਜਕਾਲ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਕੋਈ ਰਾਹ ਨਹੀਂ ਦਿੱਤਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਹੁਣ ਤੱਕ ਦੇ ਰਾਜ ਦੌਰਾਨ ਮੁਲਾਜ਼ਮ ਜਥੇਬੰਦੀਆਂ ਨੂੰ ਮਹਿਜ਼ ਦਰਜਨਾਂ ਮੀਟਿੰਗਾਂ ਦੀਆਂ ਤਰੀਕਾਂ ਹੀ ਦਿੱਤੀਆਂ ਹਨ ਪਰ ਪੱਲੇ ਕੁਝ ਨਹੀਂ ਪਾਇਆ।

ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦੀ ਗੱਦੀ ਉਪਰ ਬਿਰਾਜਮਾਨ ਹੁੰਦਿਆਂ ਹੀ ਮੁਲਾਜ਼ਮਾਂ ਦੀਆਂ ਸਾਰੀਆਂ ਮੰਗਾਂ ਵਿੱਤੀ ਸੰਕਟ ਦੀ ਆੜ ਹੇਠ ਠੰਢੇ ਬਸਤੇ ਵਿਚ ਪਾ ਦਿੱਤੀਆਂ ਸਨ। ਇਸ ਤਹਿਤ 6ਵੇਂ ਤਨਖਾਹ ਕਮਿਸ਼ਨ ਦੀ ਮਿਆਦ ਦਸੰਬਰ 2019 ਤੱਕ ਵਧਾ ਕੇ ਅਸਿੱਧੇ ਢੰਗ ਨਾਲ ਕਮਿਸ਼ਨ ਨੂੰ ਖੂਹ-ਖਾਤੇ ਪਾ ਦਿੱਤਾ ਹੈ। ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਮੁਲਾਜ਼ਮਾਂ ਦੀਆਂ 22 ਫੀਸਦ ਡੀਏ ਦੀਆਂ ਬਣਦੀਆਂ 5 ਕਿਸ਼ਤਾਂ ਵਿਚੋਂ ਸਿਰਫ 7 ਫੀਸਦ ਦੋ ਕਿਸ਼ਤਾਂ ਹੀ ਦਿੱਤੀਆਂ ਹਨ। ਡੀਏ ਦਾ ਕਈ ਮਹੀਨਿਆਂ ਦਾ ਬਕਾਇਆ ਦੇਣ ਬਾਰੇ ਤਾਂ ਸਰਕਾਰ ਭੁੱਲ ਗਈ ਜਾਪਦੀ ਹੈ। ਠੇਕਾ ਮੁਲਾਜ਼ਮਾਂ ਨੂੰ ਰੈਗੂਲਰ ਨਹੀਂ ਕੀਤਾ ਗਿਆ ਅਤੇ ਹੋਰ ਮੰਗਾਂ ਵੀ ਦੱਬੀਆਂ ਪਈਆਂ ਹਨ। ਪੰਜਾਬ ਤੇ ਯੂਟੀ ਮੁਲਾਜ਼ਮ ਅਤੇ ਪੈਨਸ਼ਨਰਜ਼ ਐਕਸ਼ਨ ਕਮੇਟੀ ਵੱਲੋਂ 14 ਅਗਸਤ ਨੂੰ ਪਟਿਆਲਾ ਵਿਚ ਕੀਤੀ ਰੈਲੀ ਦੌਰਾਨ ਮੁੱਖ ਮੰਤਰੀ ਨੇ ਮੰਗਾਂ ਮੰਨਣ ਦਾ ਐਲਾਨ ਕਰਨ ਦੀ ਥਾਂ ਮੁੜ 28 ਅਗਸਤ ਨੂੰ ਕੈਬਨਿਟ ਸਬ ਕਮੇਟੀ ਨਾਲ ਮੀਟਿੰਗ ਕਰਨ ਦੀ ਤਰੀਕ ਹੀ ਮੁਲਾਜ਼ਮਾਂ ਦੇ ਪੱਲੇ ਪਾਈ। ਇਸ ਜਥੇਬੰਦੀ ਦੇ ਆਗੂ ਸੱਜਣ ਸਿੰਘ ਨੇ ਲੋਕ ਸਭਾ ਚੋਣਾਂ ਦੌਰਾਨ ਮਰਨ ਵਰਤ ਰੱਖਿਆ ਸੀ। ਇਸ ਦੌਰਾਨ ਸਰਕਾਰ ਨੇ ਚੋਣਾਂ ਖਤਮ ਹੁੰਦਿਆਂ ਹੀ 27 ਮਈ ਨੂੰ ਐਕਸ਼ਨ ਕਮੇਟੀ ਨਾਲ ਮੀਟਿੰਗ ਕਰਨ ਦੀ ਤਰੀਕ ਦਿੱਤੀ ਸੀ ਪਰ ਮੀਟਿੰਗ ਅੱਜ ਤੱਕ ਨਹੀਂ ਕੀਤੀ ਗਈ।



nuway group
The South Asian INSIDER
Voice of South Asian Community
Josh India tv
BOI BOX OFFICE INSIDER
ਪੰਜਾਬੀ ਦੁਨੀਆ
Ethnic Strategies
Most Trusted
News Media Company
Serving South Asian Amercians
The Only South Asian American Media Group that Gives you Maximum Cost Effective Reach
3 Million + Views on YouTube & Half Million fan like on Facebook
Email:sst@nuwaygroup.com
www.nuwaygroup.com
Phone: 917 612 3158

# ਕਸ਼ਮੀਰ ਬਾਰੇ ਗੱਲ ਕਰਦਿਆਂ

ਭਾਜਪਾ ਦੀ ਅਗਵਾਈ ਵਾਲੀ ਐੱਨਡੀਏ ਸਰਕਾਰ ਦੇ ਜੰਮੂ ਕਸ਼ਮੀਰ ਦਾ ਦਰਜਾ ਬਦਲਣ ਬਾਰੇ ਫ਼ੈਸਲੇ ਨੂੰ ਦੇਖਣ ਦੇ ਕਾਫ਼ੀ ਹੱਦ ਤੱਕ ਦੋ ਤਰੀਕੇ ਹਨ। ਪਹਿਲਾ, ਇਸ ਫ਼ੈਸਲੇ ਦੀ ਸੰਵਿਧਾਨਿਕਤਾ ਅਤੇ ਕਾਨੂੰਨੀ ਵਾਜਬੀਅਤ ਘੋਖਣਾ ਅਤੇ ਦੂਜਾ, ਉਸ ਵਿਚਾਰਧਾਰਾ ਦੀ ਸ਼ਨਾਖ਼ਤ ਕਰਨਾ ਜਿਹੜੀ ਇਸ ਫ਼ੈਸਲੇ ਨੂੰ ਸੇਧ ਦੇਣ ਵਾਲੀ ਅਸਲ ਤਾਕਤ ਹੈ। ਪਹਿਲਾ ਸੁਭਾਅ ਪੱਖੋਂ ਵਧੇਰੇ ਕਰ ਕੇ ਰਸਮੀ ਹੈ ਅਤੇ ਦੂਜਾ ਵਧੇਰੇ ਬੁਨਿਆਦੀ। ਸੰਵਿਧਾਨਿਕ ਅਤੇ ਕਾਨੂੰਨੀ ਪਹੁੰਚ ਦੇ ਕੁਝ ਇਖ਼ਲਾਕੀ ਆਯਾਮ ਹੁੰਦੇ ਹਨ ਜੋ ਇਤਿਹਾਸਕ ਇਕਰਾਰਾਂ ਨਾਲ ਜੁੜੇ ਹੁੰਦੇ ਹਨ। ਅਜਿਹੇ ਕੁਝ ਇਕਰਾਰ ਜੰਮੂ ਕਸ਼ਮੀਰ ਦੇ ਲੋਕਾਂ ਨਾਲ ਵਿਵਾਦ ਵਾਲੇ ਇਸ ਸੂਬੇ ਨੂੰ ਭਾਰਤ ਵਿਚ ਸ਼ਾਮਲ ਕੀਤੇ ਜਾਣ ਵੇਲੇ ਕੀਤੇ ਗਏ ਸਨ। ਮੌਜੂਦਾ ਫ਼ੈਸਲੇ ਦੀ ਸੰਵਿਧਾਨਿਕਤਾ ਅਤੇ ਕਾਨੂੰਨੀ ਵਾਜਬੀਅਤ ਬਾਰੇ ਸੁਪਰੀਮ ਕੋਰਟ ਵਿਚ ਲੜਾਈ ਹੋਣ ਦੇ ਪੂਰੇ ਆਸਾਰ ਹਨ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਜੰਮੂ ਕਸ਼ਮੀਰ ਦਾ ਰੁਤਬਾ ਬਦਲਣ ਬਾਰੇ ਬਿਲ ਪੇਸ਼ ਕਰਦਿਆਂ ਦਿੱਤੀ ਤਕਰੀਰ ਤੋਂ ਸਾਫ਼ ਹੈ ਕਿ ਸਰਕਾਰ ਨੇ ਇਸ ਕਾਨੂੰਨੀ ਲੜਾਈ ਦੀ ਪਹਿਲਾਂ ਹੀ ਤਿਆਰੀ ਕੀਤੀ ਹੋਈ ਹੈ। ਇਹ ਕਿਆਸ ਲਾਉਣਾ ਭਾਵੇਂ ਕਾਫ਼ੀ ਲੁਭਾਉਣਾ ਹੋਵੇਗਾ ਕਿ ਇਸ ਬਾਰੇ ਸੁਪਰੀਮ ਕੋਰਟ ਦਾ ਕੀ ਫ਼ੈਸਲਾ ਹੋ ਸਕਦਾ ਹੈ ਪਰ ਸਰਕਾਰ ਦੇ ਕੁਝ ਵਿਰੋਧੀਆਂ ਵੱਲੋਂ ਇਸ ਦੇ ਸੰਵਿਧਾਨਿਕ ਪੱਖਾਂ ਨੂੰ ਲੋੜੋਂ ਵੱਧ ਦਿੱਤੀ ਜਾ ਰਹੀ ਅਹਿਮੀਅਤ ਅਸਲ ਵਿਚ ਇਸ ਮਾਮਲੇ ਬਾਰੇ ਇਸ ਤੋਂ ਵੀ ਕਿਤੇ ਅਹਿਮ ਅਤੇ ਬੁਨਿਆਦੀ ਸਵਾਲ, ਭਾਵ ਸਰਕਾਰ ਦੇ ਇਸ ਫ਼ੈਸਲੇ ਪਿੱਛੇ ਕੰਮ ਕਰਦੀ ਵਿਚਾਰਧਾਰਾ ਅਤੇ ਇਸ ਦੇ ਸੰਭਾਵੀ ਅਸਰਾਂ ਨੂੰ ਨਜ਼ਰਅੰਦਾਜ਼ ਕਰਨ ਵਾਲੀ ਗੱਲ ਹੈ। ਸਰਕਾਰ ਦੇ ਕਸ਼ਮੀਰ ਬਾਰੇ ਫ਼ੈਸਲੇ ਨੂੰ ਸੇਧ ਦੇਣ ਵਾਲੀ ਵਿਚਾਰਧਾਰਾ ਦੀ ਅਹਿਮੀਅਤ ਉਸ ਸੂਰਤ 'ਚ ਵੀ ਕਾਇਮ ਰਹੇਗੀ, ਜੇ ਕਿਤੇ ਸੁਪਰੀਮ ਕੋਰਟ ਸਰਕਾਰ ਖ਼ਿਲਾਫ਼ ਫ਼ੈਸਲਾ ਦਿੰਦਾ ਹੈ, ਹਾਲਾਂਕਿ ਮੇਰੇ ਖ਼ਿਆਲ 'ਚ ਇਸ ਦੀ ਸੰਭਾਵਨਾ ਨਹੀਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇ ਸੁਪਰੀਮ ਕੋਰਟ ਦਾ ਫ਼ੈਸਲਾ ਸਰਕਾਰ ਖ਼ਿਲਾਫ਼ ਜਾਂਦਾ ਹੈ ਤਾਂ ਇਹ ਸਰਕਾਰ ਦੇ ਏਜੰਡੇ ਲਈ ਭਾਰੀ ਝਟਕਾ ਹੋਵੇਗਾ, ਭਾਵੇਂ ਇਹ ਆਰਜ਼ੀ ਹੀ ਹੋਵੇ।

ਇਸ ਸਬੰਧੀ ਸਰਕਾਰ ਦੇ ਏਜੰਡੇ ਨੂੰ ਇਸ ਫ਼ੈਸਲੇ ਪਿੱਛੇ ਕੰਮ ਕਰਦੀਆਂ ਵਿਚਾਰਧਾਰਕ ਜੜ੍ਹਾਂ ਦੀ ਥਾਹ ਪਾ ਕੇ ਹੀ ਸਮਝਿਆ ਜਾ ਸਕਦਾ ਹੈ। ਹਿੰਦੋਸਤਾਨ ਦੀ ਵੰਡ ਤੋਂ ਪਹਿਲਾਂ, ਭਾਰਤ ਬਾਰੇ ਦੋ ਤਰ੍ਹਾਂ ਦੇ ਤਸੱਵੁਰ ਚੱਲ ਰਹੇ ਸਨ। ਇਕ ਸੀ ਅਜਿਹੇ ਆਜ਼ਾਦ ਭਾਰਤ ਦਾ ਤਸੱਵੁਰ ਜਿਸ ਵਿਚ ਕੇਂਦਰ ਤਾਲਮੇਲ ਵਾਲੀ ਭੂਮਿਕਾ ਵਿਚ ਹੋਵੇ ਅਤੇ ਵੱਖ ਵੱਖ ਖਿੱਤਿਆਂ ਕੋਲ ਵੱਧ ਅਖ਼ਤਿਆਰ ਹੋਣ। ਇਸ ਤਸੱਵੁਰ ਨੂੰ 1946 ਵਿਚ ਕੈਬਨਿਟ ਮਿਸ਼ਨ ਤਜਵੀਜ਼ਾਂ ਵਿਚ ਚਿਤਵਿਆ ਗਿਆ। ਇਹ ਤਸੱਵੁਰ ਇਸ ਸਮਝ ਉਤੇ ਆਧਾਰਿਤ ਸੀ ਕਿ ਬ੍ਰਿਟਿਸ਼ ਹਕੂਮਤ ਨੇ 1857 ਵਿਚ ਹਿੰਦੋਸਤਾਨ ਨੂੰ ਆਪਣੇ ਅਧਿਕਾਰ ਵਿਚ ਲੈਣ ਤੋਂ ਬਾਅਦ ਇਸ ਨੂੰ ਜਿਵੇਂ ਕਾਇਮ ਕੀਤਾ, ਉਸ ਸਦਕਾ ਇਹ ਇਲਾਕੇ ਪੱਖੋਂ ਬੜਾ ਵੱਡਾ ਮੁਲਕ ਬਣ ਗਿਆ। ਇਸ ਇਲਾਕੇ ਵਿਚ ਉਹ ਖਿੱਤੇ ਵੀ ਸ਼ਾਮਲ ਸਨ ਜਿਹੜੇ ਬ੍ਰਿਟਿਸ਼ ਕਬਜ਼ੇ ਤੋਂ ਪਹਿਲਾਂ ਆਜ਼ਾਦ ਪ੍ਰਭੂਤਾ ਵਾਲੇ ਸਨ।

ਇਤਿਹਾਸ ਦਾ ਇਕ ਵਿਅੰਗਾਤਮਕ ਗੇੜ ਇਹੋ ਜਿਹਾ ਹੈ ਕਿ ਇਨ੍ਹਾਂ ਵੱਖੋ-ਵੱਖ ਇਲਾਕਿਆਂ ਨੂੰ ਬਸਤੀਵਾਦੀ ਢੰਗ ਨਾਲ ਦਬਾ ਕੇ ਪ੍ਰਸ਼ਾਸਕੀ ਤੌਰ 'ਤੇ ਆਪਸ ਵਿਚ ਜੁੜੀ ਹੋਈ ਬਣਤਰ ਪੈਦਾ ਕੀਤੀ ਗਈ, ਜਿਸ ਨੇ ਬਾਅਦ ਵਿਚ ਇਸ ਬਸਤੀਵਾਦੀ ਦਮਨ ਉਤੇ ਸਵਾਲ ਖੜ੍ਹਾ ਕੀਤਾ। ਇਸ ਭੂਗੋਲਿਕ ਬਣਤਰ ਵਿਚ ਅਜਿਹੇ ਲੋਕ ਵਸੇ ਸਨ, ਜਿਹੜੇ ਧਾਰਮਿਕ, ਭਾਸ਼ਾਈ, ਨਸਲੀ ਅਤੇ ਸੱਭਿਆਚਾਰਕ ਆਧਾਰਾਂ ਉਤੇ ਬਹੁਤ ਹੀ ਵੰਨ-ਸਵੰਨਤਾ ਵਾਲੇ ਸਨ। ਅਜਿਹੇ ਬਹੁਤ ਹੀ ਭਿੰਨਤਾਵਾਂ ਵਾਲੇ ਲੋਕਾਂ, ਜਿਨ੍ਹਾਂ ਨੂੰ ਇਤਿਹਾਸ ਨੇ ਇਕੱਠੇ ਕਰ ਦਿੱਤਾ ਸੀ, ਲਈ ਸ਼ਾਸਨ-ਪ੍ਰਣਾਲੀ ਦੀ ਤਰਕ ਸੰਗਤ ਢੰਗ ਨਾਲ ਅਜਿਹੀ ਤਰਜ਼ ਹੀ ਢੁਕਵੀਂ ਹੋ ਸਕਦੀ ਸੀ, ਜਿਹੜੀ ਉਸ ਵੰਨ-ਸਵੰਨਤਾ ਨੂੰ ਮਾਨਤਾ ਦਿੰਦੀ ਤੇ ਉਨ੍ਹਾਂ ਵੰਨ-ਸਵੰਨਤਾਵਾਂ ਨੂੰ ਥਾਂ ਦੇਣ ਲਈ ਖੁੱਲ੍ਹ ਤੇ ਢਿੱਲ ਦਿੰਦੀ। ਖ਼ਿਤਾਵਾਂ ਨੂੰ ਸਮਾਉਣ ਦਾ ਇਹ ਤਸੱਵੁਰ ਇਸ ਵੰਨ-ਸਵੰਨੀ ਭੂਗੋਲਿਕ ਬਣਤਰ ਵਿਚ ਮੌਜੂਦ ਬਹੁਤ ਸਾਰੇ ਵਿਗਾੜਾਂ ਕਾਰਨ ਸਫਲ ਨਹੀਂ ਹੋਇਆ। ਇਨ੍ਹਾਂ ਵਿਚੋਂ ਇਕ ਭਾਵ ਧਰਮ ਦੇ ਪ੍ਰਭਾਵ ਨੇ ਬਾਕੀ ਸਭ ਪ੍ਰਭਾਵਾਂ, ਜਿਹੜੇ ਇਸ ਬਣਤਰ ਨੂੰ ਇੱਕਮੁੱਠ ਰੱਖਦੇ ਸਨ, ਉਤੇ ਆਪਣਾ ਗ਼ਲਬਾ ਪਾ ਲਿਆ। ਇਥੇ ਧਾਰਮਿਕ ਪ੍ਰਭਾਵ ਨੂੰ ਭਾਰੀ ਤਾਕਤ ਦੇਣਾ ਕਿਵੇਂ ਵੀ ਜ਼ਰੂਰੀ ਨਹੀਂ ਸੀ- ਇਹ ਅਸਲ ਵਿਚ ਮਹਿਜ਼ ਕੁਝ ਖ਼ਾਸ ਤਰ੍ਹਾਂ ਦੀਆਂ ਮਿਲੀਆਂ-ਜੁਲੀਆਂ ਤਾਕਤਾਂ ਦਾ ਸਮੂਹ ਸੀ, ਜਿਹੜੀਆਂ ਉਦੋਂ ਸਿਸਟਮ 'ਤੇ ਹਾਵੀ ਸਨ।



ਇਸ ਦੇ ਸਿੱਟੇ ਵਜੋਂ ਬਣਤਰ ਦੀ ਦੋ ਆਜ਼ਾਦ ਮੁਲਕਾਂ ਭਾਰਤ ਅਤੇ ਪਾਕਿਸਤਾਨ ਵਿਚ ਵੰਡ ਹੋ ਗਈ - ਇਕ ਪਾਸੇ ਇਹ ਸ਼ਾਸਨ-ਪ੍ਰਣਾਲੀ ਦੇ ਨਵੇਂ ਤਜਰਬਿਆਂ ਦੀ ਹਾਮੀ ਭਰਦੇ ਜਾਪਦੇ ਸਨ ਤੇ ਦੂਜੇ ਪਾਸੇ ਏਕਤਾ ਦੇ ਵਾਅਦਿਆਂ ਦੀ ਝੂਠੀ ਸਿਰਜਣਾ। ਵਾਅਦਾ ਛੇਤੀ ਹੀ ਝੂਠਾ ਸਾਬਤ ਹੋਇਆ ਅਤੇ ਜਿਥੋਂ ਤੱਕ ਝੂਠ ਦਾ ਸਵਾਲ ਸੀ, ਇਸ ਦਾ ਪਰਦਾਫ਼ਾਸ਼ ਪਹਿਲਾਂ ਪਾਕਿਸਤਾਨ ਦੇ ਮਾਮਲੇ ਵਿਚ ਹੋਇਆ, ਜਦੋਂ ਧਾਰਮਿਕ ਆਧਾਰ ਉਤੇ ਬਣੀ ਹੋਈ ਬਣਤਰ ਵਿਚਲੇ ਭਾਸ਼ਾਈ ਵਿਗਾੜ ਨੇ ਇਸ ਨੂੰ ਵੰਡਿਆ ਅਤੇ 1971 ਵਿਚ ਬੰਗਲਾ ਭਾਸ਼ਾ 'ਤੇ ਆਧਾਰਿਤ ਬੰਗਲਾਦੇਸ਼ ਦਾ ਜਨਮ ਹੋਇਆ। ਜਦੋਂ 1947 ਵਿਚ ਹਿੰਦੋਸਤਾਨ ਦੀ ਧਰਮ ਦੇ ਆਧਾਰ 'ਤੇ ਵੰਡ ਹੋਈ, ਤਾਂ ਭਾਰਤੀ ਸਿਆਸੀ ਲੀਡਰਸ਼ਿਪ ਦੇ ਮਨ ਵਿਚਲਾ ਸੋਚਾਂ ਦਾ ਪੈਂਡੂਲਮ ਜ਼ੋਰਦਾਰ ਢੰਗ ਨਾਲ ਕੇਂਦਰੀਕਰਨ ਦੇ ਪੱਖ ਵਿਚ ਝੁਕ ਗਿਆ ਅਤੇ ਵਿਕੇਂਦਰੀਕਰਨ ਦੇ ਤਸੱਵੁਰ ਤੋਂ ਬੜੀ ਦੂਰ ਚਲਾ ਗਿਆ। ਭਾਰਤ ਦੀ ਇਕ ਰਾਸ਼ਟਰ ਜਾਂ ਘੱਟ ਜ਼ੋਰ ਲਾ ਕੇ ਆਖੀਏ ਤਾਂ 'ਭਾਰਤ ਦੀ ਇਕ ਉੱਸਰ ਰਹੇ ਰਾਸ਼ਟਰ' ਵਜੋਂ ਵਿਚਾਰਧਾਰਕ ਉਸਾਰੀ ਨੂੰ ਜ਼ਿਆਦਾ ਅਹਿਮੀਅਤ ਮਿਲਣੀ ਸ਼ੁਰੂ ਹੋ ਗਈ। ਕੇਂਦਰੀਕਰਨ ਵਾਲਾ ਇਹ ਤਸੱਵੁਰ, ਭਾਰਤੀ ਸੰਵਿਧਾਨ ਦੀ ਰਚਨਾ ਅਤੇ ਸ਼ਾਸਨ-ਪ੍ਰਣਾਲੀ ਦੇ ਸਿਆਸੀ ਸੱਭਿਆਚਾਰ ਦੀ ਮੁੱਖ ਖ਼ੂਬੀ ਬਣ ਗਿਆ, ਜਦੋਂਕਿ ਇਹ ਇਸ ਤੋਂ ਪਹਿਲਾਂ ਦੇ ਤਸੱਵੁਰ ਦੇ ਬਿਲਕੁਲ ਉਲਟ ਸੀ, ਕਿਉਂਕਿ ਪਹਿਲਾ ਤਸੱਵੁਰ ਇਨ੍ਹਾਂ ਵੰਨ-ਸਵੰਨਤਾਵਾਂ ਨੂੰ ਮਾਨਤਾ ਦਿੰਦਾ ਤੇ ਸਤਿਕਾਰਦਾ ਸੀ। ਇਹ ਬਹੁਤ ਸਾਰੀਆਂ ਵੰਨ-ਸਵੰਨਤਾਵਾਂ ਦੀ ਬੁਨਿਆਦ ਉਤੇ ਵਿਆਪਕ ਕੇਂਦਰੀਕ੍ਰਿਤ ਢਾਂਚਾ ਉਸਾਰੇ ਜਾਣ ਦਾ ਮਾਮਲਾ ਸੀ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਇਨ੍ਹਾਂ ਵੰਨ-ਸਵੰਨਤਾਵਾਂ ਤੋਂ ਇੰਨੇ ਡਰੇ ਹੋਏ ਸਨ ਕਿ ਉਨ੍ਹਾਂ ਨੂੰ ਜਾਪਦਾ ਸੀ ਕਿ ਇਨ੍ਹਾਂ ਕਾਰਨ ਇਕਮੁੱਠ ਭਾਰਤੀ ਰਾਸ਼ਟਰੀਅਤਾ (ਕੌਮੀਅਤ) ਸਿਰਜਣ ਦਾ ਉਨ੍ਹਾਂ ਦਾ ਸੁਪਨਾ ਟੁੱਟ ਸਕਦਾ ਹੈ ਤੇ ਇਸ ਕਾਰਨ ਸਭ ਤੋਂ ਪਹਿਲਾਂ ਉਨ੍ਹਾਂ ਭਾਰਤ ਦੇ ਭਾਸ਼ਾਈ ਆਧਾਰ ਉਤੇ ਪੁਨਰਗਠਨ ਦਾ ਵਿਰੋਧ ਕੀਤਾ, ਹਾਲਾਂਕਿ ਉਨ੍ਹਾਂ ਦੀ ਹੀ ਕਾਂਗਰਸ ਪਾਰਟੀ ਨੇ ਆਜ਼ਾਦੀ ਤੋਂ ਪਹਿਲਾਂ ਇਹ ਵਾਅਦਾ ਕੀਤਾ ਸੀ। ਉਨ੍ਹਾਂ ਦਾ ਵਿਰੋਧ ਉਦੋਂ ਸਾਹਮਣੇ ਆਇਆ ਜਦੋਂ ਭਾਸ਼ਾਈ ਆਧਾਰ 'ਤੇ ਮਹਾਰਾਸ਼ਟਰ, ਗੁਜਰਾਤ, ਤਾਮਿਲ ਨਾਡੂ, ਆਂਧਰਾ ਪ੍ਰਦੇਸ਼ ਆਦਿ ਸੂਬਿਆਂ ਦੀ ਕਾਇਮੀ ਲਈ ਅੰਦੋਲਨ ਸਿਰ ਚੁੱਕਣ ਲੱਗੇ। ਫਿਰ ਇਨ੍ਹਾਂ ਸੂਬਿਆਂ ਵਿਚ ਚੱਲੀਆਂ ਜ਼ੋਰਦਾਰ ਜਨਤਕ ਮੁਹਿੰਮਾਂ ਕਾਰਨ ਜਦੋਂ ਉਹ ਆਖ਼ਰ ਭਾਸ਼ਾਈ ਸੂਬਿਆਂ ਦੀ ਕਾਇਮੀ ਲਈ ਰਾਜ਼ੀ ਹੋਏ, ਤਾਂ ਇੰਜ ਸੀ ਜਿਵੇਂ ਉਨ੍ਹਾਂ ਨੂੰ ਜ਼ਹਿਰ ਪੀਣ ਲਈ ਮਜਬੂਰ ਕੀਤਾ ਗਿਆ ਹੋਵੇ। ਉਨ੍ਹਾਂ ਸਭ ਤੋਂ ਵੱਧ ਵਿਰੋਧ ਪੰਜਾਬੀ ਭਾਸ਼ੀ ਸੂਬੇ ਦੀ ਕਾਇਮੀ ਦਾ ਕੀਤਾ ਤੇ ਆਖ਼ਰ ਬਹੁਭਾਸ਼ੀ ਪੰਜਾਬ ਵਿਚੋਂ ਪੰਜਾਬੀ ਭਾਸ਼ੀ ਸੂਬਾ ਵੱਖ ਕਰਨ ਦੇ ਹਾਲਾਤ ਉਨ੍ਹਾਂ ਦੀ ਮੌਤ ਤੋਂ ਬਾਅਦ ਹੀ ਬਣੇ। ਉਨ੍ਹਾਂ ਦਾ ਕੇਂਦਰੀਕਰਨ ਪ੍ਰਤੀ ਇਹ ਵਿਚਾਰਧਾਰਕ ਜਨੂਨ ਹੀ ਸੂਬਿਆਂ ਦੇ ਭਾਸ਼ਾਈ ਪੁਨਰਗਠਨ ਲਈ ਉਨ੍ਹਾਂ ਦੇ ਵਿਰੋਧ ਦਾ ਕਾਰਨ ਸੀ, ਕਿਉਂਕਿ ਉਨ੍ਹਾਂ ਨੂੰ ਭਾਰਤੀ ਰਾਸ਼ਟਰੀਅਤਾ ਕਾਇਮ ਕਰਨ ਲਈ ਕੇਂਦਰੀਕਰਨ ਸਭ ਤੋਂ ਜ਼ਰੂਰੀ ਜਾਪਦਾ ਸੀ। ਅਜੋਕੀ ਭਾਜਪਾ ਦਾ ਪਹਿਲਾ ਰੂਪ, ਭਾਵ ਜਨ ਸੰਘ ਵੀ ਮੁੱਖ ਤੌਰ 'ਤੇ ਇਸੇ ਵਜ੍ਹਾ ਤੋਂ ਸੂਬਿਆਂ ਦੇ ਭਾਸ਼ਾਈ ਬੁਨਿਆਦ ਉਤੇ ਪੁਨਰਗਠਨ ਦਾ ਵਿਰੋਧੀ ਸੀ, ਕਿਉਂਕਿ ਇਨ੍ਹਾਂ ਵੰਨ-ਸਵੰਨਤਾਵਾਂ ਨੂੰ ਮਾਨਤਾ ਦਿੱਤੇ ਜਾਣ ਨੂੰ ਇਕਮੁੱਠ ਭਾਰਤੀ ਰਾਸ਼ਟਰੀਅਤਾ ਲਈ ਖ਼ਤਰਾ ਸਮਝਿਆ ਜਾਂਦਾ ਸੀ। ਇਹੋ ਉਹ ਵਿਚਾਰਧਾਰਕ ਮਾਨਸਿਕਤਾ ਹੈ ਜਿਸ ਕਾਰਨ ਜਨ ਸੰਘ ਵੱਲੋਂ ਮੁੱਢ ਕਦੀਮ ਤੋਂ ਹੀ ਜੰਮੂ ਕਸ਼ਮੀਰ ਨੂੰ ਦਿੱਤੇ ਗਏ ਖ਼ਾਸ ਰੁਤਬੇ ਦਾ ਵਿਰੋਧ ਕੀਤਾ ਜਾਂਦਾ ਹੈ, ਜਦੋਂਕਿ ਨਹਿਰੂ ਨੇ ਇਤਿਹਾਸਕ ਹਾਲਾਤ ਕਾਰਨ ਇਸ ਲਈ ਹਾਮੀ ਭਰੀ ਸੀ। ਭਾਜਪਾ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਬੱਸ ਜਨ ਸੰਘ ਦੇ ਉਸ ਵਿਚਾਰਧਾਰਕ ਏਜੰਡੇ ਨੂੰ ਅੱਗੇ ਵਧਾ ਰਹੀ ਹੈ। ਕਾਂਗਰਸ ਅਤੇ ਭਾਜਪਾ ਵਿਚ ਅਨੇਕਾਂ ਮਤਭੇਦਾਂ ਦੇ ਬਾਵਜੂਦ ਦੋਹਾਂ ਦਰਮਿਆਨ ਇਹ ਮਜ਼ਬੂਤ ਵਿਚਾਰਧਾਰਕ ਰਿਸ਼ਤਾ ਹੈ ਕਿ ਦੋਵੇਂ ਪਾਰਟੀਆਂ ਭਾਰਤੀ ਰਾਸ਼ਟਰੀਅਤਾ ਦੀ ਮਜ਼ਬੂਤੀ ਲਈ ਮਜ਼ਬੂਤ ਕੇਂਦਰੀਕਰਨ ਨੂੰ ਅਹਿਮ ਮੰਨਦੀਆਂ ਹਨ।

ਡੂੰਘੀਆਂ ਜੜ੍ਹਾਂ ਜਮਾਈ ਬੈਠੇ ਇਸੇ ਵਿਚਾਰਧਾਰਕ ਰਿਸ਼ਤੇ ਕਾਰਨ ਹੀ ਕਾਂਗਰਸ ਪਾਰਟੀ ਦੇ ਕੁਝ ਮੋਹਰੀ ਆਗੂਆਂ ਜਿਵੇਂ ਜਯੋਤਿਰਦਿਤਿਆ ਸਿੰਧੀਆ, ਜਨਾਰਦਨ ਦਿਵੇਦੀ, ਭੁਵਨੇਸ਼ਵਰ ਕਾਲਿਤਾ ਆਦਿ ਨੇ ਬੇਝਿਜਕ ਹੋ ਕੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੇ ਕਸ਼ਮੀਰ ਬਾਰੇ ਇਸ ਕਦਮ ਦੀ ਹਮਾਇਤ ਕੀਤੀ ਹੈ।

**ਪ੍ਰੋ. ਪ੍ਰੀਤਮ ਸਿੰਘ**








# ਕੁੜੀਆਂ 'ਚ ਵੱਧ ਰਿਹਾ ਨਸ਼ੇ ਦਾ ਰੁਝਾਨ

ਬੀ.ਬੀ.ਸੀ. ਨੇ 23 ਨਵੰਬਰ 2018 ਨੂੰ ਉਸ ਸਮੇਂ ਦੇ ਸਿਹਤ ਮੰਤਰੀ ਸ੍ਰੀ ਬ੍ਰਹਮ ਮਹਿੰਦਰਾ ਦਾ ਬਿਆਨ ਜਾਰੀ ਕੀਤਾ ਸੀ, ਪੰਜਾਬ ਵਿਚ ਨਸ਼ਾ ਬਹੁਤ ਘੱਟ ਰਹਿ ਗਿਆ ਹੈ। ਜਦੋਂ ਪੱਤਰਕਾਰ ਨੇ ਅਗਲਾ ਸਵਾਲ ਪੁੱਛਿਆ ਕਿ ਕਿਉਂ ਸੰਨ 2018 ਵਿਚ ਪਿਛਲੇ ਸਾਲਾਂ ਨਾਲੋਂ ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਮੌਤਾਂ ਵਿਚ ਵਾਧਾ ਹੋਇਆ ਹੈ ਤੇ ਕਿਉਂ ਕੁੜੀਆਂ ਵਿਚ ਵੀ ਨਸ਼ੇ ਦਾ ਰੁਝਾਨ ਵਧਣ ਲੱਗ ਪਿਆ ਹੈ, ਤਾਂ ਉਹ ਜਵਾਬ ਦੇਣ ਤੋਂ ਇਨਕਾਰੀ ਹੋ ਗਏ।

ਆਲ ਇੰਡੀਆ ਇੰਸਟੀਚਿਊਟ ਦਿੱਲੀ ਵੱਲੋਂ ਸੰਨ 2015 ਵਿਚ ਜਾਰੀ ਕੀਤੀ ਰਿਪੋਰਟ ਅਨੁਸਾਰ ਉਸ ਸਮੇਂ ਪੰਜਾਬ ਵਿਚ 2 ਲੱਖ ਤੋਂ ਵੱਧ ਨਸ਼ੇੜੀ ਸਨ ਜਿਨ੍ਹਾਂ ਵਿੱਚੋਂ ਬਹੁਤ ਜਣਿਆਂ ਦੇ ਟੱਬਰ ਬੇਬਸੀ ਵਿਚ ਉਨ੍ਹਾਂ ਦੀ ਮਰਨ ਦੀ ਉਡੀਕ ਕਰ ਰਹੇ ਸਨ।

ਲੁਧਿਆਣਾ ਦੇ ਪੁਲਿਸ ਕਮਿਸ਼ਨਰ ਸੁਖਚੈਨ ਸਿੰਘ ਜੀ ਨੇ ਉਦੋਂ ਮੰਨਿਆ ਸੀ ਸ਼ਹਿਰਾਂ ਵਿਚ ਦਵਾਈਆਂ ਦੀਆਂ ਦੁਕਾਨਾਂ ਉੱਤੇ ਨਸ਼ੇ ਦੀਆਂ ਸ਼ੀਸ਼ੀਆਂ ਵਿਕ ਰਹੀਆਂ ਹਨ ਤੇ ਪਿੰਡਾਂ ਵਿਚ ਅਫ਼ੀਮ, ਭੰਗ ਤੇ ਹੈਰੋਇਨ ਵਿਕ ਰਹੇ ਹਨ।

ਇੱਕ ਭਾਰਤੀ ਇੰਟੈਲੀਜੈਂਸ ਅਫ਼ਸਰ ਨੇ ਮੰਨਿਆ ਕਿ ਬਾਰਡਰ ਪਾਰ ਤੋਂ ਖੇਤਾਂ ਵਿਚ ਪੈਕਟ ਸੁੱਟ ਦਿੱਤੇ ਜਾਂਦੇ ਹਨ ਜਿੱਥੋਂ ਕਿਸਾਨ ਇਨ੍ਹਾਂ ਨੂੰ ਚੁੱਕ ਕੇ ਆਪਣੇ ਘਰ ਲੈ ਆਉਂਦੇ ਹਨ। ਘਰ ਲਿਆਉਣ ਲਈ ਆਪਣੇ ਸੰਦਾਂ ਨੂੰ ਖੋਖਲੇ ਕਰ ਕੇ ਨਸ਼ੇ ਦੇ ਪੈਕਟ ਭਰ ਲਏ ਜਾਂਦੇ ਹਨ ਤੇ ਅੱਗੋਂ ਵਪਾਰੀ ਆਪਣੇ ਕੋਰੀਅਰ ਰਾਹੀਂ ਇਨ੍ਹਾਂ ਨੂੰ ਅਗਾਂਹ ਤੋਰ ਦਿੰਦੇ ਹਨ।

ਇਸ ਸਾਰੇ ਵਰਤਾਰੇ ਵਿਚ ਕਿਸੇ ਨੂੰ ਇੱਕ ਦੂਜੇ ਦਾ ਨਾਂ ਪਤਾ ਨਹੀਂ ਹੁੰਦਾ। ਸਿਰਫ਼ ਕਿਸੇ ਨੰਬਰ ਜਾਂ ਕਿਸੇ ਸੁਣੇਹੇ ਨੂੰ ਹੀ ਆਧਾਰ ਬਣਾ ਕੇ ਕੰਮ ਕੀਤਾ ਜਾਂਦਾ ਹੈ।

ਜੂਨ 2016 ਵਿਚ ਪਾਰਲੀਮੈਂਟ ਵਿਚ ਕਿਰਨ ਰਿਜੀਜੂ ਨੇ ਮੰਨਿਆ ਸੀ ਕਿ ਬਹੁਤ ਸਾਰੇ ਪੁਲਿਸ ਕਰਮੀ ਤੇ ਕੁੱਝ ਫੌਜ ਵਿਚਲੇ ਬੰਦੇ ਵੀ ਇਸ ਨਸ਼ੇ ਦੇ ਕਾਰੋਬਾਰ ਵਿਚ ਸ਼ਾਮਲ ਹਨ ਤੇ 68 ਜਣੇ ਫੜੇ ਵੀ ਜਾ ਚੁੱਕੇ ਹਨ।

ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਈਂਸਿਸ ਦਿੱਲੀ ਨੇ ਆਪਣੀ ਖੋਜ ਰਾਹੀਂ ਪੁਸ਼ਟੀ ਕੀਤੀ ਹੈ ਕਿ ਵੱਡੀ ਗਿਣਤੀ ਕੁੜੀਆਂ ਵੀ ਨਸ਼ੇ ਦੀ ਲੱਤ ਪਾਲ ਚੁੱਕੀਆਂ ਹਨ। ਬਹੁਤੀਆਂ ਆਪਣੇ ਆਪ ਨੂੰ ਅਗਾਂਹ ਵਧੂ ਸਾਬਤ ਕਰਨ ਦੇ ਚੱਕਰ ਵਿਚ, ਹਾਣੀਆਂ ਵੱਲੋਂ ਪਏ ਦਬਾਓ ਜਾਂ ਵੈਸੇ ਹੀ ਸ਼ੌਕੀਆ ਇਸ ਪਾਸੇ ਵੱਲ ਧੱਕੀਆਂ ਜਾਂਦੀਆਂ ਹਨ ਤੇ ਫੇਰ ਉਨ੍ਹਾਂ ਕੋਲੋਂ ਇਹ ਲੱਤ ਛੁਟਦੀ ਨਹੀਂ। ਲੋਕ ਮੁੰਡਿਆਂ ਦੇ ਇਲਾਜ ਲਈ ਤਾਂ ਫਿਰ ਵੀ ਅਗਾਂਹ ਆ ਜਾਂਦੇ ਹਨ ਪਰ ਕੁੜੀਆਂ ਨੂੰ ਸਮਾਜਿਕ ਸ਼ਰਮ ਸਦਕਾ ਬਹੁਤੀ ਵਾਰ ਇਲਾਜ ਕਰਵਾਉਣ ਲਈ ਵੀ ਨਹੀਂ ਲਿਜਾਇਆ ਜਾਂਦਾ।

ਸ਼ਰਾਬ ਨੂੰ ਤਾਂ ਅੱਜ ਕੱਲ ਫੈਸ਼ਨ ਮੰਨ ਕੇ ਜਾਂ ਰਿਵਾਜ਼ ਦੀ ਤੌਰ 'ਤੇ ਹੀ ਬਹੁਤ ਘਰਾਂ ਵਿਚ ਜਾਂ ਹੋਟਲਾਂ ਵਿਚ ਔਰਤਾਂ ਤੇ ਬੱਚੀਆਂ ਨੂੰ ਆਮ ਹੀ ਪੀਂਦੇ ਵੇਖਿਆ ਜਾ ਸਕਦਾ ਹੈ, ਇਹ ਜਾਣੇ ਬਗ਼ੈਰ ਕਿ ਸ਼ਰਾਬ ਔਰਤਾਂ ਦੇ ਜਿਗਰ ਉੱਤੇ ਛੇਤੀ ਤੇ ਵੱਧ ਨੁਕਸਾਨ ਕਰਦੀ ਹੈ ਕਿਉਂਕਿ ਉਨ੍ਹਾਂ ਦੇ ਸਰੀਰ ਵਿਚ ਐਲਕੋਹਲ ਡੀਹਾਈਡਰੋਜੀਨੇਜ਼ ਰਸ ਘੱਟ ਹੁੰਦਾ ਹੈ।

ਜਲੰਧਰ ਦੀ ਜਸਮੀਤ, ਜੋ ਘਰਾਂ ਵਿਚ ਕੰਮ ਕਰਦੀ ਹੈ, ਨੇ ਮੰਨਿਆ ਹੈ ਕਿ ਸੰਨ 2014 ਤੋਂ ਉਹ ਕਪੂਰਥਲੇ ਦੇ ਡੀਅਡਿਕਸ਼ਨ ਸੈਂਟਰ ਵਿਚ ਆਪਣੇ ਪਤੀ ਤੇ ਨਾਬਾਲਗ ਬੇਟੀ ਨੂੰ ਲੈ ਕੇ ਜਾ ਰਹੀ ਹੈ ਕਿਉਂਕਿ ਉਨ੍ਹਾਂ ਤੋਂ ਹੁਣ ਨਸ਼ਾ ਛੱਡਿਆ ਹੀ ਨਹੀਂ ਜਾ ਰਿਹਾ। ਉਸ ਨੂੰ ਸਭ ਤੋਂ ਪਹਿਲਾਂ ਉਸ ਦੀ ਧੀ ਨੇ ਹੀ ਥੱਕੀ ਰਹਿੰਦੀ ਨੂੰ ਵੇਖ ਕੇ ਉਸ ਨੂੰ ਹੈਰੋਇਨ ਦਾ ਟੀਕਾ ਲਵਾਉਣ ਦੀ ਸਲਾਹ ਦਿੱਤੀ ਸੀ। ਉਸ ਟੀਕੇ ਨਾਲ ਉਸ ਦੀ ਥਕਾਵਟ ਝਟਪਟ ਲਹਿ ਗਈ ਤੇ ਉਸ ਨੇ ਅਗਲੇ ਦਿਨ ਕੰਮ ਵੀ ਝਟਪਟ ਮੁਕਾ ਲਿਆ। ਚੌਥੇ ਦਿਨ ਜਦ ਟੀਕਾ ਨਹੀਂ ਲਾਇਆ ਤਾਂ ਉਸ ਨੂੰ ਸਰੀਰ ਟੁੱਟਿਆ ਭੱਜਿਆ ਜਾਪਿਆ। ਮਜਬੂਰੀ ਵਿਚ ਫਿਰ ਟੀਕਾ ਲਵਾਇਆ। ਹੌਲੀ-ਹੌਲੀ ਪਤੀ ਵੀ ਇਸੇ ਪਾਸੇ ਪੈ ਗਿਆ। ਨਸ਼ੇ ਵਾਲੇ ਪਾਸੇ ਸਾਰੇ ਟੱਬਰ ਨੂੰ ਧੱਕਣ ਵਾਲੀ ਨਾਬਾਲਗ ਧੀ ਸੀ। ਉਸ ਦੀ ਧੀ ਪਹਿਲਾਂ ਤੋਂ ਹੀ ਆਪਣੀਆਂ ਕਈ ਸਹੇਲੀਆਂ ਨਾਲ ਬਹਿ ਕੇ ਟੀਕਾ ਲਾਉਂਦੀ ਹੁੰਦੀ ਸੀ। ਉਸ ਦੀਆਂ ਸਹੇਲੀਆਂ ਨੂੰ ਇੱਕ ਏਜੰਟ ਹੈਰੋਇਨ ਮੁਹੱਈਆ ਕਰਵਾ ਰਿਹਾ ਸੀ। ਉੱਥੋਂ ਹੀ ਪਤਾ ਲੱਗਿਆ ਕਿ ਅਜਿਹੀਆਂ ਕੁੜੀਆਂ ਦੇ ਢੇਰਾਂ ਦੇ ਢੇਰ ਗਰੁੱਪ ਹਨ ਜੋ ਕਾਕਟੇਲ ਤੇ ਹੋਰ ਕਈ ਤਰ੍ਹਾਂ ਦੇ ਵੱਖੋ-ਵੱਖ ਨਸ਼ਿਆਂ ਨੂੰ ਅਜ਼ਮਾ ਰਹੀਆਂ ਸਨ ਤੇ ਆਦੀ ਵੀ ਬਣ ਚੁੱਕੀਆਂ ਸਨ। ਕਈ ਘਰਾਂ ਵਿਚ ਭਰਾਵਾਂ ਨੇ ਆਪਣੀਆਂ ਭੈਣਾਂ ਨੂੰ ਲਤ ਲਾਈ ਸੀ ਤੇ ਕਈ ਥਾਈਂ ਮਾਵਾਂ ਨੂੰ ਵੇਖ ਕੇ ਨੌਜਵਾਨ ਬੱਚੀਆਂ ਇਸ ਪਾਸੇ ਧੱਕੀਆਂ ਗਈਆਂ ਸਨ।

ਜਸਮੀਤ ਮੰਨੀ ਕਿ ਪਹਿਲਾਂ ਉਸ ਨੇ ਘਰ ਦੀਆਂ ਚੀਜ਼ਾਂ ਵੇਚੀਆਂ, ਫੇਰ ਸੋਨੇ ਦੀਆਂ ਵਾਲੀਆਂ ਵੇਚੀਆਂ ਤੇ ਫੇਰ ਮਜਬੂਰੀ ਵਿਚ ਉਨ੍ਹਾਂ ਘਰਾਂ ਵਿਚ ਚੋਰੀ ਕਰਨ ਲੱਗੀ ਜਿੱਥੇ ਉਹ ਕੰਮ ਕਰਦੀ ਸੀ।

ਫੇਰ ਉਸ ਦੀ ਧੀ ਦਾ ਵਿਆਹ ਹੋ ਗਿਆ ਪਰ ਰੀਹੈਬਿਲੀਟੇਸ਼ਨ ਸੈਂਟਰ ਵਿੱਚੋਂ ਲਈ ਮੈਥਾਡੋਨ ਵੀ ਉਸ ਦੀ ਆਦਤ ਛੁਡਾ ਨਾ ਸਕੀ। ਅਖ਼ੀਰ ਅੱਗੋਂ ਉਸ ਦਾ ਬੇਟਾ ਵੀ ਜੰਮ ਪਿਆ। ਫੇਰ ਪਤੀ ਨੂੰ ਵੀ ਲਤ ਲਾ ਦਿੱਤੀ ਤੇ ਉਹ ਦੋਵੇਂ ਵੀ ਆਪਣੇ 18 ਮਹੀਨੇ ਦੇ ਬੱਚੇ ਨੂੰ ਲੈ ਕੇ ਹਸਪਤਾਲ ਨਸ਼ਾ ਛੁਡਾਉਣ ਆਉਣ ਲੱਗ ਪਏ।

ਯਾਨੀ ਨਾਨਾ ਨਾਨੀ ਦੀ ਆਪਣੇ ਦੋਹਤਰੇ ਨਾਲ ਮੁਲਾਕਾਤ ਨਸ਼ਾ ਛੁਡਾਊ ਕੇਂਦਰ ਵਿਚ ਹੀ ਹੋਣ ਲੱਗ ਪਈ।

ਇਸ ਤਰ੍ਹਾਂ ਦੀ ਕੋਈ ਇੱਕ ਟੱਬਰ ਦੀ ਕਹਾਣੀ ਨਹੀਂ ਹੈ। ਕੁੜੀਆਂ ਦੀ ਵਧਦੀ ਜਾਂਦੀ ਗਿਣਤੀ ਸਦਕਾ ਹੀ ਕਪੂਰਥਲੇ ਕੁੜੀਆਂ ਲਈ ਵੱਖ ਨਸ਼ਾ ਛੁਡਾਊ ਕੇਂਦਰ ਖੋਲ੍ਹਣਾ ਪਿਆ ਹੈ। ਇਸ ਤੋਂ ਇਲਾਵਾ 31 ਹੋਰ ਸਰਕਾਰੀ ਕੇਂਦਰਾਂ ਵਿਚ ਨਸ਼ਾ ਛੁਡਾਉਣ ਦਾ ਕੰਮ ਜਾਰੀ ਹੈ।

ਡਾ. ਸੰਦੀਪ ਭੋਲਾ, ਜੋ ਕਪੂਰਥਲੇ ਸੈਂਟਰ ਦੇ ਇੰਚਾਰਜ ਸਨ, ਨੇ ਮੰਨਿਆ ਕਿ ਕੁੱਝ ਸਰਕਾਰੀ ਸਕੂਲਾਂ ਦੀਆਂ ਅਧਿਆਪਿਕਾਵਾਂ ਵੀ ਨਸ਼ਿਆਂ ਦੀਆਂ ਆਦੀ ਹੋ ਚੁੱਕੀਆਂ ਹਨ ਤੇ ਅੱਗੋਂ ਉਨ੍ਹਾਂ ਦੀਆਂ ਕਈ ਸਹੇਲੀਆਂ ਵੀ ਇਸ ਪਾਸੇ ਪੈ ਚੁੱਕੀਆਂ ਹਨ। ਇਨ੍ਹਾਂ ਵਿੱਚੋਂ ਹੀ ਕਈ ਪੈਸੇ ਕਮਾਉਣ ਦੇ ਚੱਕਰ ਵਿਚ ਆਪ ਵੀ ਨਸ਼ਾ ਵੰਡਣ ਦੇ ਕਾਰੋਬਾਰ ਵਿੱਚ ਲੱਗ ਗਈਆਂ ਹਨ।

ਨਸ਼ਾ ਤਸਕਰਾਂ ਨੂੰ ਵੀ ਨਾਬਾਲਗ ਬੱਚੀਆਂ ਰਾਹੀਂ ਨਸ਼ਾ ਅਗਾਂਹ ਤੋਰਨਾ ਆਸਾਨ ਲੱਗਦਾ ਹੈ। ਇਸੇ ਲਈ ਉਨ੍ਹਾਂ ਨੂੰ ਰਤਾ ਕੁ ਚਟਾ ਕੇ ਬਿਨਾਂ ਕੋਈ ਪੈਸਾ ਧੇਲਾ ਦਿੱਤਿਆਂ ਆਪਣੇ ਕੰਮ ਨੂੰ ਵਧੀਆ ਤਰੀਕੇ ਤੋਰੀ ਜਾ ਰਹੇ ਹਨ। ਆਦੀ ਹੋਈਆਂ ਬੱਚੀਆਂ, ਆਪਣੀ 'ਡੋਜ਼' ਵਾਸਤੇ ਸਭ ਕੁੱਝ ਕਰਨ ਨੂੰ ਤਿਆਰ ਹੋ ਜਾਂਦੀਆਂ ਹਨ।

ਇਸ ਵੇਲੇ ਡਾਕਟਰਾਂ, ਪੁਲਿਸ ਕਰਮੀਆਂ ਤੇ ਸਰਕਾਰ ਲਈ ਸਿਰਦਰਦੀ ਬਣਿਆ ਨਸ਼ੇ ਦਾ ਵਪਾਰ ਨਾਬਾਲਗ ਬੱਚੀਆਂ ਰਾਹੀਂ ਪ੍ਰਫੁੱਲਿਤ ਹੋ ਰਿਹਾ ਹੈ ਜਿਨ੍ਹਾਂ ਦੀ ਗਿਣਤੀ ਦਾ ਅੰਦਾਜ਼ਾ ਹੀ ਨਹੀਂ ਲੱਗ ਰਿਹਾ ਕਿਉਂਕਿ ਵੱਡੀ ਗਿਣਤੀ ਮਾਪੇ ਸਮਾਜਿਕ ਸ਼ਰਮ ਸਦਕਾ ਇਹ ਗੱਲ ਬਾਹਰ ਕੱਢਦੇ ਹੀ ਨਹੀਂ ਤੇ ਨਾ ਹੀ ਇਲਾਜ ਕਰਵਾਉਣ ਲਈ ਬਾਹਰ ਨਿਕਲਦੇ ਹਨ। ਕੁੱਝ ਔਰਤਾਂ, ਜੋ ਖਾਣਾ ਬਣਾਉਣ ਦਾ ਕੰਮ ਕਰਦੀਆਂ ਹਨ ਤੇ ਆਪ ਆਦੀ ਵੀ ਹੋ ਚੁੱਕੀਆਂ ਹਨ, ਉਨ੍ਹਾਂ ਰਾਹੀਂ ਖਾਣ ਦੇ ਸਮਾਨ ਵਿਚ ਰਤਾ ਕੁ ਨਸ਼ਾ ਪੁਆ ਕੇ ਅਨੇਕ ਟੱਬਰਾਂ ਦੇ ਟੱਬਰ ਨਸ਼ੇ ਦੇ ਅਸਰ ਹੇਠ ਲਿਆਏ ਜਾ ਰਹੇ ਹਨ।

ਸੰਗੀਤਾ, ਜਿਸ ਦਾ ਪਤੀ ਟਰੱਕ ਡਰਾਈਵਰ ਹੈ, ਨੇ ਮੰਨਿਆ ਕਿ ਕਈ ਘਰਾਂ ਵਿਚ ਕੰਮ ਕਰਦਿਆਂ ਉਹ ਬਹੁਤ ਥੱਕ ਜਾਂਦੀ ਸੀ। ਫੇਰ ਉਸ ਦੀ ਧੀ ਨੇ ਹੀ ਉਸ ਨੂੰ ਇਕ ਦਿਨ ਹੈਰੋਇਨ ਦਾ ਟੀਕਾ ਲਾਇਆ ਤਾਂ ਉਸ ਨੂੰ ਚੰਗਾ ਮਹਿਸੂਸ ਹੋਇਆ। ਉਸ ਤੋਂ ਬਾਅਦ ਆਦਤ ਹੀ ਹੋ ਗਈ। ਘਰ ਜਦ ਕੁੱਝ ਨਾ ਬਚਿਆ ਤਾਂ ਨਸ਼ੇ ਦੇ ਵਪਾਰੀਆਂ ਵੱਲੋਂ ਜਬਰੀ ਜਿਸਮਾਨੀ ਸੰਬੰਧ ਬਣਾਉਣ 'ਤੇ ਜ਼ੋਰ ਪਾਇਆ ਗਿਆ। ਹੋਰ ਕੋਈ ਰਾਹ ਨਾ ਲੱਭਣ ਉੱਤੇ ਉਸ ਨੇ ਨਸ਼ੇ ਦੇ ਵਪਾਰੀਆਂ ਕੋਲੋਂ ਟੀਕਾ ਲੈਣ ਲਈ ਉਨ੍ਹਾਂ ਨਾਲ ਜਿਸਮਾਨੀ ਸੰਬੰਧ ਬਣਾਉਣੇ ਸ਼ੁਰੂ ਕਰ ਦਿੱਤੇ। ਤਿੰਨ ਕੁੜੀਆਂ ਤੇ ਇੱਕ ਮੁੰਡੇ ਦੀ ਮਾਂ ਸੰਗੀਤਾ ਹੁਣ ਨਸ਼ਾ ਛੁਡਾਊ ਕੇਂਦਰ ਦੇ ਗੇੜੇ ਕੱਢ ਰਹੀ ਹੈ। ਉਸ ਮੰਨਿਆ ਕਿ ਵੱਡੇ ਘਰਾਂ ਦੀਆਂ ਢੇਰਾਂ ਦੀਆਂ ਢੇਰ ਕੁੜੀਆਂ ਇਸ ਪਾਸੇ ਵੱਲ ਧੱਕੀਆਂ ਜਾ ਚੁੱਕੀਆਂ ਹਨ ਪਰ ਉਹ ਰੈਗੂਲਰ ਇਲਾਜ ਵਾਸਤੇ ਆ ਨਹੀਂ ਰਹੀਆਂ ਕਿਉਂਕਿ ਉਨ੍ਹਾਂ ਦੇ ਟੱਬਰਾਂ ਦੀ ਸਾਖ ਖ਼ਰਾਬ ਹੋਣ ਦਾ ਡਰ ਹੈ।

ਇੰਜ ਹੀ ਮੱਧ ਵਰਗੀ ਟੱਬਰਾਂ ਦੀਆਂ ਬਥੇਰੀਆਂ ਧੀਆਂ ਸ਼ੌਕੀਆ ਇਸ ਪਾਸੇ ਵੱਲ ਤੁਰੀਆਂ ਹੁਣ ਪੱਕੀ ਲਤ ਲਾ ਚੁੱਕੀਆਂ ਹਨ। ਕਈ ਤਾਂ ਏਨੇ ਵੱਖੋ-ਵੱਖ ਤਰ੍ਹਾਂ ਦੇ ਨਸ਼ੇ ਵਰਤ ਰਹੀਆਂ ਹਨ ਕਿ ਉਨ੍ਹਾਂ ਨੂੰ ਦਾਖ਼ਲ ਵੀ ਕਰਵਾਉਣਾ ਪਿਆ ਹੈ। ਇਹ ਸਾਰੀ ਜਾਣਕਾਰੀ ਗੁਪਤ ਰੱਖੀ ਗਈ ਹੈ ਕਿਉਂਕਿ ਮਾਪੇ ਇਸ ਬਾਰੇ ਚੁੱਪ ਧਾਰੀ ਬੈਠੇ ਹਨ ਕਿ ਜੇ ਰਤਾ ਵੀ ਬਾਹਰ ਖ਼ਬਰ ਨਿਕਲੀ ਤਾਂ ਉਹ ਇਲਾਜ ਕਰਵਾਉਣੋਂ ਹਟ ਜਾਣਗੇ।

ਰਿੰਪੀ ਤੇ ਸ਼ਮਿੰਦਰ (ਨਾਂ ਬਦਲੇ ਹੋਏ) ਵੀ ਮੰਨੀਆਂ ਕਿ ਉਨ੍ਹਾਂ ਨੂੰ ਨਸ਼ੇ ਦੀ ਲੱਤ ਲੱਗਣ ਬਾਅਦ ਜਦੋਂ ਪੈਸੇ ਦੀ ਕਿੱਲਤ ਹੋਈ ਤਾਂ ਉਨ੍ਹਾਂ ਨੂੰ ਹੈਰੋਇਨ ਲੈਣ ਬਦਲੇ ਨਸ਼ੇ ਦੇ ਵਪਾਰੀਆਂ ਨਾਲ ਸਰੀਰਕ ਸੰਬੰਧ ਬਣਾਉਣੇ ਪਏ ਜੋ ਹੋਰ ਵੀ ਬਥੇਰੀਆਂ ਨਾਬਾਲਗ ਬੱਚੀਆਂ ਨੂੰ ਸ਼ਿਕਾਰ ਬਣਾ ਰਹੇ ਹਨ।

ਮਨਪ੍ਰੀਤ, ਜੋ ਕਾਲਜ ਦੀ ਵਿਦਿਆਰਥਣ ਹੈ ਨੇ ਵੀ ਸਪਸ਼ਟ ਕਰ ਦਿੱਤਾ ਹੈ ਕਿ ਸਕੂਲਾਂ ਕਾਲਜਾਂ ਦੀਆਂ ਅਨੇਕ ਵਿਦਿਆਰਥਣਾਂ ਜੋ ਵੱਡੇ ਛੋਟੇ ਘਰਾਂ ਵਿੱਚੋਂ ਹਨ, ਛੋਟੇ ਮੋਟੇ ਨਸ਼ੇ ਤੋਂ ਸ਼ੁਰੂ ਹੋ ਕੇ ਹੁਣ ਹੈਰੋਇਨ ਦੀਆਂ ਆਦੀ ਬਣ ਚੁੱਕੀਆਂ ਹਨ। ਅਫ਼ਸੋਸ ਇਹ ਹੈ ਕਿ ਉਸ ਨਾਲ ਦੀਆਂ ਬਹੁਤ ਥੋੜੀਆਂ ਬੱਚੀਆਂ ਨਸ਼ਾ ਛੁਡਾਉਣ ਲਈ ਲਿਆਈਆਂ ਗਈਆਂ ਹਨ। ਬਾਕੀਆਂ ਦਾ ਇਲਾਜ ਵੀ ਨਹੀਂ ਕਰਵਾਇਆ ਜਾ ਰਿਹਾ। ਜਦੋਂ ਜਿਸਮਾਨੀ ਸ਼ੋਸ਼ਣ ਬਾਰੇ ਪੁੱਛਿਆ ਗਿਆ ਤਾਂ ਅੱਖਾਂ ਨੀਵੀਆਂ ਪਾ ਕੇ ਉਹ ਬੋਲੀ, ਜਦੋਂ ਪੈਸਾ ਕਿਤੋਂ ਮਿਲਣਾ ਹੀ ਨਹੀਂ ਤਾਂ ਹੋਰ ਰਾਹ ਕਿਹੜਾ ਬਚਦਾ ਹੈ? ਮਨਪ੍ਰੀਤ ਨੂੰ ਇਸ ਪਾਸੇ ਉਸ ਦੇ ਕਾਲਜ ਦੇ ਦੋਸਤ ਨੇ ਤੋਰਿਆ ਸੀ, ਜੋ ਆਪਣੇ ਹਾਣੀਆਂ ਨਾਲ ਪਹਿਲਾਂ ਤੋਂ ਹੀ ਨਸ਼ੇ ਦਾ ਵਪਾਰ ਵੀ ਕਰ ਰਿਹਾ ਸੀ ਤੇ ਆਪ ਵੀ ਵਰਤ ਰਿਹਾ ਸੀ।

ਪੁੱਛੇ ਜਾਣ ਉੱਤੇ ਮਨਪ੍ਰੀਤ ਨੇ ਦੱਸਿਆ ਕਿ ਹੁਣ ਤਾਂ ਉਹ ਗਿਣਤੀ ਵੀ ਨਹੀਂ ਕਰ ਸਕਦੀ ਕਿ ਸਿਰਫ਼ ਹੈਰੋਇਨ ਦੀ ਤੋੜ ਪੂਰੀ ਕਰਨ ਲਈ ਕਿੰਨੇ ਵੱਖੋ-ਵੱਖ ਜਣਿਆਂ ਨੇ ਉਸ ਦਾ ਸਰੀਰਕ ਸ਼ੋਸ਼ਣ ਕੀਤਾ ਹੈ।

ਨਸ਼ਾ ਲੈਣਾ ਕਿੰਨਾ ਸੌਖਾ ਹੈ, ਇਹ ਵੀ ਉਸ ਦੱਸਿਆ ਕਿ ਸਿਰਫ਼ ਇੱਕ 'ਮਿੱਸਡ ਕਾਲ' ਮਾਰਨ ਨਾਲ ਹੀ ਅੱਧੇ ਘੰਟੇ ਦੇ ਅੰਦਰ-ਅੰਦਰ ਉਸ ਦੇ ਘਰ ਦੇ ਦਰਵਾਜ਼ੇ ਬਾਹਰ ਕੋਈ ਕੁੜੀ ਜਾਂ ਕੋਰੀਅਰ ਦੀ ਸ਼ਕਲ ਵਿਚ ਮੁੰਡਾ 'ਡੋਜ਼' ਪਹੁੰਚਾ ਜਾਂਦਾ ਹੈ।

ਪੀ.ਜੀ.ਆਈ. ਚੰਡੀਗੜ੍ਹ ਨੇ ਸੰਨ 2018 ਮਾਰਚ ਵਿਚ 'ਏਸ਼ੀਅਨ ਜਰਨਲ ਔਫ਼ ਸਾਈਕੈਟਰੀ' ਵਿਚ ਛਾਪਿਆ ਸੀ ਕਿ ਪੰਜਾਬ ਅੰਦਰ 4.1 ਮਿਲੀਅਨ ਤੋਂ ਵੱਧ ਲੋਕਾਂ ਨੇ ਨਸ਼ਾ ਵਰਤਿਆ ਹੈ। ਇਨ੍ਹਾਂ ਵਿੱਚੋਂ 4 ਮਿਲੀਅਨ ਮੁੰਡੇ ਹਨ ਤੇ 0.1 ਮਿਲੀਅਨ ਕੁੜੀਆਂ। ਇਨ੍ਹਾਂ ਵਿੱਚੋਂ 3.1 ਮਿਲੀਅਨ ਮਰਦ ਤੇ 0.1 ਮਿਲੀਅਨ ਔਰਤਾਂ ਨਸ਼ੇ ਦੇ ਪੱਕੇ ਆਦੀ ਬਣ ਚੁੱਕੇ ਹੋਏ ਹਨ। ਸ਼ਰਾਬ, ਸਿਗਰਟ ਤੋਂ ਲੈ ਕੇ ਭੰਗ, ਅਫ਼ੀਮ, ਹੈਰੋਇਨ, ਸਮੈਕ, ਕੋਕੀਨ, ਆਦਿ ਸਭ ਕੁੱਝ ਵਰਤਿਆ ਜਾ ਰਿਹਾ ਹੈ। ਖੋਜ ਪੱਤਰ ਵਿਚ ਸ਼ਾਮਲ 2 ਲੱਖ 2 ਹਜ਼ਾਰ ਅੱਠ ਸੌ ਸਤਾਰਾਂ ਬੰਦੇ ਤੇ 10,658 ਔਰਤਾਂ ਉਮਰ ਭਰ ਲਈ ਆਦੀ ਬਣ ਚੁੱਕੇ ਹੋਏ ਸਨ ਜਿਨ੍ਹਾਂ ਦਾ ਇਲਾਜ ਸੰਭਵ ਹੀ ਨਹੀਂ ਸੀ।

ਉਸ ਖੋਜ ਪੱਤਰ ਵਿਚ ਜੋ ਚੇਤਾਵਨੀ ਲਿਖੀ ਸੀ, ਉਹ ਸੀ :- 1,56,942 (ਇੱਕ ਲੱਖ ਛਪੰਜਾ ਹਜ਼ਾਰ ਨੌਂ ਸੌ ਬਤਾਲੀ) ਮੁੰਡੇ ਬਿਨਾਂ ਨਸ਼ੇ ਦੇ ਇਕ ਦਿਨ ਵੀ ਨਹੀਂ ਕੱਢ ਰਹੇ ਜਦਕਿ ਬਾਕੀ ਨਸ਼ਾ ਛਡਾਉਣ ਲਈ ਤਿਆਰ ਹਨ। ਪਰ ਕੁੜੀਆਂ, ਵਿੱਚੋਂ ਇਕ ਵੀ ਨਸ਼ਾ ਛੱਡਣ ਨੂੰ ਤਿਆਰ ਨਹੀਂ ਤੇ ਸਾਰੀਆਂ 10,658 ਹੀ ਰੋਜ਼ ਦੀ 'ਡੋਜ਼' ਲੈਣ ਤੋਂ ਬਗ਼ੈਰ ਇੱਕ ਦਿਨ ਵੀ ਨਹੀਂ ਲੰਘਾ ਸਕ ਰਹੀਆਂ। ਇਸ ਦਾ ਮਤਲਬ ਇਹ ਹੋਇਆ ਕਿ 'ਆਦੀ' ਹੋਣ ਵਿਚ ਕੁੜੀਆਂ ਦੀ ਗਿਣਤੀ ਵੱਧ ਹੈ ਜਿਨ੍ਹਾਂ ਨੇ ਇਹ ਆਦਤ ਕਦੇ ਵੀ ਨਹੀਂ ਛੱਡਣੀ। ਸਮਾਜ ਨੂੰ ਭਿਆਨਕ ਨਤੀਜਿਆਂ ਲਈ ਤਿਆਰੀ ਕੱਸ ਲੈਣੀ ਚਾਹੀਦੀ ਹੈ, ਪੀ.ਜੀ.ਆਈ. ਚੰਡੀਗੜ੍ਹ ਦੇ ਸਾਈਕੈਟਰੀ ਵਿਭਾਗ ਦੇ ਡਾ. ਸੁਬੋਧ ਨੇ ਸਪਸ਼ਟ ਕਰ ਦਿੱਤਾ ਹੈ। ਡਾ. ਸੁਬੋਧ ਨੇ ਇਹ ਵੀ ਕਿਹਾ ਹੈ ਕਿ ਅਸਲ ਗਿਣਤੀ ਤਾਂ ਇਸ ਤੋਂ ਸ਼ਾਇਦ ਦੁਗਣੀ, ਤਿਗਣੀ ਜਾਂ ਚੌਗੁਣੀ ਵੀ ਹੋ ਸਕਦੀ ਹੈ ਕਿਉਂਕਿ ਮਾਪੇ ਆਪਣੀਆਂ ਕੁੜੀਆਂ ਬਾਰੇ ਗੱਲ ਵੀ ਕਰਨ ਨੂੰ ਤਿਆਰ ਨਹੀਂ, ਇਲਾਜ ਤਾਂ ਦੂਰ ਦੀ ਗੱਲ ਹੈ।

ਪੀ.ਜੀ.ਆਈ. ਵੱਲੋਂ ਇਹ ਵੀ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਅਨੇਕ ਬੱਚੀਆਂ ਤੇ ਔਰਤਾਂ ਇਸ ਕਰਕੇ ਅੱਧਾ ਇਲਾਜ ਛੱਡ ਕੇ ਤੁਰ ਜਾਂਦੀਆਂ ਹਨ ਕਿਉਂਕਿ ਪਿੰਡਾਂ ਵਿਚ ਤੇ ਮੁਹੱਲਿਆਂ ਵਿਚ ਉਨ੍ਹਾਂ ਦੀ ਮਦਦ ਕਰਨ ਦੀ ਥਾਂ ਉਨ੍ਹਾਂ ਨੂੰ ਮਜ਼ਾਕ ਦਾ ਪਾਤਰ ਬਣਾ ਦਿੱਤਾ ਜਾਂਦਾ ਹੈ। ਪੂਰੇ ਟੱਬਰ ਨੂੰ ਹੀ ਮਿਹਣੇ ਸੁਣਨੇ ਪੈਂਦੇ ਹਨ।

ਦੀ ਘੰਟੀ :- (ਅਮਰੀਕਨ ਅਕੈਡਮੀ ਵੱਲੋਂ ਜਾਰੀ ਕੀਤੀ ਹੋਈ)

1. ਨਸ਼ੇ ਦੇ ਆਦੀ ਮਾਪਿਆਂ ਦੇ ਬੱਚੇ ਮਾਰ ਕੁਟਾਈ, ਗਾਲ੍ਹਾਂ ਦੇ ਸ਼ਿਕਾਰ ਤਾਂ ਹੁੰਦੇ ਹੀ ਹਨ ਪਰ ਮਾਨਸਿਕ ਪਰੇਸ਼ਨੀ ਸਹੇੜ ਕੇ ਆਪ ਵੀ ਹੌਲੀ-ਹੌਲੀ ਸ਼ਾਂਤ ਹੋਣ ਲਈ ਨਸ਼ੇ ਦਾ ਸਹਾਰਾ ਲੈਣ ਲੱਗ ਪੈਂਦੇ ਹਨ। ਇਹ ਬੱਚੇ ਵੱਡੇ ਹੋ ਕੇ ਅੱਗੋਂ ਕਤਲ, ਖ਼ੁਦਕੁਸ਼ੀ, ਚੋਰੀ, ਡਾਕੇ ਆਦਿ ਦੇ ਨਾਲ-ਨਾਲ ਆਪ ਵੀ ਘਰੇਲੂ ਹਿੰਸਾ ਕਰਨ ਲੱਗ ਪੈਂਦੇ ਹਨ ਤੇ ਵਧੀਆ ਵਿਆਹੁਤਾ ਰਿਸ਼ਤੇ ਨਹੀਂ ਗੰਢ ਸਕਦੇ।
2. ਨਸ਼ੇ ਦੇ ਆਦੀ ਮਾਪਿਆਂ ਦੇ ਬੱਚਿਆਂ ਵਿੱਚੋਂ ਵੱਡੇ ਹੋ ਕੇ ਬਹੁਤ ਸਾਰੇ ਨੌਜਵਾਨ ਬੱਚੇ ਨਾਬਾਲਗ ਬੱਚੀਆਂ ਦਾ ਬਲਾਤਕਾਰ ਕਰ ਕੇ ਤਸੱਲੀ ਮਹਿਸੂਸ ਕਰਦੇ ਹਨ।
3. ਅਜਿਹੇ ਘਰਾਂ ਦੇ ਬੱਚੇ ਵੱਖੋ-ਵੱਖ ਤਰ੍ਹਾਂ ਦੇ ਮਾਨਸਿਕ ਰੋਗਾਂ ਦਾ ਸ਼ਿਕਾਰ ਬਣ ਜਾਂਦੇ ਹਨ ਜਿਨ੍ਹਾਂ ਵਿੱਚ ਢਹਿੰਦੀ ਕਲਾ, ਘਬਰਾਹਟ, ਨੀਂਦਰ ਠੀਕ ਨਾ ਆਉਣੀ, ਖ਼ੁਦਕੁਸ਼ੀ ਤੋਂ ਲੈ ਕੇ ਖਾਣ ਪੀਣ ਵਿਚ ਦਿੱਕਤ ਆਉਣੀ ਵੇਖੇ ਗਏ ਹਨ।
4. ਕਈ 'ਸੀਰੀਅਲ ਕਿੱਲਰ' ਵੀ ਅਜਿਹੇ ਘਰਾਂ ਵਿੱਚੋਂ ਹੀ ਨਿਕਲਦੇ ਹਨ।
5. ਮਿਰਗੀ, ਅੰਤੜੀਆਂ ਦੇ ਰੋਗ, ਦੱਬੂ, ਧਿਆਨ ਨਾ ਲਾ ਸਕਣਾ, ਪੜ੍ਹਾਈ ਵਿਚ ਪੱਛੜਨਾ, ਯਾਦਾਸ਼ਤ, ਘਟਣੀ, ਆਦਿ ਵਰਗੇ ਰੋਗ ਵੀ ਇਨ੍ਹਾਂ ਘਰਾਂ ਦੇ ਬੱਚਿਆਂ ਵਿਚ ਵੇਖੇ ਗਏ ਹਨ।
6. ਕਿਸੇ 'ਤੇ ਯਕੀਨ ਨਾ ਕਰ ਸਕਣਾ, ਦੂਜੇ ਦੀ ਇੱਜ਼ਤ ਨਾ ਕਰਨੀ, ਡਰਨਾ, ਤ੍ਰਭਕਣਾ ਆਦਿ ਵੀ ਹੋ ਸਕਦੇ ਹਨ।
7. ਸਭ ਤੋਂ ਖ਼ਤਰਨਾਕ ਗੱਲ ਇਹ ਹੈ ਕਿ ਅਜਿਹੇ ਘਰਾਂ ਦੇ ਬੱਚਿਆਂ ਵਿਚ ਨਸ਼ੇ ਵਲ ਜਾਣ ਦਾ ਰੁਝਾਨ ਬਾਕੀਆਂ ਨਾਲੋਂ ਤਿੰਨ ਗੁਣਾ ਵੱਧ ਹੁੰਦਾ ਹੈ।
8. ਅਮਰੀਕਨ ਅਕੈਡਮੀ ਔਫ ਪੀਡੀਐਟਰਿਕਸ ਨੇ ਸਪਸ਼ਟ ਕਰ ਦਿੱਤਾ ਹੈ ਕਿ ਜਿਹੜੀਆਂ ਮਾਵਾਂ ਨਸ਼ੇ ਕਰਦੀਆਂ ਹੋਣ, ਉਨ੍ਹਾਂ ਦੇ ਬੱਚਿਆਂ ਵਿਚ :-

× ਔਟਿਜ਼ਮ
× ਦਿਮਾਗੀ ਨੁਕਸ
× ਭਾਰ ਘੱਟ ਰਹਿ ਜਾਣਾ
× ਧਿਆਨ ਨਾ ਲਾ ਸਕਣਾ
× ਜਮਾਂਦਰੂ ਨੁਕਸ ਹੋਣੇ
× ਭਰੂਣ ਦੀ ਮੌਤ ਹੋ ਜਾਣੀ, ਆਦਿ ਹੋਣ ਦਾ ਖ਼ਤਰਾ ਬਹੁਤ ਵੱਧ ਹੁੰਦਾ ਹੈ।

ਕੀ ਇਹ ਸਭ ਜਾਣ ਲੈਣ ਬਾਅਦ ਹੁਣ ਕੋਈ ਜਾਗਣ ਨੂੰ ਤਿਆਰ ਹੈ? ਪੰਜਾਬ ਨੂੰ ਪਿਆਰ ਕਰਨ ਵਾਲੇ ਸੌਖਿਆਂ ਸਮਝ ਸਕਦੇ ਹਨ ਕਿ ਨਸ਼ਿਆਂ ਦੀ ਦਲਦਲ ਵਿਚ ਫਸ ਚੁੱਕੇ ਨੌਜਵਾਨ ਮੁੰਡੇ ਕੁੜੀਆਂ ਪੰਜਾਬ ਨੂੰ ਮੋਹਿੰਜੋਦੜੋ ਵਿਚ ਤਬਦੀਲ ਕਰਨ ਲਈ ਤਿਆਰ-ਬਰ-ਤਿਆਰ ਹੋ ਚੁੱਕੇ ਹਨ।

ਹਾਲੇ ਵੀ ਵੇਲਾ ਹੈ। ਪਹਿਲਾਂ ਮੰਨੀਏ ਕਿ ਨਸ਼ਾ ਹੈ! ਫੇਰ ਹੀ ਰੋਕਣ ਲਈ ਕਦਮ ਪੁੱਟੇ ਜਾ ਸਕਦੇ ਹਨ। ਜਾਗ੍ਰਿਤੀ ਦੀ ਤਗੜੀ ਲਹਿਰ, ਖੇਡਾਂ ਵੱਲ ਰੁਝਾਨ ਤੇ ਵਧੀਆ ਨਸ਼ਾ ਛੁਡਾਊ ਕੇਂਦਰਾਂ ਬਾਰੇ ਅੱਜ ਤੋਂ ਹੀ ਕੰਮ ਕਰਨ ਦੀ ਲੋੜ ਹੈ। ਜੇ ਸਰਕਾਰਾਂ ਫੇਲ੍ਹ ਹੋ ਰਹੀਆਂ ਹਨ ਤਾਂ ਲੋਕ ਹੀ ਆਪੋ ਆਪਣੇ ਪਿੰਡਾਂ ਅੰਦਰ ਅਜਿਹੇ ਜਵਾਨੀ ਨੂੰ ਚੱਬ ਜਾਣ ਵਾਲੇ ਡਾਕੂਆਂ ਤੋਂ ਬਚਾਉਣ ਲਈ ਪਿੰਡਾਂ ਵਿਚ ਨਸ਼ਾ ਛੁਡਾਊ ਕਲੱਬ ਬਣਾ ਕੇ ਪਹਿਰਾ ਦੇਣ ਦੀ ਡਿਊਟੀ ਸੰਭਾਲ ਲੈਣ ਤਾਂ ਯਕੀਨਨ ਕੁੱਝ ਵਧੀਆ ਨਤੀਜਿਆਂ ਦੀ ਉਮੀਦ ਰੱਖੀ ਜਾ ਸਕਦੀ ਹੈ। ਆਮ ਲੋਕਾਂ ਅੱਗੇ ਬੇਨਤੀ ਹੈ ਕਿ ਨਸ਼ੇ ਦੇ ਆਦੀ ਨੂੰ ਤਮਾਸ਼ਾ ਬਣਾਉਣ ਦੀ ਥਾਂ ਰੋਗੀ ਮੰਨ ਕੇ, ਸ਼ਹਿਨਸ਼ੀਲਤਾ ਨਾਲ ਪੇਸ਼ ਆ ਕੇ ਉਸ ਦਾ ਇਲਾਜ ਕਰਵਾਉਣ ਲਈ ਹਸਪਤਾਲ ਦਾਖ਼ਲ ਕਰਵਾਇਆ ਜਾਵੇ ਤਾਂ ਚੰਗੇ ਸ਼ਹਿਰੀ ਹੋਣ ਦਾ ਸਬੂਤ ਦਿੱਤਾ ਜਾ ਸਕਦਾ ਹੈ ਤੇ ਪੰਜਾਬ ਨੂੰ ਵੀ ਸਿਹਤਮੰਦ ਰੱਖਿਆ ਜਾ ਸਕਦਾ ਹੈ! ਚਲੋ ਰਲ ਮਿਲ ਹੰਭਲਾ ਮਾਰੀਏ ਤੇ ਘਰਾਂ ਵਿਚ ਹੋਰ ਸੱਥਰ ਵਿਛ ਜਾਣ ਤੋਂ ਬਚਾਓ ਕਰ ਲਈਏ! ਆਮੀਨ!!

**ਡਾ. ਹਰਸ਼ਿੰਦਰ ਕੌਰ**

## ਦਿਲਚਸਪ ਜਾਣਕਾਰੀ

## ਸਭ ਤੋਂ ਵੱਡੀ ਰਾਈਫਲ

**ਅਮੇਰਿਕਾ** ਦੇ ਮਿਸ਼ੀਗਨ ਸੂਬੇ ਦੇ ਇਸ਼ਪੈਮਿੰਗ ਸਥਿਤ ਡਾ. ਯੂਪਰਸ ਟੂਰਿਸਟ ਟ੍ਰੈਪ 'ਚ ਪ੍ਰਦਰਸ਼ਿਤ ਇਕ ਰਾਈਫਲ 33 ਫੁੱਟ 4 ਇੰਚ ਲੰਬੀ ਹੈ। ਇਹ ਰਾਈਫਲ



ਬਹੁਤ ਵਧੀਆ ਢੰਗ ਨਾਲ ਕੰਮ ਕਰਦੀ ਹੈ ਅਤੇ ਇਸ ਦੇ ਨਾਂ ਵਿਸ਼ਵ ਦੀ ਸਭ ਤੋਂ ਵੱਡੀ ਰਾਈਫਲ ਹੋਣ ਦਾ ਰਿਕਾਰਡ ਦਰਜ ਹੈ। ਇਸ ਦਾ ਮਾਲਕ ਜੇਮਸ ਏ ਡਿਕੇਨ ਹੈ।ਇਹ ਪ੍ਰੋਪੇਨ ਅਤੇ ਆਕਸੀਜਨ ਦੀ ਵਰਤੋਂ ਕਰਕੇ ਗੋਲੀਆਂ ਦਾਗ਼ ਸਕਦੀ ਹੈ। ਇਸ ਵਲੋਂ ਦਾਗ਼ੀ ਗਈ ਗੋਲੀ 4 ਕਿਲੋਮੀਟਰ ਤੱਕ ਵਾਰ ਕਰ ਸਕਦੀ ਹੈ।

## ਕਿਉਂ ਉਤਾਰਦੇ ਨੇ ਸੱਪ ਕੁੰਜ ?

**ਤੁਸੀਂ** ਸੱਪ ਨੂੰ ਕੁੰਜ ਉਤਾਰਦਿਆਂ ਤਾਂ ਕਦੇ ਨਹੀਂ ਦੇਖਿਆ ਹੋਵੇਗਾ ਪਰ ਇਹ ਤਾਂ ਸੁਣਿਆ ਹੋਵੇਗਾ ਕਿ ਸੱਪ ਅਕਸਰ ਸਮੇਂ-ਸਮੇਂ 'ਤੇ ਕੁੰਜ ਉਤਾਰਦੇ ਹਨ ਪਰ ਸ਼ਾਇਦ ਤੁਸੀਂ ਇਹ ਨਹੀਂ ਜਾਣਦੇ ਹੋਵੋਗੇ ਕਿ ਸੱਪ ਸਾਲ 'ਚ ਸਿਰਫ ਇਕ ਵਾਰ ਹੀ ਕੁੰਜ ਉਤਾਰਦੇ ਹਨ ਅਤੇ ਉਹ ਵੀ ਅਕਸਰ ਬਸੰਤ ਰੁੱਤ 'ਚ।ਉਂਝ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਜਿਸ ਤਰ੍ਹਾਂ ਅਸੀਂ ਆਪਣੇ ਪਾਟੇ-ਪੁਰਾਣੇ ਕੱਪੜੇ ਬਦਲਦੇ ਜਾਂ ਸੁੱਟ ਦਿੰਦੇ ਹਾਂ, ਠੀਕ ਉਸੇ ਤਰ੍ਹਾਂ ਸੱਪ ਸਮੇਂ-ਸਮੇਂ 'ਤੇ ਆਪਣੇ ਸਰੀਰ ਤੋਂ ਪੁਰਾਣੀ ਚਮੜੀ ਨੂੰ



ਲਾਹ ਸੁੱਟਦੇ ਹਨ ਅਤੇ ਉਸ ਦੀ ਥਾਂ ਨਵੀਂ ਚਮੜੀ ਧਾਰਨ ਕਰ ਲੈਂਦੇ ਹਨ ਪਰ ਦਿਲਚਸਪ ਗੱਲ ਇਹ ਹੈ ਕਿ ਕੁੰਜ ਰੂਪੀ ਇਹ ਪੁਰਾਣੀ ਚਮੜੀ ਉਤਾਰਨ ਤੋਂ ਪਹਿਲਾਂ ਹੀ ਉਨ੍ਹਾਂ ਦੇ ਸਰੀਰ 'ਤੇ ਨਵੀਂ ਚਮੜੀ ਬਣ ਜਾਂਦੀ ਹੈ ਅਤੇ ਉਦੋਂ ਸਫੈਦ ਰੰਗ ਦੇ ਖੋਲ ਰੂਪੀ ਉੱਪਰਲੀ ਚਮੜੀ ਸਰੀਰ ਤੋਂ ਵੱਖ ਕਰਨ ਵੇਲੇ ਉਨ੍ਹਾਂ ਨੂੰ ਕੋਈ ਖਾਸ ਪ੍ਰੇਸ਼ਾਨੀ ਵੀ ਨਹੀਂ ਹੁੰਦੀ। ਨਵੀਂ ਚਮੜੀ ਬਣ ਜਾਣ ਪਿੱਛੋਂ ਸੱਪ ਜਿਸ ਪੁਰਾਣੀ ਚਮੜੀ ਨੂੰ ਆਪਣੇ ਸਰੀਰ ਤੋਂ ਲਾਹ ਸੁੱਟਦੇ ਹਨ, ਉਸੇ ਨੂੰ 'ਕੁੰਜ' ਕਿਹਾ ਜਾਂਦੈ।

## ਕਿਉਂ ਨਿਕਲਦੇ ਨੇ ਅੱਖਾਂ 'ਚੋ ਹੰਝੂ ?

**ਭਾਵਨਾਵਾਂ** ਦੇ ਵੇਗ ਸਮੇਂ ਅੱਖਾਂ ਦੇ ਕੋਨਿਆਂ 'ਚੋਂ ਇਕ ਤਿੱਖਾ ਵਾਸ਼ਪੀ ਪਦਾਰਥ ਪੈਦਾ ਹੁੰਦਾ ਹੈ।ਇਸ ਤਿੱਖੇ ਵਾਸ਼ਪ ਨਾਲ ਲੈਕ੍ਰੇਮੇਲ ਸੈਕ ਦੇ ਵਹਾਅ ਕਾਰਨ ਹੰਝੂ ਨਿਕਲਦੇ



ਹਨ।ਹੰਝੂ ਇਕ ਕੀਟਾਣੂਨਾਸ਼ਕ ਪਦਾਰਥ ਹੈ।ਤਾਜ਼ਾ ਵਿਗਿਆਨਕ ਖੋਜਾਂ ਨਾਲ ਤੱਥ ਉਜਾਗਰ ਹੋਇਆ ਹੈ ਕਿ ਹੰਝੂਆਂ ਤੋਂ ਵਧ ਕੇ ਕੀਟਾਣੂਨਾਸ਼ਕ ਚੀਜ਼ ਕੋਈ ਨਹੀਂ ਹੈ।ਵਿਗਿਆਨਕਾਂ ਦਾ ਕਹਿਣਾ ਹੈ ਕਿ ਜੇਕਰ ਇਕ ਚੱਮਚ ਹੰਝੂ ਨੂੰ ਸੌ ਗੈਲਨ ਪਾਣੀ ਵਿਚ ਪਾ ਦਿੱਤਾ ਜਾਵੇ ਤਾਂ ਉਸ ਜਲ ਵਿਚ ਮੌਜੂਦ ਸਾਰੇ ਕੀਟਾਣੂ ਮਰ ਜਾਣਗੇ। ਹੰਝੂ ਵਿਚ ਇੰਨੀ ਜ਼ਿਆਦਾ ਕੀਟਾਣੂਨਾਸ਼ਕ ਸ਼ਕਤੀ ਹੈ ਕਿ 6 ਹਜ਼ਾਰ ਗੁਣਾ ਆਈਤਨ ਜਲ ਵਿਚ ਵੀ ਇਸ ਦਾ ਪ੍ਰਭਾਵ ਬਣਿਆ ਰਹਿੰਦਾ ਹੈ।

# ਕੁਝ ਲੋਕ ਦੂਜਿਆਂ ਨਾਲੋਂ ਤੇਜ਼ ਕਿਉਂ ਹੁੰਦੇ ਨੇ ?

ਇਸ ਦੇ ਘੱਟੋ-ਘੱਟ ਤਿੰਨ ਕਾਰਨ ਹੈ। ਸਭ ਤੋਂ ਪਹਿਲਾਂ ਕੁਝ ਜੀਂਸ ਹੁੰਦੇ ਹਨ, ਜੋ ਤੁਹਾਡੇ 'ਚ ਖਾਨਦਾਨੀ ਤੌਰ 'ਤੇ ਆਉਂਦੇ ਹਨ। ਬਾਲਗਾਂ ਵਿਚਾਲੇ ਆਈ. ਕਿਊ. 'ਚ 75-80 ਫੀਸਦੀ ਫਰਕ ਉਨ੍ਹਾਂ ਦੇ ਜੈਨੇਟਿਕ ਮੇਕਅੱਪ ਕਾਰਨ ਹੁੰਦਾ ਹੈ।ਇਸ ਦੀ ਜਾਂਚ ਅਣਗਿਣਤ ਤਰੀਕਿਆਂ ਨਾਲ ਕੀਤੀ ਜਾ ਚੁੱਕੀ ਹੈ।ਭਾਵੇਂ ਕਿ ਆਈ. ਕਿਊ. ਟੈਸਟ ਸਿਰਫ ਤੈਅ ਕਿਸਮ ਦੀ ਬੁੱਧੀਮਤਾ ਨੂੰ ਹੀ ਮਾਪਦੇ ਹਨ।ਆਈ. ਕਿਊ. ਟੈਸਟ ਅਕਸਰ ਸਕੂਲ ਜਾਂ ਕੰਮ ਵਾਲੇ ਸਥਾਨ 'ਤੇ ਤੁਹਾਡੀ ਪੇਸ਼ਕਾਰੀ ਨਾਲ ਜੁੜੇ ਹੁੰਦੇ ਹਨ ਪਰ ਇਹ ਟੈਸਟ ਭਾਵਨਾਤਮਕ ਜਾਂ ਸੰਗੀਤਕ ਬੁੱਧੀਮਤਾ ਨੂੰ ਨਹੀਂ ਮਾਪਦੇ।ਇਸ ਤੋਂ ਇਲਾਵਾ ਵਾਤਾਵਰਣਿਕ ਕਾਰਕ, ਜਿਨ੍ਹਾਂ 'ਚ ਗਰਭ 'ਚ ਸਥਿਤੀ, ਜਨਮ ਵੇਲੇ ਹੋਇਆ



ਨੁਕਸਾਨ, ਪੋਸ਼ਣ ਅਤੇ ਤਣਾਅ ਪੈਦਾ ਕਰਨ ਵਾਲੇ ਕਾਰਕ ਵੀ ਆਈ. ਕਿਊ. 'ਚ ਅੰਤਰ ਦਾ ਕਾਰਨ ਹੁੰਦੇ ਹਨ।ਇਸ ਤੋਂ ਇਲਾਵਾ ਵਿਚਾਰ ਅਤੇ ਸੱਭਿਆਚਾਰਕ ਜਾਣਕਾਰੀ, ਜੋ ਲੋਕ ਅਭਿਆਸ ਨਾਲ ਇਕੱਠੀ ਕਰਦੇ ਹਨ, ਵੀ ਕੁਝ ਖਾਸ ਲੋਕਾਂ ਨੂੰ ਵਧੇਰੇ ਤੇਜ਼ ਬਣਾਉਂਦੇ ਹਨ।ਇਨ੍ਹਾਂ 'ਚ ਉਨ੍ਹਾਂ ਵਲੋਂ ਸਿਖੀ ਗਈ ਭਾਸ਼ਾ ਅਤੇ ਉਨ੍ਹਾਂ ਦੀ ਰਸਮੀ ਸਿੱਖਿਆ ਸ਼ਾਮਲ ਹੁੰਦੀ ਹੈ।ਸੱਭਿਆਚਾਰਕ ਜਾਣਕਾਰੀ ਸੋਚਣ ਦਾ ਸੰਦ ਹੈ।ਇਸ ਦਾ ਅਰਥ ਹੈ ਕਿ ਬੱਚੇ ਗੰਭੀਰ ਚਿੰਤਨ ਨਾਲ ਜੁੜਨ, ਉਨ੍ਹਾਂ 'ਚ ਨਵੀਂ ਮੁਹਾਰਤ ਪੈਦਾ ਹੋਵੇ ਅਤੇ ਉਨ੍ਹਾਂ ਦੀ ਗਿਆਨ ਪ੍ਰਾਪਤ ਕਰਨ ਦੀ ਜਗਿਆਸਾ ਵਧੇ।ਇਸ ਤਰ੍ਹਾਂ ਉਹ ਵਧੇਰੇ ਬੁੱਧੀਮਾਨ ਹੁੰਦੇ ਹਨ।

## ਸਭ ਤੋਂ ਵੱਡਾ ਮੁਸਾਫਿਰ ਸਮੁੰਦਰੀ ਜਹਾਜ਼



ਦਸੰਬਰ 2009 'ਚ ਆਪਣੀ ਯਾਤਰਾ ਸ਼ੁਰੂ ਕਰਨ ਵਾਲਾ 'ਓਏਸਿਸ ਆਫ ਦਿ ਸੀਜ਼' ਨਾਮੀ ਸਮੁੰਦਰੀ ਜਹਾਜ਼ ਦੁਨੀਆ ਦਾ ਸਭ ਤੋਂ ਵੱਡਾ ਮੁਸਾਫਿਰ ਸਮੁੰਦਰੀ ਜਹਾਜ਼ ਹੈ। ਇਹ ਇਕ ਤੈਰਦੇ ਹੋਏ ਸ਼ਹਿਰ ਵਰਗਾ ਹੈ। ਇਸ 'ਚ ਗਰਮਤਰ ਬਗੀਚੇ, 100 ਮੀਟਰ ਲੰਬੀ ਲੈਂਡਸਕੇਪਡ ਪਾਰਕ ਅਤੇ 6500 ਵਿਅਕਤੀਆਂ ਨੂੰ ਸਪੋਰਟ ਦੇ ਸਕਣ ਵਾਲੇ 7 'ਨੇਬਰਹੁਡਸ' ਵੀ ਹਨ। ਵਿਸ਼ੇਸ਼ਤਾਈਆਂ

ਇਸ ਜਹਾਜ਼ ਦੇ ਸਟੇਟ ਰੂਮਜ਼ 'ਚ 5400 ਵਿਅਕਤੀ ਰਹਿ ਸਕਦੇ ਹਨ।

ਇਸ ਜਹਾਜ਼ 'ਤੇ 2 ਰੌਕ ਕਲਾਈਂਬਿੰਗ ਵਾਲਸ ਹਨ।'ਓਏਸਿਸ ਆਫ ਦਿ ਸੀਜ਼' 'ਚ ਕਈ ਕੈਫੇ, ਰੈਸਟੋਰੈਂਟ, ਇਕ ਜਾਜ਼ ਬਾਰ ਅਤੇ 3 ਡੈੱਕ ਵਾਲਾ ਕਾਕਟੇਲ ਬਾਰ ਵੀ ਹੈ।

ਇਸ 'ਤੇ ਫੁੱਟਬਾਲ ਦੇ ਮੈਦਾਨ ਦੇ ਆਕਾਰ ਜਿੰਨਾ ਵੱਡਾ ਐਂਫੀਥਿਏਟਰ ਵੀ ਹੈ।'ਓਏਸਿਸ ਆਫ ਦਿ ਸੀਜ਼' 'ਚ ਵੱਡ-ਆਕਾਰੀ ਲੈੱਡ ਸਕ੍ਰੀਨਸ, ਡਾਇਵਿੰਗ ਪਲੇਟਫਾਰਮਜ਼, ਐਕਵਾਥਿਏਟਰ ਪੂਲ ਅਤੇ ਵਾਟਰ ਐਂਡ ਲਾਈਟ ਸ਼ੋਅਜ਼ ਵੀ ਹਨ।

## ਸਮੇਂ ਦੀ ਕਦਰ

ਅਮਰੀਕ ਸਿੰਘ ਤਲਵੰਡੀ

ਸਮੇਂ ਦੀ ਬੱਚਿਓ ਕਦਰ ਪਛਾਣੋ,
ਤਰੱਕੀ ਕਰਕੇ ਮੌਜਾਂ ਮਾਣੋ।
ਸਮੇਂ ਦੀ ਜੋ ਕਦਰ ਕਰਦੇ,
ਜ਼ਿੰਦਗੀ ਵਿਚ ਨਹੀਓਂ ਹਰਦੇ।
ਸਮੇਂ ਸਿਰ ਸਕੂਲੇ ਜਾਣੋ,
ਸਕੂਲੋਂ ਸਿੱਧੇ ਘਰ ਨੂੰ ਆਓ।
ਸਾਰੇ ਸਮੇਂ ਦੀ ਵੰਡ ਬਣਾਓ,
ਉਵੇਂ ਘਰ ਦਾ ਕੰਮ ਮੁਕਾਓ।
ਸੈਰ ਲਈ ਵੀ ਸਮਾਂ ਕੱਢੋ,
ਸੁਸਤੀ ਦਾ ਤੁਸੀਂ ਖਹਿੜਾ ਛੱਡੋ।
ਸਮੇਂ ਸਿਰ ਖਾਣਾ ਖਾਓ,
ਠੰਡੇ ਬੇਹੇ ਤੋਂ ਕਰੋ ਬਚਾਓ।
ਜਿੰਨੇ ਸਮੇਂ ਦਾ ਕੀਤਾ ਵਾਅਦਾ,
ਪੱਕਾ ਕਰਲੋ ਫਿਰ ਇਰਾਦਾ।
ਦੋਸਤ, ਮਿੱਤਰ ਹੋਣ ਹੈਰਾਨ, ਚੰਗੀ ਤੁਸੀਂ ਬਣਾਓ ਪਛਾਣ।
ਐਸੇ ਤੁਹਾਡੇ ਹੋਣ ਸੰਬੰਧ,
ਹਰ ਕੋਈ ਆਖੇ ਸਮੇਂ ਦਾ ਪਾਬੰਦ।
ਜਿੰਨੇ ਲੋਕ ਮਹਾਨ ਨੇ ਹੋਏ,
ਸਮੇਂ ਦੇ ਕਦਰਦਾਨ ਨੇ ਹੋਏ
ਚਾਰੇ ਪਾਸੇ ਹੋਊ ਝੰਡੀ, ਤਾਈਓਂ ਦੇਵੇ ਜ਼ੋਰ 'ਤਲਵੰਡੀ'



## ਗੁਦਗੁਦੀ

• ਬੰਟੀ ਨੇ ਮੋਨੂੰ ਨੂੰ ਪੁੱਛਿਆ, "ਸੁਣਿਆ ਹੈ ਤੁਸੀਂ ਜਾਨਵਰਾਂ ਦੀਆਂ ਤਸਵੀਰਾਂ ਬੜੀ ਖੂਬਸੂਰਤੀ ਨਾਲ ਬਣਾਉਂਦੇ ਹੋ ?

ਮੋਨੂੰ, "ਜੀ ਹਾਂ, ਜੇ ਕਹੋ ਤਾਂ ਤੁਹਾਡੀ ਵੀ ਤਸਵੀਰ ਬਣਾ ਕੇ ਦਿਖਾ ਦਿਆਂ।"

• ਸ਼ੀਲਾ (ਗੁਆਂਢਣ ਨੂੰ), "ਗੀਤਾ, ਤੇਰਾ ਬੇਟਾ ਸੁੰਦਰ ਕਿੱਥੇ ਹੈ, ਮੈਂ ਅੱਜ ਉਸਦੀ ਮੁਰੰਮਤ ਕਰਨ ਆਈ ਹਾਂ।"

ਗੀਤਾ, " ਕਿਉਂ ਕੀ ਹੋਇਆ ? ਕੀ ਜੁਰਮ ਕੀਤਾ ਉਸਨੇ ? "

ਸ਼ੀਲਾ, "ਓਹ, ਮੈਂ ਸਮਝਦੀ ਸੀ ਕਿ ਉਹ ਹੁਸ਼ਿਆਰ ਲੜਕਾ ਹੈ ਇਸ ਲਈ ਮੈਂ ਆਪਣੇ ਮੁੰਡੇ ਨੂੰ ਕਹਿ ਦਿਤਾ ਸੀ ਕਿ ਉਹ ਉਸਦੇ ਪਿੱਛੇ ਬੈਠ ਕੇ ਉਸਦੀ ਨਕਲ ਕਰ ਲਿਆ ਕਰੇ, ਤਾਂ ਅੱਜ ਦੀ ਪ੍ਰੀਖਿਆ 'ਚ ਉਹ ਉਨ੍ਹਾਂ ਸਵਾਲਾਂ ਨੂੰ ਵੀ ਗਲਤ ਕਰ ਆਇਆ ਜੋ ਉਸ ਨੂੰ ਪੂਰੀ ਤਰ੍ਹਾਂ ਆਉਂਦੇ ਸਨ ? "

• ਵਿਜੇ, ''ਇਹ ਕਮੀਜ਼ ਕਿਸਦੀ ਹੈ ? "

ਨੀਰਜ, "ਕੱਪੜੇ ਦੀ।"

ਵਿਜੇ (ਗੁੱਸੇ ਨਾਲ), "ਇਹ ਤਾਂ ਮੈਨੂੰ ਵੀ ਦਿਖਾਈ ਦੇ ਰਿਹਾ ਹੈ।"

ਨੀਰਜ (ਮੁਸਕਰਾ ਕੇ), "ਤਾਂ ਪੁੱਛ ਕਿਉਂ ਰਹੇ ਹੋ ? "

## ਚਹਿ ਚਹਾਉਂਦੀ ਪਿਆਰੀ ਚਿੜੀ

*ਚਿੜੀਆਂ ਦੀ ਚੀਂ ਚੀਂ ਸਾਰਿਆਂ ਨੂੰ ਮਿੱਠੀ ਪਿਆਰੀ ਨੀਂਦ ਚੋਂ ਸਵੇਰੇ ਸਵੇਰੇ ਜਗਾ ਦਿੰਦੀ ਹੈ। ਤੁਸੀਂ ਸਾਰਿਆਂ ਨੇ ਵੀ ਇਸ ਨੂੰ ਚੀਂ ਚੀਂ ਕਰਦੇ ਹੋਏ ਦਾਣਾ ਚੁਗਦੇ ਜ਼ਰੂਰ ਦੇਖਿਆ ਹੋਵੇਗਾ। ਆਓ ਜਾਣਦੇ ਹਾਂ ਇਸ ਪਿਆਰੀ ਚਿੜੀ ਬਾਰੇ...*

ਬੱਚਿਓ! ਤੁਸੀਂ ਸਾਰਿਆਂ ਨੇ ਘਰਾਂ ਦੇ ਬਨੇਰਿਆਂ, ਛੱਤਾਂ ਅਤੇ ਰੁੱਖਾਂ ਦੀਆਂ ਟਾਹਣੀਆਂ 'ਤੇ ਚਹਿ ਚਹਾਉਂਦੀਆਂ ਚਿੜੀਆਂ ਨੂੰ ਜ਼ਰੂਰ ਵੇਖਿਆ ਹੋਵੇਗਾ। ਜਦੋਂ ਇਹ ਝੁੰਡ ਬਣਾ ਕੇ ਆਕਾਸ਼ ਵਿਚ ਵੱਖ ਵੱਖ ਆਕਾਰ ਬਣਾਉਂਦੀਆਂ ਹਨ ਤਾਂ ਨਜ਼ਾਰਾ ਦੇਖਣ ਵਾਲਾ ਹੁੰਦਾ ਹੈ। ਸਾਰੀ ਦੁਨੀਆਂ ਵਿਚ ਇਸ ਦੀਆਂ ਲਗਪਗ 25 ਪਰਜਾਤੀਆਂ ਪਾਈਆਂ ਜਾਂਦੀਆਂ ਹਨ। ਇਨ੍ਹਾਂ ਦਾ ਆਕਾਰ ਕਾਫੀ ਹੱਦ ਤਕ ਇਨ੍ਹਾਂ ਦੀਆਂ ਪਰਜਾਤੀਆਂ 'ਤੇ ਨਿਰਭਰ ਕਰਦਾ ਹੈ। ਇਸ ਦੀ ਲੰਬਾਈ 14-16 ਸੇਮੀ. ਤਕ ਅਤੇ ਭਾਰ ਲਗਪਗ 27-39ਗ੍ਰਾਮ ਤਕ ਹੁੰਦਾ ਹੈ।

ਇਹ ਆਬਾਦੀ ਵਾਲੇਇਲਾਕਿਆਂ ਵਿਚ ਰਹਿਣਾ ਪਸੰਦ ਕਰਦੀਆਂ ਹਨ ਅਤੇ ਜ਼ਿਆਦਾਤਰ ਘਰਾਂ ਦੀਆਂ ਸੁਰਾਖਾਂ, ਰੋਸ਼ਨਦਾਨ ਅਤੇ ਰੁੱਖਾਂ ਆਦਿ ਵਿਚ ਆਪਣਾ ਆਲ੍ਹਣਾ ਬਣਾਉਂਦੀਆਂ ਹਨ। ਇਨ੍ਹਾਂ ਦੇ ਆਂਡਿਆਂ ਤੋਂ ਔਸਤਨ 12-15 ਦਿਨ ਵਿਚ ਬੱਚੇ ਨਿਕਲ ਆਉਂਦੇ ਹਨ ਅਤੇ 15 ਦਿਨਾਂ ਅੰਦਰ ਉਹਉਡਣ ਲਗਦੇ ਹਨ। ਛੋਟੇ ਆਕਾਰ ਦੇ ਹੋਣ ਕਾਰਨ ਇਹ ਆਸਾਨੀ ਨਾਲ ਕੁੱਤੇ, ਬਿੱਲੀਆਂ, ਉਲੂਆਂ ਆਦਿ ਦਾ ਸ਼ਿਕਾਰ ਬਣ ਜਾਂਦੀਆਂ ਹਨ ਪਰ ਗੱਲ ਜਦੋਂ ਬੱਚਿਆਂ ਦੀ ਸੁਰੱਖਿਆ ਦੀ ਹੋਵੇ ਤਾਂ ਇਹ ਹਮਲਾਵਰ ਹੋ ਜਾਂਦੀ ਹੈ ਅਤੇ ਝੁੰਡ ਵਿਚ ਸ਼ੋਰ ਮਚਾਉਂਦੇ ਹੋਏ ਹਮਲਾ ਕਰਦੀ ਹੈ। ਆਮ ਤੌਰ 'ਤੇ ਇਹ ਪਾਣੀ ਪੰਛੀ ਨਹੀਂ ਹੁੰਦੇ ਹਨ ਪਰ ਸ਼ਿਕਾਰੀਆਂ ਤੋਂ ਬਚਣ ਲਈ ਇਹ ਪਾਣੀ ਵਿਚ ਤੈਰ ਕੇ ਵੀ ਭੱਜ ਸਕਦੀਆਂ ਹਨ।ਇਹ ਮੁੱਖ ਰੂਪ ਵਿਚ ਆਨਾਜ, ਸੇਬ, ਬੇਰ ਅਤੇ ਛੋਟੇ ਛੋਟੇ ਕੀੜੇ ਮਕੌੜਿਆਂ ਖਾਂਦੀ ਹੈ। ਇਹ ਹਮੇਸ਼ਾ ਚੀਂ ਚੀਂ ਕਰਦੀ ਰਹਿੰਦੀ ਹੈ।ਬਦਕਿਸਮਤੀ ਨਾਲ ਪਿਛਲੇ 25ਸਾਲਾਂ ਤੋਂ ਇਸ ਦੀ ਗਿਣਤੀ ਵਿਚ ਤੇਜ਼ੀ ਨਾਲ ਗਿਰਾਵਟ ਆ ਰਹੀ ਹੈ। ਮਾਸ ਲਈ ਇਸ ਦਾ ਸ਼ਿਕਾਰ, ਇਸ ਦੀ ਸਭ ਤੋਂ ਵੱਡੀ ਵਜ੍ਹਾ ਹੈ। ਨਾਲ ਹੀ ਹਵਾਈ ਜਹਾਜ਼ ਅਤੇ ਪਤੰਗ ਦੀਆਂ ਡੋਰਾਂ ਵਿਚ ਫਸ ਕੇ ਵੀ ਆਪਣੀ ਜਾਨ ਗਵਾਉਂਦੀਆਂ ਹਨ। ਉਸ ਦੀ ਤੇਜ਼ੀ ਨਾਲ ਘਟਦੀ ਗਿਣਤੀ ਨੂੰ ਦੇਖ ਕੇ ਉਸ ਦੇ ਬਚਾਅ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸਾਲ 2010 ਤੋਂ ਸਾਰੀ ਦੁਨੀਆਂ ਭਰ ਵਿਚ ਵਰਲਡ ਸਪੈਰੋ ਡੇਅ ਮਨਾਉਣ ਦੀ ਸ਼ੁਰੂਆਤ ਹੋਈ। ਇਸ ਜ਼ਰੀਏ ਲੋਕਾਂ ਨੂੰ ਚਿੜੀਆਂ ਨੂੰ ਬਚਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਇਸ ਦਿਨ ਲੋਕਾਂ ਨੂੰ ਚਿੜੀਆਂ ਬਾਰੇ ਜਾਣਕਾਰੀ ਦਿਤੀ ਜਾਂਦੀ ਹੈ ਤਾਂ ਜੋ ਲੋਕਾਂ ਵਿਚ ਜਾਗਰੂਕਤਾ ਵਧੇ।



***ਬੱਚੇ ਪੱਛਮ 'ਚ ਜੰਮੇ ਤੇ ਉਨ੍ਹਾਂ 'ਤੇ ਪੱਛਮ ਦੇ ਰਹਿਣ ਸਹਿਣ ਤੇ ਵਰਤ ਵਤੀਰੇ ਦਾ ਪ੍ਰਭਾਵ ਭਾਰੂ ਹੈ, ਮਾਪੇ ਪੂਰਬ 'ਚ ਪਲੇ ਤੇ ਵੱਡੇ ਹੋਏ ਤੇ ਆਉਂਦੇ ਹੋਏ ਸਾਰਾ ਪ੍ਰਭਾਵ ਲੈ ਪੱਛਮ ਆ ਵੜੇ। ਮਾਪਿਆਂ ਦੇ ਮਨਾਂ ਦੇ ਬਣੇ ਤੇ ਅਖਤਿਆਰ ਹੋਏ ਪ੍ਰਭਾਵਾਂ ਨੇ ਆਪ ਹੁਦਰੇ ਹੀ ਮਨਾਂ ਅੰਦਰ ਇਹ ਵਿਸ਼ਵਾਸ ਬਣਾ ਦਿੱਤਾ ਕਿ ਪੱਛਮ ਦੀ ਜੰਮੀ ਅਗਲੀ ਪੀੜ੍ਹੀ ਸਾਡੀ, ਸਾਡੇ ਆਪ ਮੁਹਾਰੇ ਬਣੇ ਪ੍ਰਭਾਵਾਂ ਤੇ ਖਾਹਿਸ਼ਾਂ ਉਤੇ ਸਹਿਜ ਸੁਭਾ ਹੀ ਫੁੱਲ ਚੜ੍ਹਾਏਗੀ। ਇਹ ਨਿਰੇ ਹਵਾਈ ਖਿਆਲ ਸਨ। ਅਸੀਂ ਖਾਸ ਕਰ ਪੰਜਾਬੀ ਲੋਕ ਵੱਡੇ ਸਾਂਝੇ ਪਰਿਵਾਰਾਂ 'ਚ ਰਹਿਣ ਦੇ ਆਦੀ ਹੋਣ ਕਾਰਨ ਇਹੀ ਧਾਰਨਾ ਬਣਾਈ ਚਲੇ ਆ ਰਹੇ ਹਾਂ ਕਿ ਪੱਛਮ 'ਚ ਸਾਡੇ ਜੰਮੇ ਬੱਚੇ ਸਾਡੀਆਂ ਧਾਰਨਾਵਾਂ ਨੂੰ ਸਹਿਜੇ ਹੀ ਪੜ੍ਹ ਪਹਿਲੀ ਪੀੜ੍ਹੀ ਵਾਂਗ ਹੀ ਸੋਚਣ ਅਤੇ ਵਿਚਰਨਗੇ।***

# ਮਾਪੇ ਵਿਚਾਰੇ ਕੀ ਕਰਨ ?



ਮਾਪੇ ਵਿਚਾਰੇ ਕੀ ਕਰਨ ! ਪੱਛਮੀ ਦੇਸ਼ਾਂ 'ਚ ਪਰਵਾਸ ਤਾਂ ਆ ਕੀਤਾ, ਪਰ ਮਨ ਦੀ ਅੰਦਰੂਨੀ ਖੁਸ਼ੀ ਤੇ ਰੁਚੀਆਂ ਪੂਰੀਆਂ ਨਹੀਂ ਹੋਈਆਂ, ਜੋ ਚਿਤਵੀਆਂ ਸਨ। ਸਾਰੀ ਉਮਰ ਕੰਮ ਕਰਦਿਆਂ ਲੰਘੀ, ਓਵਰ ਟਾਈਮ ਕਰਨੋਂ ਵੀ ਸੰਕੋਚ ਨਹੀਂ ਕੀਤਾ; ਵਾਰੋ ਵਾਰੀ ਸ਼ਿਫਟਾਂ ਕਰ ਬੱਚੇ ਪਾਲੇ, ਪੜ੍ਹਾਏ ਤੇ ਵਿਆਹੇ। ਤਾਂਘ ਸੀ ਕਿ ਇਹ ਸਾਰੇ ਫਰਜ਼ ਨਿਭਾਉਣ ਉਪਰੰਤ ਉਨ੍ਹਾਂ ਦੇ ਤੇ ਅਗਾਂਹ ਉਨ੍ਹਾਂ ਦੇ ਬੱਚਿਆਂ ਦੇ ਪਿਆਰ ਤੇ ਨੇੜਤਾ ਦਾ ਨਿੱਘ ਮਾਣਨ ਦਾ ਸਦਾ ਬਹਾਰ ਸਮਾਂ ਆਏਗਾ। ਸਾਲਾਂਬੱਧੀ ਕੀਤੇ ਕੰਮ, ਝੱਲੀਆਂ ਔਖਿਆਈਆਂ, ਨਵੇਂ ਥਾਂ ਬਦਲਵੇਂ ਮਾਹੌਲ 'ਚ ਰਹਿਣ ਸਹਿਣ ਦੇ ਤੌਰ ਤਰੀਕਿਆਂ ਦੀ ਜਾਂਚ ਸਿੱਖਣਾ ਤੇ ਮਾਹੌਲ ਦੇ ਆਦੀ ਹੋਣਾ; ਨਾਲ ਹੀ ਆਪਣਾ ਤੇ ਆਪਣੇ ਪੁਰਖਿਆਂ ਦੇ ਸਦੀਆਂ ਪੁਰਾਣੇ ਰਹਿਣ ਸਹਿਣ ਦੇ ਤੌਰ ਤਰੀਕੇ ਤੇ ਵਿਰਸੇ ਦੀ ਯਾਦ ਦੀ, ਅੰਦਰ ਇਕ ਖਲਬਲੀ ਜਿਹੀ ਮਚਦੀ ਰਹਿਣ ਦਾ ਸਾਹਮਣਾ ਕਰਦੇ ਰਹਿਣਾ, ਆਪਣੇ ਆਪ 'ਚ ਇੱਕ ਵੱਖਰੀ ਜਦੋ ਜਹਿਦ ਸੀ।

ਸਮਾਂ ਬੀਤਿਆ, ਸਿਰਜੇ ਸੁਪਨਿਆਂ ਦੇ ਦਿਨ ਆਉਣ ਦਾ ਝੌਲਾ ਪੈਣ ਲੱਗਾ। ਹੱਡ ਭੰਨਵੀਂ ਕੀਤੀ ਮਿਹਨਤ ਦਾ ਫਲ ਮਿਲਣ ਲੱਗਾ। ਸਮਾਂ ਲੰਘਦਿਆਂ ਚਿਰ ਨਾ ਲੱਗਾ, ਪੈਂਤੀ ਚਾਲੀ ਸਾਲ ਦਾ ਸਮਾਂ ਅੱਖ ਝਪੱਕੇ 'ਚ ਹੀ ਲੰਘ ਗਿਆ ਲੱਗਿਆ। ਸਰੀਰ ਦੀ ਵੀ ਉਹ ਟਹਿਕ ਬਹਿਕ ਨਾ ਰਹੀ, ਜੋ ਹੋਇਆ ਕਰਦੀ ਸੀ। ਸਮੇਂ ਤੇ ਕੰਮ ਨੇ ਸਰੀਰ ਦਾ ਨਿੰਬੂ ਵਾਂਗ ਰਸ ਨਚੋੜ ਕੇ ਬੇਢਬਾ ਰੂਪ ਬਣਾ ਦਿੱਤਾ। ਲਗਾਤਾਰ ਕੰਮ ਦੀ ਮਾਰ ਤੇ ਉਮਰ ਦੇ ਤਕਾਜ਼ੇ ਨੇ ਕਈ ਨਿੱਕੇ ਮੋਟੇ ਰੋਗਾਂ ਨੂੰ ਵੀ ਸਰੀਰ ਦੁਆਲੇ ਭਿਣਕਣ ਲਾ ਦਿੱਤਾ; ਮਨ 'ਚ ਚੜ੍ਹਦੇ-ਉਤਰਦੇ ਚੰਗੇ ਮਾੜੇ ਪ੍ਰਭਾਵਾਂ ਨੇ ਸਰੀਰ ਨੂੰ ਹੋਰ ਭੀ ਪਿੰਜਣੀਂ ਥਾਂਈਂ ਪਿੰਜ ਦਿੱਤਾ। ਵਿਚਾਰਾ ਭੱਜਿਆ, ਟੁੱਟਿਆ, ਝੰਬਿਆ ਸਰੀਰ ਹੁਣ ਇਸ ਆਸ ਦੇ ਮਲਟੀ-ਵਿਟਾਮਿਨਾਂ ਰੂਪੀ ਦਵਾਈ ਦੇ ਸੁਪਨਿਆਂ ਦੀ ਝਾਕ ਕਿ ਉਨ੍ਹਾਂ ਦੀ ਔਲਾਦ ਹੁਣ ਉਨ੍ਹਾਂ ਦੀ ਕੀਤੀ ਘਾਲਣਾ ਤੇ ਉਨ੍ਹਾਂ ਲਈ ਬਣਾਈ ਸੁੱਖ ਸੁਵਿਧਾ ਦਾ ਮੁੱਲ ਪਾ, ਉਨ੍ਹਾਂ ਦੇ ਹੁਣ ਤੱਕ ਦੇ ਸਿਰਜੇ ਸੁਪਨਿਆਂ ਦਾ ਸੰਪੂਰਨ ਸਬਜ਼ਬਾਗ ਦਿਖਾਉਣਗੇ।

ਸਾਲਾਂਬੱਧੀ ਮਨਾਂ ਅੰਦਰ ਇਹ ਖਿਆਲ ਉਪਜਦੇ ਜਮਾਂ ਹੁੰਦੇ, ਮਨ ਦੇ ਅੰਦਰ ਪਰਤ ਦਰ ਪਰਤ ਸਾਂਭ ਹੁੰਦੇ ਰਹੇ। ਇਨ੍ਹਾਂ ਸਾਂਭ ਸੰਭਾਲ ਹੋ ਰਹੇ ਤਰ੍ਹਾਂ ਤਰ੍ਹਾਂ ਦੇ ਸਬਜ਼ਬਾਗਾਂ ਦੇ ਸੁਪਨਿਆਂ ਦਾ ਅਗਲੀ ਪੀੜ੍ਹੀ ਨੂੰ ਨਾ ਤਾਂ ਕੋਈ ਇਲਮ ਸੀ ਅਤੇ ਨਾ ਹੀ ਉਨ੍ਹਾਂ ਅੰਦਰ ਇਨ੍ਹਾਂ ਦੀ ਮਹੱਤਤਾ ਤੇ ਕੀਮਤ ਦਾ ਕੋਈ ਅਨੁਭਵ। ਇਹ ਮਾਪਿਆਂ ਦੇ ਨਿਰੇ ਖਿਆਲੀ ਪਲਾਉ ਸਨ। ਆਪਣਾ ਦੇਸ਼ ਛੱਡਣ ਲੱਗਿਆਂ ਨਾਲ ਲਿਆਂਦੇ ਖਿਆਲ, ਰੀਤੀ ਰਿਵਾਜ਼, ਸਮਾਜਕ ਭਾਈਚਾਰਕ ਮਿਲਵਰਤੋਂ ਤੇ ਹੋਰ ਬੇਅੰਤ ਕਿਸਮ ਦੇ ਸਿਰਜੇ ਸੁਪਨੇ ਤਾਂ ਉੱਥੋਂ ਆਉਣ ਵਾਲਿਆਂ ਦੇ ਹੱਡਾਂ 'ਚ ਰਚੇ ਹੋਏ ਸਨ। ਪੱਛਮੀ ਸਮਾਜ 'ਚ ਜੰਮੀ ਅਗਲੀ ਪੀੜ੍ਹੀ ਦੀਆਂ ਆਪਣੀਆਂ ਤਰਜੀਹਾਂ ਸਨ, ਜੋ ਮਾਪਿਆਂ ਨਾਲ ੱਕਾ ਹੀ ਸੁਮੇਲ ਨਹੀਂ ਸਨ ਖਾਂਦੀਆਂ। ਮਾਪਿਆਂ ਦਾ ਇਹ ਭਰਮ ਕਿ ਉਨ੍ਹਾਂ ਦੀ ਹੱਡ ਭੰਨਵੀਂ ਮਿਹਨਤ, ਕਮਾਇਆ ਪੈਸਾ ਧੇਲਾ, ਬੱਚਿਆਂ ਲਈ ਮੁਹੱਈਆ ਕਰਵਾਈਆਂ ਸੁੱਖ ਸਹੂਲਤਾਂ ਸਹਿਜ ਸੁਭਾ ਅਗਲੀ ਔਲਾਦ ਨੂੰ ਆਪਣੇ ਸਿਰਜੇ ਸੁਪਨੇ ਤੇ ਅੰਦਰ ਦੀਆਂ ਭਾਵਨਾਵਾਂ ਦੇ ਸਹਿਜੇ ਹੀ ਦਰਸ਼ਨ ਕਰਵਾ ਦੇਣਗੀਆਂ; ਇਹ ਉਨ੍ਹਾਂ ਦੇ ਅੰਦਰ ਸਿਰਜਿਆ ਇਕ ਸਿਰੇ ਦਾ ਭੁਲੇਖਾ ਸੀ। ਇਨ੍ਹਾਂ ਅੰਦਰ ਸਿਰਜੇ ਗਏ ਸਬਜ਼ਬਾਗਾਂ ਦੇ ਸੁਪਨਿਆਂ ਨੂੰ ਨਾ ਤਾਂ ਮਾਪੇ ਹੀ ਭੁੱਲਣ ਤੇ ਵਿਸਾਰਨ ਨੂੰ ਤਿਆਰ ਸਨ ਤੇ ਨਾ ਹੀ ਅਗਲੀ ਪੀੜ੍ਹੀ ਇਨ੍ਹਾਂ ਨੂੰ ਮਾਨਤਾ ਦੇ ਕੇ ਉਨ੍ਹਾਂ ਪ੍ਰਤੀ ਸੁਹਿਰਦ ਹੋ ਉਨ੍ਹਾਂ ਨੂੰ ਕੋਈ ਮਹੱਤਤਾ ਪ੍ਰਦਾਨ ਕਰਨ ਦੇ ਰੁਝਾਨ ਵਿਚ ਸਨ। ਇਹ ਇਕ ਵੱਡੀ ਦੁਬਿਧਾ ਦਾ ਚੌਰਾਹਾ ਹੈ, ਦੋ ਪ੍ਰਮੁੱਖ ਪੀੜ੍ਹੀਆਂ ਦੇ ਦੋ ਵੱਖੋ ਵੱਖਰੇ ਰਾਹ ਹਨ।

ਚੌਰਾਹੇ 'ਤੇ ਮਿਲਣ ਵਾਲੀਆਂ ਸੜਕਾਂ ਕਦੇ ਵੀ ਸਮਾਨੰਤਰ ਨਹੀਂ ਚੱਲ ਸਕਦੀਆਂ। ਉੱਤਰ ਤੋਂ ਦੱਖਣ ਨੂੰ ਜਾਣ ਵਾਲੀ ਤੇ ਪੂਰਬ ਤੋਂ ਪੱਛਮ ਨੂੰ ਜਾ ਰਹੀ ਸੜਕ ਦਾ ਇਕ ਖਾਸ ਥਾਂ 'ਤੇ ਮਿਲਣ ਬਿੰਦੂ ਤਾਂ ਹੈ, ਪਰ ਇਹ ਇੱਕ ਦਿਸ਼ਾ ਵਲ ਸਮਾਨੰਤਰ ਨਹੀਂ ਚੱਲ ਸਕਦੀਆਂ। ਇਹੀ ਗੱਲ ਮਾਪਿਆਂ ਤੇ ਬੱਚਿਆਂ ਦੇ ਵਿਚਾਰਾਂ ਦੇ ਸੁਮੇਲ ਦੀ ਹੈ, ਇਥੇ ਹੀ ਵਿਚਾਰਾਂ ਦਾ ਬਖੇੜਾ ਸ਼ੁਰੂ ਹੁੰਦਾ ਹੈ। ਬੱਚੇ ਪੱਛਮ 'ਚ ਜੰਮੇ ਤੇ ਉਨ੍ਹਾਂ 'ਤੇ ਪੱਛਮ ਦੇ ਰਹਿਣ ਸਹਿਣ ਤੇ ਵਰਤ ਵਤੀਰੇ ਦਾ ਪ੍ਰਭਾਵ ਭਾਰੂ ਹੈ, ਮਾਪੇ ਪੂਰਬ 'ਚ ਪਲੇ ਤੇ ਵੱਡੇ ਹੋਏ ਤੇ ਆਉਂਦੇ ਹੋਏ ਸਾਰਾ ਪ੍ਰਭਾਵ ਲੈ ਪੱਛਮ ਆ ਵੜੇ। ਮਾਪਿਆਂ ਦੇ ਮਨਾਂ ਦੇ ਬਣੇ ਤੇ ਅਖਤਿਆਰ ਹੋਏ ਪ੍ਰਭਾਵਾਂ ਨੇ ਆਪ ਹੁਦਰੇ ਹੀ ਮਨਾਂ ਅੰਦਰ ਇਹ ਵਿਸ਼ਵਾਸ ਬਣਾ ਦਿੱਤਾ ਕਿ ਪੱਛਮ ਦੀ ਜੰਮੀ ਅਗਲੀ ਪੀੜ੍ਹੀ ਸਾਡੀ, ਸਾਡੇ ਆਪ ਮੁਹਾਰੇ ਬਣੇ ਪ੍ਰਭਾਵਾਂ ਤੇ ਖਾਹਿਸ਼ਾਂ ਉਤੇ ਸਹਿਜ ਸੁਭਾ ਹੀ ਫੁੱਲ ਚੜ੍ਹਾਏਗੀ। ਇਹ ਨਿਰੇ ਹਵਾਈ ਖਿਆਲ ਸਨ। ਅਸੀਂ ਖਾਸ ਕਰ ਪੰਜਾਬੀ ਲੋਕ ਵੱਡੇ ਸਾਂਝੇ ਪਰਿਵਾਰਾਂ 'ਚ ਰਹਿਣ ਦੇ ਆਦੀ ਹੋਣ ਕਾਰਨ ਇਹੀ ਧਾਰਨਾ ਬਣਾਈ ਚਲੇ ਆ ਰਹੇ ਹਾਂ ਕਿ ਪੱਛਮ 'ਚ ਸਾਡੇ ਜੰਮੇ ਬੱਚੇ ਸਾਡੀਆਂ ਧਾਰਨਾਵਾਂ ਨੂੰ ਸਹਿਜੇ ਹੀ ਪੜ੍ਹ ਪਹਿਲੀ ਪੀੜ੍ਹੀ ਵਾਂਗ ਹੀ ਸੋਚਣ ਅਤੇ ਵਿਚਰਨਗੇ। ਇਹ ਇਕ ਸੰਪੂਰਨ ਹਨੇਰੇ 'ਚ ਵਿਚਰਨ ਵਾਲੀ ਗੱਲ ਹੈ। ਅਗਾਂਹ ਨਿਰਾਸ਼ਾ ਦਾ ਦਰਿਆ ਵੀ ਇਥੋਂ ਹੀ ਵਗਣਾ ਤੇ ਕੰਢਿਆਂ ਉਪਰ ਦੀ ਉਛਲਣਾ ਸ਼ੁਰੂ ਹੁੰਦਾ ਹੈ। ਬੱਚਿਆਂ ਦੇ ਆਪਣੇ ਰਾਹ ਤਾਂ ਸਾਡੇ ਸਿਰਜੇ ਰਾਹਾਂ ਤੇ ਆਸਾਂ ਦੇ ਅਨਕੂਲ ਹੀ ਨਹੀਂ।

ਮਾਪਿਆਂ ਨੂੰ ਆਪਣੀਆਂ ਉਮੰਗਾਂ ਦੀ ਨਾਪੂਰਤੀ ਦਾ ਝਲਕਾ ਉਨ੍ਹਾਂ ਦੇ ਆਲੇ ਦੁਆਲੇ ਇਕ ਉਦਾਸੀ ਦਾ ਵਾਤਾਵਰਣ ਸਿਰਜਣਾ ਸ਼ੁਰੂ ਕਰ ਦਿੰਦਾ ਹੈ। ਮਾਪੇ ਅੰਦਰੋ ਅੰਦਰੀ ਕੁੜ੍ਹਦੇ ਹਨ, ਝੂਠੀਆਂ ਖੁਸ਼ੀਆਂ ਤੇ ਫੋਕੀਆਂ ਤਸੱਲੀਆਂ ਰੂਪੀ ਥੰਮੀ ਨਾਲ ਮਨ ਨੂੰ ਕੁਝ ਢਾਰਸ ਦੇਣਾ ਚਿਤਵਦੇ ਹਨ। ਬੱਚਿਆਂ ਨੂੰ ਛੱਡ ਵੀ ਨਹੀਂ ਸਕਦੇ ਤੇ ਨਾਲ ਚੱਲਣ ਲਈ ਵੀ ਅੰਦਰ ਉਕਸਾਹਟ ਨਹੀਂ ਪੈਦਾ ਹੁੰਦੀ, ਵਿਚ ਵਿਚਾਲੇ ਹੀ ਘੜੀਸ ਹੁੰਦੇ ਦਿਨ ਕਟੀ ਕਰਦੇ ਬੁਢੇਪੇ ਦੀ ਪੌੜੀ ਦੇ ਅਗਲੇ ਡੰਡੇ ਪੈਰ ਧਰਦੇ ਜਾਂਦੇ ਹਨ। ਮਨ 'ਚ ਮ੍ਰਿਗ ਤ੍ਰਿਸ਼ਨਾ ਦੀ ਧਾਰਨਾ ਦੀ ਗੱਡੀ ਚੜ੍ਹਦੇ ਮਨ ਦੀਆਂ ਆਸਾਂ ਦੇ ਫਲ ਨੂੰ ਬੂਰ ਪੈਣ ਦੀ ਝਾਕ ਹਾਲੇ ਵੀ ਰੱਖਦੇ ਹਨ। ਮੌਕਾ ਭਾਲਦੇ ਹਨ ਕਿ ਕਿਸੇ ਬਹਾਨੇ ਉਨ੍ਹਾਂ ਦੇ ਬੱਚੇ ਉਨ੍ਹਾਂ ਕੋਲ ਆਉਣ, ਦਿਨ-ਦਿਹਾਰ 'ਤੇ ਉਡੀਕ ਕਰਦੇ ਹਨ, ਪਾਰਟੀਆਂ ਤੇ ਡਿਨਰਾਂ ਦਾ ਅਡੰਬਰ ਰਚਦੇ ਹਨ। ਬੱਧੇ ਰੁੱਧੇ ਬੱਚੇ ਪਰਿਵਾਰਾਂ ਸਮੇਤ ਆ ਤਾਂ ਜਾਂਦੇ ਹਨ ਥੋੜ੍ਹੇ ਸਮੇਂ ਲਈ, ਇਸ ਨਾਲ ਮਾਪਿਆਂ ਅੰਦਰ ਲੱਗੀ ਝੋਰੇ ਦੀ ਤਪਸ਼ ਕੁਝ ਦੇਰ ਲਈ ਘਟ ਜਾਂਦੀ ਹੈ, ਪਰ ਸ਼ਾਂਤ ਨਹੀਂ ਹੁੰਦੀ; ਇਹ ਆਰਜੀ ਤਸੱਲੀ ਹੁੰਦੀ ਹੈ। ਬੱਚੇ ਘੜੀ ਵਲ ਹੀ ਵੇਖਦੇ ਕੁਝ ਘੰਟੇ ਬਿਤਾ ਮੁੜ ਆਪੋ ਆਪਣੇ ਘਰੀਂ ਚਲੇ ਜਾਂਦੇ ਹਨ: ਮਾਪੇ ਫਿਰ ਕੱਲਮ ਕੱਲੇ ਕੰਧਾਂ ਦੇ ਖੂੰਜਿਆਂ ਵਲ ਬਿਟਰ ਬਿਟਰ ਝਾਕਦੇ ਰਹਿ ਜਾਂਦੇ ਹਨ। ਕਮਾਇਆ ਪੈਸਾ, ਵਧੀਆ ਬਣਾਏ ਘਰ ਤੇ ਘਰ ਦੇ ਅੰਦਰ ਬੇਅੰਤ ਪਈਆਂ ਮਹਿੰਗੀਆਂ ਸਜਾਵਟੀ ਵਸਤਾਂ ਵੀ ਖਾਣ ਨੂੰ ਆਉਂਦੀਆਂ ਹਨ। ਇਹ ਮਨ ਦਾ ਝੋਰਾ ਕਿਸੇ ਨੂੰ ਦੱਸਦੇ ਵੀ ਨਹੀਂ ਤੇ ਮੂਹਰੇ ਕੋਈ ਦੁੱਖੜਾ ਸੁਣ ਕੇ ਦੁਆ ਦਾਰੂ ਦੱਸਣ ਵਾਲਾ ਵੀ ਨਹੀਂ ਹੁੰਦਾ, ਕਿਉਂਕਿ ਜਿਸ ਕੋਲ ਦੱਸਣਾ ਹੈ, ਉਸ ਦਾ ਤਾਂ ਆਪ ਉਨ੍ਹਾਂ ਵਾਲਾ ਹੀ ਹਾਲ ਹੈ।

ਸਭ ਇਕ ਦੂਜੇ ਤੋਂ ਚੋਰੀ ਕੋਠੀ 'ਚ ਮੂੰਹ ਦੇਈ ਝੂਰੀ ਜਾ ਰਹੇ ਹੁੰਦੇ ਹਨ। ਆਪਣੇ ਪੁਸ਼ਤੀ ਸੁਭਾ ਮੁਤਾਬਕ ਨਾ ਤਾਂ ਆਪਣੇ ਮਨ ਨੂੰ ਹੀ ਇਸ ਤਬਦੀਲੀ ਲਈ ਤਿਆਰ ਕਰ ਸਕੇ ਤੇ ਨਾ ਹੀ ਆਪਣੀ ਅਗਲੀ ਪੀੜ੍ਹੀ ਦੀ ਆਲੇ ਦੁਆਲੇ ਦੀ ਮਜ਼ਬੂਰੀ ਨੂੰ ਸਮਝ, ਕੋਈ ਵਿਚਲਾ ਰਾਹ ਹੀ ਅਖਤਿਆਰ ਕੀਤਾ। ਸਾਲਾਂ ਬੱਧੀ ਘਰੋਂ ਕੰਮ ਤੇ ਕੰਮ ਤੋਂ ਘਰ ਵਾਲਾ ਚੰਡੋਲ ਚੜ੍ਹੇ ਰਹਿਣ ਕਾਰਨ ਕੋਈ ਹੋਰ ਰੁਝੇਵਾਂ ਬਣਿਆ ਨਹੀਂ ਜਾਂ ਬਣੂਨ ਦੀ ਲੋੜ ਨਹੀਂ ਸਮਝੀ ਤੇ ਰਿਟਾਇਰ ਹੋਣ ਪਿਛੋਂ ਕੋਈ ਰੌਚਕਤਾ ਨਾ ਹੋਣ ਕਾਰਨ ਸਮਾਂ ਬਿਤਾਉਣਾ ਹੋਰ ਵੀ ਦੁੱਭਰ ਹੋ ਗਿਆ। ਪਰਵਾਸ ਕਰ ਕੇ ਆਈ ਪਹਿਲੀ ਪੀੜ੍ਹੀ ਨੂੰ ਖਾਸ ਕਰਕੇ ਇਸ ਕਸੂਤੀ ਕੁਠਾਲੀ ਵਿਚਦੀ ਵਿਚਰਨਾ ਪੈਂਦਾ ਹੈ।

**ਕਲਵੰਤ ਸਿੰਘ ਸਹੋਤਾ**
ਫੋਨ: 604-589-5919



# ਮਹਿੰਗੀ ਪਈ ਲਵ ਮੈਰਿਜ



ਨਗਾਉਂ ਤੋਂ ਸਿਆਲਦਾਹ ਆਉਣ ਵਾਲੀ ਲੋਕਲ ਟ੍ਰੇਨ ਰੋਜ਼ਾਨਾ ਵਾਂਗ ਸਵੇਰੇ ਸਾਢੇ ਪੰਜ ਵਜੇਪਲੇਟਫ਼ਾਰਮ ਤੇ ਆਈ।ਯਾਤਰੀ ਸਾਰੇ ਹੀ ਇੱਥੇ ਉਤਰ ਗਏ।ਰੇਲ ਗੱਡੀ ਖਾਲੀ ਹੁੰਦੇ ਹੀ ਰੇਲਵੇ ਪੁਲਿਸ ਦੇ ਜਵਾਨਾਂ ਨੇ ਗੱਡੀ ਦੀ ਰੂਟੀਨ ਚੈਕਿੰਗ ਆਰੰਭ ਕੀਤੀ। ਵਾਰੀ ਵਾਰੀ ਸਾਰੇ ਡੱਬਿਆਂ ਦਾ ਮੁਆਇਨਾ ਕੀਤਾ। ਕਈ ਬੋਗੀਆਂ ਚੈਕ ਕਰਨ ਤੋਂ ਬਾਅਦ ਪੁਲਿਸ ਦੇ ਜਵਾਨ ਇਕ ਬੋਗੀ ਵਿੱਚ ਗਏ ਤਾਂ ਉਸ ਵਿੱਚ ਲੋਹੇ ਦਾ ਇਕ ਮਜ਼ਬੂਤ ਬਕਸਾ ਲਵਾਰਿਸ ਪਿਆ ਸੀ। ਪੁਲਿਸ ਨੇ ਉਸਨੂੰ ਹਿਲਾ ਕੇ ਦੇਖਿਆ ਤਾਂ ਉਹਨਾਂ ਨੇ ਸੀਨੀਅਰ ਅਫ਼ਸਰਾਂ ਨੂੰ ਇਤਲਾਹ ਕੀਤੀ।

ਗਵਾਹਾਂ ਦੀ ਮੌਜੂਦਗੀ ਵਿੱਚ ਜਿੰਦਰਾ ਤੋੜ ਕੇ ਬਕਸੇ ਨੂੰ ਖੋਲ੍ਹਿਆ ਤਾਂ ਉਸ ਵਿੱਚ 20-22 ਸਾਲ ਦੇ ਇਕ ਲੜਕੇ ਦੀ ਲਾਸ਼ ਮਿਲੀ। ਲੜਕੇ ਦਾ ਗਲਾ ਅਤੇ ਬੁੱਲ੍ਹ ਕੱਟੇ ਪਏ ਸਨ, ਜਿਸ ਵਿੱਚੋਂ ਹੁਣ ਵੀ ਖ਼ੂਨ ਰਿਸ ਰਿਹਾ ਸੀ।

ਸਪਸ਼ਟ ਸੀ ਕਿ ਇਸਦੀ ਹੱਤਿਆ ਨੂੰ ਬਹੁਤਾ ਸਮਾਂ ਨਹੀਂ ਹੋਇਆ। ਪੁਲਿਸ ਨੇ ਲਾਸ਼ ਬਾਹਰ ਕੱਢੀ ਅਤੇ ਬਕਸੇ ਨੂੰ ਚੰਗੀ ਤਰ੍ਹਾਂ ਚੈਕ ਕੀਤਾ। ਮ੍ਰਿਤਕ ਦੇ ਹੱਥਾਂ ਤੇ ਟੈਟੂ ਬਣਿਆ ਸੀ ਅਤੇ ਉਸ ਤੇ ਅਮਿਤ ਲਿਖਿਆ ਸੀ। ਹੋਰ ਕੋਈ ਸੁਰਾਗ ਨਾ ਮਿਲ ਸਕਿਆ।

ਪੁਲਿਸ ਨੇ ਲਾਸ਼ ਪੋਸਟ ਮਾਰਟਮ ਲਈ ਭਿਜਵਾ ਦਿੱਤੀ। ਇਸ ਤੋਂ ਬਾਅਦ ਲਾਸ਼ ਦੀ ਸ਼ਨਾਖਤ ਕਰਨ ਦੀ ਕੋਸ਼ਿਸ਼ ਕੀਤੀ। ਸ਼ਿਨਾਖਤ ਕਰਨ ਮੀਡੀਆ ਦੀ ਮਦਦ ਲਈ ਗਈ। ਅਖਬਾਰਾਂ ਵਿੱਚ ਤਸਵੀਰ ਵੀ ਛਪੀ। ਅਗਲੇ ਦਿਨ ਹੀ ਇੱਕ ਅੱਧਖੜ੍ਹ ਵਿਅਕਤੀ ਥਾਣੇ ਪਹੁੰਚਿਆ ਅਤੇ ਕਿਹਾ ਕਿ ਮੇਰਾ ਨਾਂ ਜਯੰਤੋ ਰਾਇ ਹੈ। ਇਹ ਮੇਰੀ ਪਤਨੀ ਆਸ਼ਾ ਹੈ। ਅਸੀਂਪਾਲਵਾੜਾ ਜ਼ਿਲ੍ਹਾ ਉਤਰ 24 ਪਰਗਨਾ ਦੇ ਰਹਿਣ ਵਾਲੇ ਹਾਂ। ਉਹਨਾਂ ਨੇ ਦੱਸਿਆ ਕਿ ਸਾਡਾ ਮੁੰਡਾ ਅਮਿਤ ਰਾਏ ਨਾਸਿਕ ਤੋਂ ਵਾਪਸ ਪਰਤਿਆ ਸੀ। ਕਿਸੇ ਦਾ ਫ਼ੋਨ ਆਇਆ ਤਾਂ ਉਹ ਘਰੋਂ ਨਿਕਲ ਗਿਆ। ਉਸਦੀ ਉਮਰ 22 ਸਾਲ ਦੱਸੀ ਗਈ। ਇਸ ਤੋਂ ਬਾਅਦ ਹਸਪਤਾਲ ਉਹਨਾਂ ਨੂੰ ਲਾਸ਼ ਦਿਖਾਈ ਤਾਂ ਉਹ ਰੋਂਦੇ ਹੋਏ ਨਿਕਲੇ। ਲਾਸ਼ ਦੀ ਸ਼ਨਾਖਤ ਹੋ ਗਈ ਸੀ। ਉਹਨਾਂ ਦੱਸਿਆ ਕਿ ਅਮਿਤ ਆਪਣੇ ਕੰਮ ਵਿੱਚ ਹੀ ਰੁੱਝਿਆ ਰਹਿਣ ਵਾਲਾ ਨੌਜਵਾਨ ਸੀ। ਉਸਦੀ ਕਿਸੇ ਨਾਲ ਦੁਸ਼ਮਣੀ ਨਹੀਂ ਸੀ। ਇਕ ਹਫ਼ਤਾ ਪਹਿਲਾਂ ਹੀ ਉਸਦਾ ਵਿਆਹ ਹੋਇਆ ਸੀ, ਉਹ ਵੀ ਲਵ ਮੈਰਿਜ। ਕੀ ਲੜਕੀ ਦੇ ਪਰਿਵਾਰ ਵਾਲੇ ਸਹਿਮਤ ਸਨ ? ਨਹੀਂ, ਉਹਨਾਂ ਨੇ ਪੁਲਿਸ ਨੂੰ ਕਿਹਾ। ਉਸਦੀ ਪਤਨੀ ਰਾਖੀ ਕਿੱਥੇ ਹੈ ?

ਜੀ ਪੇਕੇ ਘਰ ਵਿੱਚ। ਵਿਆਹ ਤੋਂ ਤੀਜੇ ਦਿਨ ਹੀ ਰਾਖੀ ਦੇ ਮਾਂ-ਬਾਪ ਸਾਡੇ ਕਰ ਆ ਕੇ ਉਸਨੂੰ ਲੈ ਗਏ ਸਨ। ਪੁਲਿਸ ਦਾ ਧਿਆਨ ਤੁਰੰਤ ਆਨਰ ਕਿਲਿੰਗ ਵੱਲ ਗਿਆ।ਜਿਹਨਾਂ ਦਾ ਜਵਾਨ ਮੁੰਡਾ ਮਾਰਿਆ ਗਿਆ ਹੋਵੇ, ਉਹ ਪੁਲਿਸ ਤੋਂ ਕੀ ਲੁਕੋਣਗੇ ?

ਜਯੰਤੀ ਘੋਸ਼ ਉਰਫ਼ ਬੁਲੂ ਦੀ ਆਰਥਿਕ ਹਾਲਤ ਕੁਝ ਜ਼ਿਆਦਾ ਠੀਕ ਨਹੀਂ ਸੀ। ਬੱਸ ਕਿਸੇ ਤਰ੍ਹਾਂ ਉਹ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾ ਲੈਂਦੇ ਸਨ। ਇਹੀ ਕਾਰਨ ਸੀ ਕਿ ਅਮਿਤ ਉਰਫ਼ ਭੇਲੂ ਨੇ ਔਸਤ ਪੜ੍ਹਾਈ ਕੀਤੀ ਅਤੇ ਫ਼ਿਰ ਰੁਜ਼ਗਾਰ ਦੀ ਭਾਲ ਵਿੱਚ ਜੁਟ ਗਿਆ। ਇਸ ਦਸ਼ਾ ਵਿੱਚ ਅਮਿਤ ਲੋਕਲ ਟ੍ਰੇਨਾਂ ਵਿੱਚ ਨਜਾਇਜ਼ ਵੈਂਡਰ ਬਣ ਗਿਆ। ਉਸਨੇ ਦੇਖਿਆ ਕਿ ਟ੍ਰੇਨਾਂ ਵਿੱਚ ਲੋਕੀ ਬਾਜ਼ਾਰ ਕੀਮਤ ਤੋਂ ਬਹੁਤ ਉਚੇ ਰੇਟ ਤੇ ਸਮਾਨ ਵੇਚਦੇ ਹਨ। 17 ਸਾਲਾ ਰਾਖੀ ਅਮਿਤ ਦੇ ਪੜੌਸੀ ਮੁਹੱਲੇ ਦੀ ਰਹਿਣ ਵਾਲੀ ਪ੍ਰਦੀਪ ਸਾਹਾ ਉਰਫ਼ ਪਰੋ ਅਤੇ ਸਵਿਤਾ ਦੀ ਲੜਕੀ ਸੀ। ਉਸਦੇ ਦੋ ਵੱਡੇ ਭਰਾ ਵੀ ਸਨ ਬਾਪੀ ਉਰਫ਼ ਕਾਲਾ ਅਤੇ ਵਿਸ਼ਵਜੀਤ। ਰਾਖੀ ਨਾਲ ਅਮਿਤ ਦੀਆਂ ਨਜ਼ਰਾਂ ਭਿੜ ਗਈਆਂ। ਰਾਖੀ ਨੇ ਅਮਿਤ ਨੂੰ ਮੋਢੇ ਨਾਲ ਮੋਢਾ ਮਿਲਾ ਕੇ ਚੱਲਦੇ ਦੇਖਿਆ ਤਾਂ ਉਸ ਵੱਲ ਸਿਰ ਘੁੰਮਾ ਕੇ ਮੁਸਕਰਾਈ।ਅਮਿਤ ਕੋਲ ਦਿਨ ਵੇਲੇ ਵਕਤ ਨਹੀਂ ਹੁੰਦਾ ਸੀ ਅਤੇ ਰੋਜ਼ ਸ਼ਾਮ ਨੂੰ ਰਾਖੀ ਨੂੰ ਮਿਲਣ ਦੀ ਵਿਉਂਤ ਬਣਾਈ। ਰਾਖੀ ਸਿਆਲਦਾਹ-ਹਾਵੜਾ ਰੂਟ ਦੀਆਂ ਉਹਨਾਂ ਲੋਕਲ ਟ੍ਰੇਨਾਂ ਵਿੱਚ ਸਫ਼ਰ ਕਰਨ ਲੱਗੀ, ਜਿਹਨਾਂ ਵਿੱਚ ਅਮਿਤ ਖਾਣ-ਪੀਣ ਦੀਆਂ ਚੀਜ਼ਾਂ ਵੇਚਦਾ ਸੀ। ਅਮਿਤ ਦਾ ਕੰਮ ਅਤੇ ਪਿਆਰ ਇਕੱਠੇ ਚੱਲਣ ਲੱਗੇ। ਸਾਲ-ਸਵਾ ਸਾਲ ਬਾਅਦ ਉਹ ਵਕਤ ਵੀ ਆਇਆ ਜਦੋਂ ਇਕ ਦੂਜੇ ਨੇ ਵਿਆਹ ਦਾ ਫ਼ੈਸਲਾ ਕਰ ਲਿਆ। ਅਮਿਤ ਨੂੰ ਯਕੀਨੀ ਸੀ ਕਿ ਉਸਦੇ ਮਾਂ-ਬਾਪ ਤਾਂ ਉਸ ਨਾਲ ਸਹਿਮਤ ਹੋ ਜਾਣਗੇ। ਰਾਖੀ ਨੂੰ ਡਰ ਸੀ ਕਿ ਪ੍ਰੇਮ ਦਾ ਭੇਦ ਖੁੱਲਣ ਤੋਂ ਬਾਅਦ ਉਸਦੇ ਮਾਂ ਬਾਪ ਭੜਕ ਸਕਦੇ ਹਨ। ਵਿਆਹ ਲਈ ਰਾਖੀ ਅਤੇ ਅਮਿਤ ਨੇ 15 ਅਪ੍ਰੈਲ ਦੀ ਤਾਰੀਖ ਤਹਿ ਕਰ ਲਈ। ਉਸ ਦਿਨ ਰਰਾਖੀ ਘਰ ਤੋਂ ਇਹ ਕਹਿ ਕੇ ਨਿਕਲੀ ਕਿ ਉਹ ਆਪਣੀ ਇਕ ਸਹੇਲੀ ਨੂੰ ਮਿਲਦ ਜਾ ਰਹੀ ਹੈ, ਦੋ ਘੰਟੇ ਵਿੱਚ ਮੁੜ ਆਵੇਗੀ, ਪਰ ਉਹ ਜਾ ਪਹੁੰਚੀ, ਜਿੱਥੇ ਅਮਿਤ ਉਸਦੀ ਉਡੀਕ ਕਰ ਰਿਹਾ ਸੀ।

ਅਮਿਤ ਅਤੇ ਰਾਖੀ ਨੇ ਚਕਲਾ ਮੰਦਰ ਵਿੱਚ ਵਿਆਹ ਕਰ ਲਿਆ। ਉਸ ਤੋਂ ਬਾਅਦ ਅਮਿਤ ਰਾਖੀ ਨੂੰ ਆਪਣੇ ਘਰ ਲੈ ਗਿਆ। ਆਸ਼ਾ ਅਤੇ ਬੁਲੂ ਰਾਏ ਵੀ ਹੈਰਾਨ ਰਹਿ ਗਏ ਕਿ ਇਹ ਕੀ ਹੋ ਗਿਆ।

ਫ਼ਿਰ ਉਹਨਾਂ ਨੇ ਕਿਸੇ ਤਰ੍ਹਾਂ ਉਸਨੂੰ ਸਵੀਕਾਰ ਕਰ ਹੀ ਲਿਆ। ਅਮਿਤ ਨੇ ਆਪਣੀ ਅਤੇ ਰਾਖੀ ਦੀ ਬੇਵਸੀ ਤੋਂ ਮਾਤਾ-ਪਿਤਾ ਨੂੰ ਜਾਣੂ ਕਰਵਾਇਆ ਅਤੇ ਕਿਹਾ ਕਿ ਉਹ ਰਾਖੀ ਦੇ ਮਾਂ-ਬਾਪ ਨੂੰ ਸਹਿਮਤ ਕਰਨ।

ਆਸ਼ਾ ਅਤੇ ਬੁੱਲੂ ਰਾਏ ਦੀ ਚਿੰਤਾ ਸੀ ਕਿ ਹੁਣ ਸਮਾਜ ਅਤੇ ਕਾਨੂੰਨ ਵੀ ਉਹਨਾਂ ਦੇ ਖਿਲਾਫ਼ ਹੋ ਸਕਦਾ ਹੈ। ਰਾਖ ਦੀ ਭਾਲ ਆਰੰਭ ਹੋ ਗਈ ਤਾਂ ਪਤਾ ਲੱਗਿਆ ਕਿ ਉਹ ਅਮਿਤ ਦੇ ਘਰ ਹੈ। ਉਹ ਅਮਿਤ ਦੇ ਘਰ ਪਹੁੰਚੇ ਤਾਂ ਪਰਿਵਾਰ ਵਾਲਿਆਂ ਨੂੰ ਦੇਖ ਕੇ ਰਾਖੀ ਦਾ ਮਨ ਭਰ ਆਇਆ। ਉਹਨਾਂ ਨੇ ਭਰੋਸਾ ਦਿੱਤਾ ਕਿ ਜੇਕਰ ਵਿਆਹ ਹੀ ਕਰਨਾ ਸੀ ਤਾਂ ਸਾਨੂੰ ਦੱਸਣਾ ਸੀ। ਅਸੀਂ ਅਮਿਤ ਨਾਲ ਤੇਰਾ ਵਿਆਹ ਕਰ ਦਿੰਦੇ। ਸਾਰਿਆਂ ਨੇ ਤਹਿ ਕੀਤਾ ਕਿ ਗੁਪਤ ਵਿਆਹ ਨੂੰ ਸਮਾਜ ਦੀ ਮਾਨਤਾ ਨਹੀਂ ਹੈ। ਇਸ ਕਰ ਕੇ ਅਸੀਂ ਜਲਦੀ ਕੋਈ ਤਾਰੀਖ ਤਹਿ ਕਰ ਕੇ ਦੁਬਾਰਾ ਇਹਨਾਂ ਦਾ ਵਿਆਹ ਕਰਾਂਗੇ।

ਆਸ਼ਾ ਅਤੇ ਬੁੱਲੂ ਨੂੰ ਪਤਾ ਨਹੀਂ ਸੀ ਕਿ ਇਸ ਤੋਂ ਬਾਅਦ ਕੀ ਹੋਵੇਗਾ। ਉਸ ਤੋਂ ਦੋ ਦਿਨ ਬਾਅਦ 22 ਅਪ੍ਰੈਲ ਨੂੰ ਉਹ ਵਾਪਸ ਆਇਆ। ਘਰ ਵਿੱਚ ਬੈਗ ਰੱਖਿਆ ਅਤੇ ਅਗਲੇ ਦਿਨ ਬਨਗਾਉਂ-ਸਿਆਲਦਾਹ ਲੋਕਲ ਟ੍ਰੇਨ ਵਿੱਚ ਬਕਸੇ ਵਿੱਚ ਬੰਦ ਉਸਦੀ ਲਾਸ਼ ਮਿਲੀ।

ਪੁਲਿਸ ਤੁਰੰਤ ਰਾਖੀ ਦੇ ਘਰ ਪਹੁੰਚੀ ਤਾਂ ਪਤਾ ਲੱਗਿਆ ਕਿ ਰਾਖੀ ਵੀ ਗਾਇਬ ਹੈ। ਅਮਿਤ ਨੂੰ ਬੁਲਾਉਣ ਵਾਲੀ ਵੀ ਰਾਖੀ ਦੀ ਮਾਂ ਸ਼ੁਭਰਾ ਸੀ। ਉਸਨੇ ਕਿਹਾ ਕਿ ਉਹ ਸਹਿਮਤ ਤਾਂ ਨਹੀਂ ਸਨ ਪਰ ਸਹਿਮਤੀ ਬਣ ਰਹੀ ਸੀ। ਪੁਲਿਸ ਰਾਖੀ ਦੀ ਦਾਦੀ ਕਮਲਾਰਾਣੀ ਤੋਂ ਪੁੱਛ ਹੀ ਰਹੀ ਸੀ ਕਿ ਕਮਰੇ ਤੋਂ ਫ਼ਿਨਾਇਲ ਦੀ ਮਹਿਕ ਮਹਿਸੂਸ ਹੋਈ। ਅੰਦਰ ਜਾ ਕੇ ਮੁਆਇਨਾ ਕੀਤਾ, ਅੰਦਰ ਲੱਗ ਰਿਹਾ ਸੀ ਜਿਵੇਂ ਕਮਰਾ ਵਿਸ਼ੇਸ਼ ਤੌਰ ਤੇ ਧੋ ਕੇ ਸਾਫ਼ ਕੀਤਾ ਹੋਵੇ। ਪੁਲਿਸ ਨੇ ਬਰੀਕੀ ਨਾਲ ਮੁਆਇਨਾ ਕੀਤਾ ਤਾਂ ਕੰਧ ਦੇ ਖ਼ੂਨ ਦੇ ਛਿੱਟੇ ਮਿਲੇ। ਹਾਲਾਂਕਿ ਖ਼ੂਨ ਸੁੱਕ ਗਿਆ ਸੀ।

ਫ਼ੋਰੈਸਿੰਕ ਟੀਮ ਬੁਲਾਈ ਗਈ ਅਤੇ ਨਤੀਜਾ ਨਿਕਲਿਆ ਕਿ ਇਹ ਖ਼ੂਨ ਮਨੁੱਖ ਦਾ ਹੈ। ਹੁਣ ਸਪਸ਼ਟ ਹੋ ਗਿਆ ਸੀ ਕਿ ਰਾਖੀ ਅਤੇ ਉਸ ਦੇ ਪਤੀ ਦੀ ਹੱਤਿਆ ਹੋ ਚੁੱਕੀ ਹੈ।

ਹੋਇਆ ਇਹ ਕਿ ਰਾਖੀ ਦੀ ਲਵ ਮੈਰਿਜ ਤੋਂ ਪੂਰਾ ਪਰਿਵਾਰ ਦੁਖੀ ਸੀ। ਖ਼ੂਨ ਤਾਂ ਸਭ ਦਾ ਖੌਲ ਰਿਹਾ ਸੀ, ਪਰ ਰਾਖੀ ਨੂੰ ਅਮਿਤ ਦੇ ਘਰ ਤੋਂ ਵਾਪਸ ਲਿਆਉਣ ਦੇ ਲਈ ਉਹਨਾਂ ਨੇ ਚਤੁਰਾਈ ਤੋਂ ਕੰਮ ਲਿਆ। ਅਮਿਤ ਦੇ ਘਰ ਜਾ ਕੇ ਉਹਨਾਂ ਨੇ ਇੱਜਤ ਨਾਲ ਵਿਦਾਈ ਦੀ ਗੱਲ ਕਹੀ। ਰਾਖੀ ਵੀ ਉਹਨਾਂ ਦੀਆਂ ਗੱਲਾਂ ਵਿੱਚ ਆ ਗਈ।

ਰਾਖੀ ਨੇ ਉਦੋਂ ਹੀ ਅਮਿਤ ਨੂੰ ਦੱਸ ਦਿੱਤਾ ਸੀ ਕਿ ਉਸ ਦਾ ਪਰਿਵਾਰ ਅੱਖਾਂ ਬਦਲ ਚੁੱਕਾ ਹੈ। ਉਹਨਾਂ ਦਾ ਕਹਿਣਾ ਹੈ ਕਿ ਇਕ ਵੈਂਡਰ ਨਾਲ ਮੇਰਾ ਰਿਸ਼ਤਾ ਮਨਜ਼ੂਰ ਨਹੀਂ ਹੈ। ਤੁਸੀਂ ਕੋਈ ਦੂਜਾ ਕੰਮ ਲੱਭ ਲਓ। ਰੁਜ਼ਗਾਰ ਦੀ ਇਸ ਇਲਾਕੇ ਵਿੱਚ ਕਮੀ ਨਹੀਂ ਸੀ। ਅਮਿਤ ਚਾਹੁੰਦਾ ਤਾਂ ਦੂਜਾ ਕੰਮ ਕਰ ਸਕਦਾ ਸੀ, ਪਰ ਉਸਨੇ ਸੋਚਿਆ ਇਹੀ ਰਹੇਗਾ ਤਾਂ ਰੁਜ਼ ਨਵੇਂ ਝਗੜੇ ਹੋਣਗੇ। ਬਿਹਤਰ ਹੈ ਕਿ ਉਹ ਰਾਖੀ ਨੂੰ ਲੈ ਕੇ ਸਾਲ-ਦੋ ਸਾਲ ਦੇ ਲਈ ਕਿਤੇ ਦੂਰ ਚਲਾ ਜਾਵੇ। ਅਮਿਤ ਦਾ ਇਕ ਦੋਸਤ ਨਾਸਿਕ ਵਿੱਚ ਰਹਿ ਕੇ ਨੌਕਰੀ ਕਰਦਾ ਸੀ। ਅਮਿਤ ਨੇ ਫ਼ੋਨ ਕਰ ਕੇ ਉਸ ਨਾਲ ਗੱਲ ਕੀਤੀ ਤਾਂ ਉਹ ਬੋਲਿਆ, ਫ਼ੌਰਨ ਆ ਜਾਓ, ਮੈਂ ਤੈਨੂੰ ਨੌਕਰੀ ਦਿਵਾ ਦਿੰਦਾ ਹਾਂ।

ਅਮਿਤ ਨਾਸਿਕ ਰਵਾਨਾ ਹੋਇਆ ਤਾਂ ਰਾਖੀ ਨੇ ਪਰਿਵਾਰ ਵਾਲਿਆਂ ਨੂੰ ਦੱਸ ਦਿੱਤਾ, ਅਮਿਤ ਨੇ ਲੋਕਲ ਟ੍ਰੇਨ ਵਿੱਚ ਸਮਾਨ ਵੇਚਣਾ ਬੰਦ ਕਰ ਦਿੱਤਾ ਅਤੇ ਨੌਕਰੀ ਦੀ ਭਾਲ ਵਿੱਚ ਨਾਸਿਕ ਗਿਆ ਹੈ। ਹੁਣ ਤਾਂ ਤੁਸੀਂ ਲੋਕਾਂ ਦਾ ਸਿਰ ਉਚਾ ਹੋ ਜਾਵੇਗਾ। ਇਸ ਤੋਂ ਬਾਅਦ ਰਾਖੀ ਨੇ ਆਪਣੀ ਹਮਦਰਦ ਭੂਆ ਸ਼ੁਭਰਾ ਸਹਾ ਨੂੰ ਸਾਰੀ ਗੱਲ ਦੱਸ ਕੇ ਮਦਦ ਕਰਨ ਲਈ ਕਿਹਾ।

ਉਸਨੇ ਰਾਖੀ ਦਾ ਬ੍ਰੇਨ ਵਾਸ਼ ਕਰਨ ਦੀ ਕੋਸ਼ਿਸ਼ ਕੀਤੀ ਪਰ ਗੱਲ ਨਹੀਂ ਬਣੀ ਅਤੇ ਉਸ ਨੇ ਅਮਿਤ ਦਾ ਬ੍ਰੇਨ ਵਾਸ਼ ਕਰਨਾ ਆਰੰਭ ਕਰ ਦਿੱਤਾ। ਉਸਨੇ ਨਾਸਿਕ ਪਹੁੰਚੇ ਅਮਿਤ ਨੂੰ ਤੁਰੰਤ ਵਾਪਸ ਆਉਣ ਲਈ ਕਿਹਾ। ਅਮਿਤ ਜਦੋਂ ਵਾਪਸ ਮੁੜਿਆ, ਬਦਲੇ ਹੋਏ ਹਾਲਾਤ ਉਸ ਦੇ ਉਲਟ ਹੋ ਚੁੱਕੇ ਸਨ। ਰਾਖੀ ਨੂੰ ਉਸਦੀ ਮਾਸੀ ਦੇ ਘਰ ਸ਼੍ਰੀਰਾਮਪੁਰ ਭੇਜ ਦਿੱਤਾ ਗਿਆ। ਸ਼ੁਭਰਾ ਦੇ ਕੋਲ ਆਉਣ ਦੀ ਬਜਾਏ ਅਮਿਤ ਰਾਖੀ ਨੂੰ ਮਿਲਣ ਉਸਦੇ ਘਰ ਪਹੁੰਚ ਗਿਆ। ਇਤਫ਼ਾਕ ਨਾਲ ਘਰੇ ਸਾਰਾ ਪਰਿਵਾਰ ਮੌਜੂਦ ਸੀ। ਇਸ ਤੋਂ ਤੁਰੰਤ ਬਾਅਦ ਦਰਵਾਜ਼ਾ ਬੰਦ ਕਰ ਲਿਆ। ਅਮਿਤ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਬਚਾਅ ਵਿੱਚ ਅਮਿਤ ਨੇ ਹੱਥ ਪੈਰ ਮਾਰੇ ਤਾਂ ਸਵਿਤਾ ਅਤੇ ਪ੍ਰਦੀਪ ਵੀ ਉਸ ਤੇ ਟੁੱਟ ਪਏ। ਚਾਰਾਂ ਨੇ ਅਮਿਤ ਨੂੰ ਕੁੱਟ-ਕੁੱਟ ਕੇ ਅੱਧ ਮਰਿਆ ਕਰ ਦਿੱਤਾ।ਅਮਿਤ ਦੀ ਜੁਬਾਨ ਤੇ ਇਨਕਾਰ ਤੋਂ ਇਲਾਵਾ ਦੂਜਾ ਸ਼ਬਦ ਨਹੀਂ ਆਇਆ। ਅਖੀਰ ਵਿੱਚ ਉਹਨਾਂ ਨੇ ਉਸ ਨੂੰ ਮਾਰਨ ਦਾ ਫ਼ੈਸਲਾ ਕਰ ਲਿਆ। ਉਹਨਾਂ ਚਾਰਾਂ ਨੇ ਮਿਲ ਕੇ ਅਮਿਤ ਨੂੰ ਦਬੋਚ ਲਿਆ ਅਤੇ ਚਾਕੂ ਨਾਲ ਉਸਦਾ ਗਲਾ ਵੱਢ ਦਿੱਤਾ।

ਅਮਿਤ ਮਰ ਗਿਆ ਤਾਂ ਸਾਹਾ ਪਰਿਵਾਰ ਉਸਦੀ ਲਾਸ਼ ਠਿਕਾਣੇ ਲਗਾਉਣ ਦੇ ਜੁਗਾੜ ਵਿੱਚ ਜੁਟ ਗਿਆ। ਉਹਨਾਂ ਨੇ ਲੋਹੇ ਦੇ ਬਕਸੇ ਵਿੱਚ ਅਮਿਤ ਦੀ ਲਾਸ਼ਰੱਖ ਅਤੇ ਅੱਧੀ ਰਾਤ ਤੋਂ ਬਾਅਦ ਉਸਨੂੰ ਸਾਈਕਲ ਦੇ ਕੈਰੀਅਰ ਤੇ ਲੱਦ ਕੇ ਬਨਗਾਉਂ-ਸਿਆਲਦਾਹ ਲੋਕਲ ਟ੍ਰੇਨ ਵਿੱਚ ਚੜ੍ਹਾ ਆਏ। ਇਸੇ ਵਿੱਚਕਾਰ ਸਵਿਤਾ ਨੇ ਕਮਰਾ ਧੋ ਕੇ ਸਾਫ਼ ਕਰ ਦਿੱਤਾ ਸੀ। ਇਸ ਤੋਂ ਬਾਅਦ ਸਾਰੇ ਪਰਿਵਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਨੇ ਰਾਖੀ ਨੂੰ ਵੀ ਲੱਭ ਲਿਆ। ਉਸਦਾ ਬਚਾਅ ਹੋ ਗਿਆ ਕਿਉਂਕਿ ਉਸਨੂੰ ਉਸਦੀ ਭੂਆ ਦੇ ਘਰ ਭੇਜ ਦਿੱਤਾ ਸੀ।

# ਦਿਲ ਨੂੰ ਛੂੰਹਦੇ ਮਿੱਠੇ ਬੋਲ



ਧਰਤੀ ਉੱਤੇ ਮਨੁੱਖ ਹੀ ਇੱਕ ਅਜਿਹਾ ਪ੍ਰਾਣੀ ਹੈ ਜੋ ਗੱਲਬਾਤ ਰਾਹੀਂ ਆਪਣੇ ਵਿਚਾਰਾਂ ਅਤੇ ਸੁਖ-ਦੁਖ ਦੀਆਂ ਗੱਲਾਂ ਕਰਨ ਅਤੇ ਦੂਸਰਿਆਂ ਦੀਆਂ ਸਮਝਣ ਦੀ ਯੋਗਤਾ ਰੱਖਦਾ ਹੈ। ਗੱਲਬਾਤ ਆਪਸੀ ਵਿਚਾਰ-ਵਟਾਂਦਰਾ ਕਰਨ ਦਾ ਸਰਲ ਢੰਗ ਹੈ ਜਿਸ ਨਾਲ ਅਸੀਂ ਕਿਸੇ ਉੱਪਰ ਵੀ ਆਪਣਾ ਪ੍ਰਭਾਵ ਛੱਡ ਸਕਦੇ ਹਾਂ।

ਸਰੀਰ ਦੇ ਅੰਗਾਂ ਵਿੱਚੋਂ ਇੱਕ ਜੀਭ ਹੀ ਅਜਿਹੀ ਹੈ ਜੋ ਚੰਗੀ ਵੀ ਹੈ ਅਤੇ ਮਾੜੀ ਵੀ। ਜੀਭ ਤੋਂ ਉੱਤਮ ਬੋਲ ਬੋਲੇ ਜਾਣ ਤਾਂ ਸਭ ਨੂੰ ਚੰਗੇ ਲੱਗਦੇ ਹਨ। ਕੌੜਾ ਬੋਲਿਆ ਜਾਵੇ ਤਾਂ ਭੈੜਾ ਲੱਗਦਾ ਹੈ। ਕੁਦਰਤ ਨੇ ਆਦਮੀ ਨੂੰ ਵੇਖਣ ਲਈ ਦੋ ਅੱਖਾਂ ਦਿੱਤੀਆਂ ਹਨ, ਸੁਣਨ ਲਈ ਦੋ ਕੰਨ, ਸਾਹ ਲੈਣ ਲਈ ਦੋ ਨਾਸਾਂ ਹਨ, ਪਰ ਕੁਦਰਤ ਨੇ ਦੋ ਕੰਮਾਂ ਲਈ ਜੀਭ ਇੱਕ ਹੀ ਦਿੱਤੀ ਹੈ ਖਾਣ-ਪੀਣ ਲਈ ਵੀ ਅਤੇ ਬੋਲਣ ਲਈ ਵੀ। ਇਸ ਤੋਂ ਕੁਦਰਤ ਦਾ ਇੱਕ ਭਾਵ ਸਾਫ਼ ਹੈ ਕਿ ਅਸੀਂ ਵੇਖੀਏ, ਸੁਣੀਏ ਅਤੇ ਸਮਝੀਏ ਤਾਂ ਜ਼ਿਆਦਾ ਪਰ ਬੋਲੀਏ ਘੱਟ। ਸੱਪ ਦੀਆਂ ਦੋ ਜੀਭਾਂ ਹੁੰਦੀਆਂ ਹਨ। ਸੰਕੇਤਕ ਭਾਸ਼ਾਂ ਵਿੱਚ ਦੋਗਲੀ ਜ਼ੁਬਾਨ (ਦੋ ਜੀਭਾਂ) ਵਾਲੇ ਆਦਮੀ ਜੋ ਆਪਣੀ ਕਿਸੇ ਇੱਕ ਗੱਲ ਉੱਤੇ ਅਟੱਲ ਨਾ ਰਹਿ ਕੇ ਕਥਨੀ ਅਤੇ ਕਰਨੀ ਵਿੱਚ ਫਰਕ ਰੱਖਦੇ ਹਨ, ਸਮਾਜ ਉਨ੍ਹਾਂ ਨੂੰ ਆਦਰ ਦੀ ਨਜ਼ਰ ਨਾਲ ਨਹੀਂ ਵੇਖਦਾ। ਅਜਿਹੇ ਬੰਦੇ ਆਪਣੇ ਭਾਈਚਾਰੇ ਵਿੱਚੋਂ ਵੀ ਦਰਕਾਰੇ ਜਾਂਦੇ ਹਨ। ਸਾਰੇ ਪਾਪਾਂ ਦੀ ਜੜ੍ਹ ਬੋਲ ਬਾਣੀ ਹੈ। ਬਾਣੀ ਦੀ ਕਠੋਰਤਾ, ਕੁੜੱਤਣ ਅਤੇ ਸ਼ਬਦਾਂ ਦੇ ਗ਼ਲਤ ਪ੍ਰਯੋਗ ਕਰਕੇ ਹੀ ਅਸੀਂ ਆਪਣੇ ਸਹੀ ਭਾਵ ਪ੍ਰਗਟ ਨਹੀਂ ਕਰ ਸਕਦੇ। ਇਸ ਕਰਕੇ ਜ਼ਿਆਦਾਤਰ ਲੋਕਾਂ ਜਾਂ ਵਰਗਾਂ ਵਿੱਚ ਸ਼ਬਦਾਂ ਦੇ ਤਿੱਖੇ ਬਾਣਾਂ ਨਾਲ ਕੁੜੱਤਣਾਂ ਭਰ ਜਾਂਦੀਆਂ ਹਨ। ਜੇਕਰ ਲੋਕੀਂ ਆਪਣੇ ਦੁਰਭਾਵਨਾ ਰਹਿਤ, ਰਸੀਲੇ ਅਤੇ ਕਪਟ-ਰਹਿਤ ਵਿਚਾਰ ਸਮੇਂ ਅਨੁਸਾਰ ਸੋਚ ਸਮਝ ਕੇ ਪ੍ਰਗਟ ਕਰਨ ਤਾਂ ਸੰਸਾਰ ਵਿੱਚ ਫੈਲੀ ਕੁੜੱਤਣ ਅਤੇ ਵੈਰ-ਵਿਰੋਧ ਨੂੰ ਕਾਫ਼ੀ ਹੱਦ ਤਕ ਖ਼ਤਮ ਕੀਤਾ ਜਾ ਸਕਦਾ ਹੈ। ਮਨੁੱਖੀ ਜੀਵਨ ਵਿੱਚ ਕੋਈ ਖੇਤਰ ਅਜਿਹਾ ਨਹੀਂ ਜਿੱਥੇ ਗੱਲਬਾਤ ਵਿੱਚ ਨਿਪੁੰਨ ਹੋਏ ਬਿਨਾਂ ਕੋਈ ਸਫ਼ਲ ਹੋ ਸਕੇ।

ਇਸ ਦਿਸ਼ਾ ਵਿੱਚ ਕੀਤੇ ਸਰਵੇਖਣਾਂ ਤੋਂ ਪਤਾ ਲੱਗਾ ਹੈ ਕਿ ਹਰ ਤਰ੍ਹਾਂ ਦੇ ਕੰਮਾਂ ਧੰਦਿਆਂ ਵਿੱਚ ਲੱਗੇ ਲੋਕਾਂ ਵਿੱਚ ਕੇਵਲ 15 ਫ਼ੀਸਦੀ ਹੀ ਅਜਿਹੇ ਹਨ ਜਿਨ੍ਹਾਂ ਨੇ ਆਪਣੀਆਂ ਡਿਗਰੀਆਂ ਅਤੇ ਸਿੱਖਿਆ ਪ੍ਰਾਪਤ ਕਰਕੇ ਸਫਲਤਾ ਹਾਸਲ ਕੀਤੀ ਹੈ ਨਹੀਂ ਤਾਂ 85 ਫ਼ੀਸਦੀ ਲੋਕ ਅਜਿਹੇ ਹਨ ਜਿਨ੍ਹਾਂ ਨੇ ਆਪਣੇ ਵਿਅਕਤੀਤਵ ਜਾਂ ਬੋਲਚਾਲ ਦੀ ਕਲਾ ਨੂੰ ਵਿਕਸਿਤ ਕਰਕੇ ਹੀ ਜੀਵਨ ਵਿੱਚ ਤਰੱਕੀ ਪ੍ਰਾਪਤ ਕੀਤੀ ਹੈ। ਕਿਹਾ ਗਿਆ ਹੈ ਕਿ ਕਿਸੇ ਦੀ ਜੇਬ ਵਿੱਚ ਭਾਵੇਂ ਧੇਲਾ ਨਾ ਹੋਵੇ, ਪਰ ਉਸ ਦੀ ਜ਼ੁਬਾਨ ਵਿੱਚੋਂ ਸ਼ਹਿਦ ਜ਼ਰੂਰ ਟਪਕਣਾ ਚਾਹੀਦਾ ਹੈ। ਬੋਲ ਬਾਣੀ ਸੁੰਦਰ ਅਤੇ ਸਰਲ ਸ਼ਬਦਾਂ ਵਿੱਚ ਹੋਣੀ ਚਾਹੀਦੀ ਹੈ। ਪਸ਼ੂ ਨਾ ਬੋਲਣ ਕਰਕੇ ਅਤੇ ਇਨਸਾਨ ਬੋਲਣ ਕਰਕੇ ਕਸ਼ਟ ਭੋਗਦੇ ਹਨ। ਮਧੁਰ ਬਾਣੀ ਠੰਢੇ ਪਾਣੀ ਵਾਂਗ ਅੰਦਰ ਜਾ ਕੇ ਠੰਢ ਵਰਤਾਉਣ ਵਾਲੀ ਹੁੰਦੀ ਹੈ ਅਤੇ ਕੁੜੱਤਣ ਭਰੀ ਬਾਣੀ ਗਰਮ ਲਾਵੇ ਵਾਂਗ ਹੁੰਦੀ ਹੈ ਜਿਹੜੀ ਜਿੱਧਰ ਵੀ ਵਹਿੰਦੀ ਹੈ ਅੱਗ ਲਾਉਂਦੀ ਤੁਰੀ ਜਾਂਦੀ ਹੈ। ਪਾਣੀ ਗਰਮ ਹੋਵੇ ਤਾਂ ਹੱਥ ਸਾੜਦਾ ਹੈ ਅਤੇ ਬਾਣੀ ਗਰਮ ਹੋਵੇ ਤਾਂ ਕਾਲਜੇ ਭੁੰਨਦੀ ਹੈ। ਮਨੁੱਖ ਆਪਣੇ ਸੁਭਾਅ ਵਿੱਚ ਮਿਠਾਸ ਲੈ ਆਵੇ ਅਤੇ ਜੀਵਨ ਦੀ ਹਰ ਤਰੰਗ ਵਿੱਚ ਮਧੁਰਤਾ ਦਾ ਸੰਚਾਰ ਕਰੇ ਤਾਂ ਨਿਸ਼ਚਿਤ ਹੀ ਉਸ ਦੀ ਹਰ ਸਮੱਸਿਆ ਹੱਲ ਹੋ ਜਾਏਗੀ। ਸ਼ਬਦਾਂ ਦੇ ਬਿਨਾਂ ਕਿਸੇ ਤਰ੍ਹਾਂ ਦਾ ਵਿਚਾਰ ਪ੍ਰਗਟ ਨਹੀਂ ਕੀਤਾ ਜਾ ਸਕਦਾ। ਅਸਲ ਵਿੱਚ ਸ਼ਬਦ ਹੀ ਵਿਚਾਰਾਂ ਦੀ ਆਤਮਾ ਹਨ। ਸ਼ਬਦਾਂ ਵਿੱਚ ਜੋ ਸ਼ਕਤੀ ਹੈ ਉਹ ਕਿਸੇ ਹੋਰ ਚੀਜ਼ ਵਿੱਚ ਨਹੀਂ ਹੋ ਸਕਦੀ ਕਿਉਂਕਿ ਸ਼ਬਦਾਂ ਵਿੱਚ ਆਦਮੀ ਦੀ ਸੰਪੂਰਨ ਭਾਵਨਾ ਛੁਪੀ ਹੋਈ ਹੁੰਦੀ ਹੈ। ਜੀਵਨ ਦੇ ਹਰ ਖੇਤਰ ਵਿੱਚ ਸ਼ਬਦ ਸ਼ਕਤੀ ਦਾ ਸਰਬਉੱਚ ਮਹੱਤਵ ਹੈ। ਜਿਸ ਦੇ ਬਿਨਾਂ ਮਨੁੱਖ ਕਦੇ ਸਫਲ ਨਹੀਂ ਹੋ ਸਕਦਾ। ਵੱਖ-ਵੱਖ ਅਹੁਦਿਆਂ ਉੱਤੇ ਕੀਤੀਆਂ ਜਾਣ ਵਾਲੀਆਂ ਨਿਯੁਕਤੀਆਂ ਤੋਂ ਜ਼ੁਬਾਨੀ ਪ੍ਰੀਖਿਆ ਇਸ ਲਈ ਹੀ ਲਈ ਜਾਂਦੀ ਹੈ ਕਿ ਉਸ ਦੇ ਸ਼ਬਦਾਂ ਅਤੇ ਬੋਲਚਾਲ ਦਾ ਸਹੀ ਪ੍ਰਗਟਾਅ ਜਾਣਿਆ ਜਾ ਸਕੇ। ਆਦਮੀ ਨੂੰ ਹਰ ਖੇਤਰ ਅਤੇ ਹਰ ਹਾਲਾਤ ਵਿੱਚ ਮਾਨਸਿਕ ਸੰਤੁਲਨ ਬਰਕਰਾਰ ਰੱਖਣ ਦੀ ਜ਼ਰੂਰਤ ਹੈ। ਸਫਲਤਾਪੂਰਬਕ ਸਾਰਥਿਕ ਗੱਲਬਾਤ ਕਰਨ ਲਈ ਇਹ ਹੋਰ ਵੀ ਜ਼ਰੂਰੀ ਹੈ ਕਿ ਆਦਮੀ ਨੂੰ ਅਨਰਥ ਕਰਨ ਵਾਲੀ ਕੌੜੀ ਭਾਸ਼ਾ ਨਹੀਂ ਬੋਲਣੀ ਚਾਹੀਦੀ। ਚਿੰਤਾ ਜਾਂ ਘਬਰਾਹਟ ਭਰੇ ਅਤੇ ਭੜਕਾਊ ਸ਼ਬਦਾਂ ਦਾ ਇਸਤੇਮਾਲ ਨਾ ਕਰਕੇ ਸੱਚੀ, ਮਧੁਰ ਅਤੇ ਸਹਿਯੋਗੀ ਭਾਸ਼ਾ ਦੀ ਵਰਤੋਂ ਕਰੋ ਅਤੇ ਆਪਣੇ ਵਚਨਾਂ ਰਾਹੀਂ ਆਪਣੀ ਬਾਣੀ ਨੂੰ ਇਸ ਤਰ੍ਹਾਂ ਸਜਾਓ ਕਿ ਇੰਜ ਲੱਗੇ ਜਿਵੇਂ ਕਿਸੇ ਨੇ ਆਪਣੇ ਸਰੀਰ ਨੂੰ ਗਹਿਣਿਆਂ ਨਾਲ ਸਜਾਇਆ ਹੋਵੇ। ਸ਼ਾਸਤਰਾਂ ਵਿੱਚ ਵੀ ਕਿਹਾ ਗਿਆ ਹੈ ਕਿ ਅਦਾਮੀ ਦਾ ਸਭ ਤੋਂ ਵੱਡਾ ਗਹਿਣਾ ਉਸਦੀ ਮਿੱਠੀ ਬਾਣੀ ਹੈ। ਕੋਈ ਆਦਮੀ ਕਿੰਨਾ ਸਮਝਦਾਰ ਵਿਦਵਾਨ, ਸ਼ਾਲੀਨ ਅਤੇ ਵਿਵੇਕਸ਼ੀਲ ਹੈ ਇਹ ਉਸ ਦੇ ਵਿਵਹਾਰ ਅਤੇ ਉਸ ਦੀ ਬਾਣੀ ਤੋਂ ਹੀ ਪਤਾ ਲੱਗਦਾ ਹੈ। ਜਦੋਂ ਕਿਸੇ ਆਦਮੀ ਨੂੰ ਯਾਦ ਕੀਤਾ ਜਾਂਦਾ ਹੈ ਤਾਂ ਉਸ ਦੇ ਉਨ੍ਹਾਂ ਸ਼ਬਦਾਂ ਕਰਕੇ ਯਾਦ ਕੀਤਾ ਜਾਂਦਾ ਹੈ ਜੋ ਉਸ ਨੇ ਆਖਰੀ ਸਮੇਂ ਕਿਸੇ ਨਾਲ ਬੋਲੇ ਹੋਣ। ਹੁਣ ਕਿਸੇ ਨੂੰ ਇਹ ਪਤਾ ਨਹੀਂ ਕਿ ਆਖਰੀ ਵਕਤ ਕਿਹੜਾ ਹੈ ਅਤੇ ਆਖਰੀ ਸ਼ਬਦ ਕਿਹੜੇ ਹੋ ਸਕਦੇ ਹਨ। ਇਸ ਲਈ ਹਰ ਵਾਕ ਨੂੰ ਇਹੀ ਮੰਨ ਕੇ ਬੋਲਣਾ ਚਾਹੀਦਾ ਹੈ ਕਿ ਇਹ ਜ਼ਿੰਦਗੀ ਦਾ ਆਖਰੀ ਸ਼ਬਦ ਹੈ।



## ਇਕ ਪਿਤਾ ਦੀ ਆਖ਼ਰੀ ਇੱਛਾ

ਘਟਨਾ ਕਈ ਸਾਲ ਪਹਿਲਾਂ ਦੀ ਹੈ, ਜਦੋਂ ਮੈਨੂੰ ਇਕ ਕਰੀਬੀ ਰਿਸ਼ਤੇਦਾਰ ਦੇ ਬੀਮਾਰ ਹੋਣ ਤੇ ਕਿਸੇ ਵੱਡੇ ਹਸਪਤਾਲ ਵਿੱਚ ਸਹਾਇਕ ਦੇ ਤੌਰ ਤੇ ਰਹਿਣਾ ਪਿਆ ਸੀ। ਜਿੱਥੇ ਅਤੀ ਗੰਭੀਰ ਹਾਲਤ ਵਿੱਚ ਮਰੀਜ਼ ਆਉਂਦੇ ਹਨ। ਸਬੰਧਤ ਮਰੀਜ਼ ਦੇ ਨਾਲ ਵਾਲੇ ਕਮਰੇ ਵਿੱਚ ਫੇਫੜਿਆਂ ਦੀ ਬਿਮਾਰੀ ਤੋਂ ਪੀੜਤ ਇਕ ਬਜ਼ੁਰਗ ਦਾਖ਼ਲ ਸੀ ਜਿਸ ਦੀ ਦੇਖ ਭਾਲ ਉਸ ਦੀ ਧੀ ਕਰ ਰਹੀ ਸੀ। ਡਾਕਟਰਾਂ ਦੇ ਦੌਰੇ ਸਮੇਂ ਮਰੀਜ਼ਾਂ ਦੇ ਰਿਸ਼ਤੇਦਾਰਾਂ ਨੂੰ ਡਿਊਟੀ ਅਮਲੇ ਵਲੋਂ ਬਾਹਰ ਜਾਣ ਲਈ ਮਜ਼ਬੂਰ ਕਰ ਦਿੱਤਾ ਜਾਂਦਾ ਸੀ। ਜਿੱਥੇ ਵਾਰਡ ਦੇ ਅੰਦਰ ਮਰੀਜ਼ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ ਹੁੰਦੇ ਉੱਥੇ ਬਾਹਰ ਪਾਰਕ ਵਿੱਚ ਬੈਠੇ ਰਿਸ਼ਤੇਦਾਰ ਰੱਬ ਅੱਗੇ ਆਪਣਿਆਂ ਦੀ ਤੰਦਰੁਸਤੀ ਲਈ ਦੁਆਵਾਂ ਮੰਗਦੇ ਰਹਿੰਦੇ ਸਨ। ਇੱਕੋ ਜਿਹੀਆਂ ਮੁਸੀਬਤ ਦੀਆਂ ਘੜੀਆਂ ਵਿੱਚ ਮਰੀਜ਼ਾਂ ਦੇ ਵਾਰਿਸਾਂ ਵਿੱਚ ਇਕ ਸਾਂਝ ਉਪਜ ਜਾਂਦੀ ਸੀ। ਉਹ ਅਕਸਰ ਇਕ ਦੂਜੇ ਨੂੰ ਦਿਲਾਸਾ ਦਿੰਦੇ ਤੇ ਹਰ ਸੰਭਵ ਮੱਦਦ ਲਈ ਵੀ ਤਿਆਰ ਰਹਿੰਦੇ ਸਨ। ਪਾਰਕ ਵਿੱਚ ਬੈਠੇ ਇਕ ਦਿਨ ਇਸ ਬਜ਼ੁਰਗ ਦੀ ਬੇਟੀ ਮੇਰੇ ਕੋਲ ਆਕੇ ਬੈਠ ਗਈ। ਉਸ ਨੇ ਪਾਰਕ ਦੀ ਵਾੜ ਵੱਲ ਚਿਹਰਾ ਕੀਤਾ ਹੋਇਆ ਸੀ। ਉਹ ਮੂੰਹ ਉੱਤੇ ਕੱਪੜਾ ਲਪੇਟ ਕੇ ਮਰਦਾਨਵੀ ਆਵਾਜ਼ ਵਿੱਚ ਗੱਲਾਂ ਕਰ ਰਹੀ ਸੀ। ਭਾਂਵੇਂ ਉਸ ਦੇ ਵਾਰਤਾਲਾਪ ਵਿੱਚ ਮੇਰੀ ਕੋਈ ਦਿਲਚਸਪੀ ਨਹੀਂ ਸੀ ਪਰ ਉਸ ਦੁਆਰਾ ਵਾਰ ਵਾਰ ਖ਼ੁਦ ਨੂੰ ਮਰਦ ਦੀ ਤਰਾਂ ਸੰਬੋਧਿਤ ਕਰਨ ਦਾ ਇਹ ਨਾਟਕੀ ਅੰਦਾਜ਼ ਉਸ ਪ੍ਰਤੀ ਮੇਰੀ ਸੋਚ ਵਿੱਚ ਇੱਕ ਸ਼ੱਕ ਪੈਦਾ ਕਰ ਰਿਹਾ ਸੀ। ਪਰ ਹਕੀਕਤ ਜਾਨਣ ਤੋਂ ਬਾਅਦ ਇਹ ਸ਼ੱਕ ਹਮਦਰਦੀ ਵਿੱਚ ਬਦਲ ਗਏ। ਇਸ ਤੋਂ ਪਹਿਲਾਂ ਕਿ ਮੈਂ ਉਸ ਕੋਲੋਂ ਕੁਝ ਪੁੱਛਾਂ ਉਸ ਨੇ ਖ਼ੁਦ ਹੀ ਆਪਣੀ ਕਹਾਣੀ ਬਿਆਨ ਕਰਨੀ ਸ਼ੁਰੂ ਕਰ ਦਿੱਤੀ।

# ਅਗਲੇ ਜਨਮ ਬਣਾਂ ਸਿਰਫ਼ ਧੀਆਂ ਦਾ ਪਿਤਾ

ਉਸ ਦਾ ਪਿਤਾ ਕਾਫ਼ੀ ਸਮੇਂ ਤੋਂ ਫੇਫੜਿਆਂ ਦੇ ਰੋਗ ਤੋਂ ਗ੍ਰਸਤ ਸੀ ਤੇ ਉਸ ਨੂੰ ਕਈ ਦਿਨ ਪਹਿਲਾਂ ਇੱਥੇ ਦਾਖ਼ਿਲ ਕਰਾਇਆ ਗਿਆ ਸੀ। ਉਸ ਦੇ ਦੋ ਭਰਾ ਸਨ ਜੋ ਆਪਣੇ ਫਰਜ਼ਾਂ ਤੋਂ ਪੂਰੀ ਤਰਾਂ ਇਨਕਾਰੀ ਹੋ ਚੁੱਕੇ ਸਨ ਤੇ ਪਿਤਾ ਦੀ ਅੰਤਮ ਸਮੇ ਦੀ ਸਾਂਭ-ਸੰਭਾਲ ਨੂੰ ਲੈ ਕੇ ਆਪਸ ਵਿੱਚ ਲੜਾਈ ਝਗੜਾ ਕਰ ਰਹੇ ਸਨ। ਮੌਤ ਦੇ ਦਿਨਾਂ ਦੀ ਗਿਣਤੀ ਕਰ ਰਿਹੇ ਬਜ਼ੁਰਗ ਪਿਤਾ ਨੂੰ ਅਖ਼ੀਰਲੇ ਸਮੇਂ ਆਪਣੇ ਪੁੱਤਰਾਂ ਨੂੰ ਮਿਲਣ ਦੀ ਤਾਂਘ ਸੀ। ਪਰ ਧੀ ਦੇ ਵਾਰ-ਵਾਰ ਫੋਨ ਕਰਨ ਤੇ ਵੀ ਉਹ ਨਹੀਂ ਆ ਰਹੇ ਸਨ। ਪਿਤਾ ਦੀ ਉਦਾਸੀ, ਬੇਟੀ ਕੋਲੋਂ ਬਰਦਾਸ਼ਤ ਨਾਂ ਹੁੰਦੀ ਤਾਂ ਉਹ ਬਾਹਰ ਪਾਰਕ ਵਿੱਚ ਜਾ ਕੇ ਪੁੱਤ ਦੇ ਰੂਪ ਵਿੱਚ, ਆਵਾਜ਼ ਬਦਲ ਕੇ ਆਪਣੇ ਪਿਤਾ ਨੂੰ ਫੋਨ ਕਰਦੀ ਅਤੇ ਇਸ ਤਰ੍ਹਾਂ ਪਿਤਾ ਨੂੰ ਮਿਲਣ ਦੀ ਇੱਕ ਝੂਠੀ ਤਸੱਲੀ ਦੇ ਦਿੰਦੀ ਸੀ। ਪੁੱਤਰ ਨੂੰ ਮਿਲਣ ਦੀ ਉਮੀਦ ਨਾਲ ਪਿਤਾ ਦੇ ਚਿਹਰੇ 'ਤੇ ਖੁਸ਼ੀ ਦੀ ਝਲਕ ਸਾਫ਼ ਦਿਖਾਈ ਦੇਣ ਲੱਗ ਜਾਂਦੀ। ਇਹ ਨਾਟਕੀ ਖੁਸ਼ੀ ਨਾਲ ਉਸ ਬਜ਼ੁਰਗ ਦੇ ਸਰੀਰ ਨਾਲ ਜੁੜੀਆਂ ਮਸ਼ੀਨਾਂ ਦੀ ਪੜ੍ਹਤ ਵਿੱਚ ਕੁਝ ਸੁਧਾਰ ਹੁੰਦਾ ਪ੍ਰਤੀਤ ਹੁੰਦਾ। ਇਸ ਤਰੀਕੇ ਨਾਲ ਇਹ ਧੀ ਆਪਣੇ ਬੀਮਾਰ ਪਿਤਾ ਨੂੰ ਇੱਕ ਮਨੋਵਿਗਿਆਨਕ ਥੀਰੈਪੀ ਵੀ ਦੇ ਰਹੀ ਸੀ। ਭਾਂਵੇਂ ਲੰਮੀ ਉਡੀਕ ਤੋਂ ਬਾਅਦ ਵੀ ਜਦੋਂ ਕੋਈ ਨਾ ਆਉਂਦਾ ਤਾਂ ਪਿਤਾ ਫਿਰ ਘੋਰ ਉਦਾਸੀ ਦੇ ਆਲਮ ਵਿੱਚ ਡੁੱਬ ਜਾਂਦਾ। ਕਦੇ-ਕਦੇ ਇਹ ਬਜ਼ੁਰਗ ਮੈਨੂੰ ਵੀ ਆਪਣੀ ਧੀ ਦੇ ਨਾਮ ਨਾਲ ਹੀ ਬੁਲਾਉਂਦਾ ਤਾਂ ਮੈਨੂੰ ਬਿਲਕੁਲ ਆਪਣੇ ਗੁਜ਼ਰ ਚੁੱਕੇ ਪਿਤਾ ਵਾਂਗ ਹੀ ਮਹਿਸੂਸ ਹੁੰਦਾ ਸੀ। ਉਸ ਦੀ ਸਿਹਤ ਬਦਤਰ ਹੁੰਦੀ ਜਾ ਰਹੀ ਸੀ। ਜ਼ਿੰਦਗੀ ਲਗਾਤਾਰ ਮੌਤ ਵੱਲ ਵਧਦੀ ਜਾ ਰਹੀ ਸੀ। ਡਾਕਟਰੀ ਨਿਰੀਖਣ ਮੁਤਾਬਕ ਸਰੀਰ ਨੂੰ ਮਿਲਣ ਵਾਲੀ ਆਕਸੀਜਨ ਦੇ ਲਗਾਤਾਰ ਘਟਦੇ ਪੱਧਰ ਕਾਰਣ ਕੁਝ ਸਮੇਂ ਬਾਅਦ ਮਰੀਜ਼ ਦਾ ਬੇਹੋਸ਼ੀ ਦੀ ਹਾਲਤ ਵਿੱਚ ਜਾਣਾ ਸੰਭਵ ਸੀ। ਬੇਟੀ ਪਿਤਾ ਕੋਲੋਂ ਉਸ ਦੀ ਅੰਤਿਮ ਇੱਛਾ ਵਾਰੇ ਜਾਨਣਾ ਚਾਹੁੰਦੀ ਸੀ। ਪਰ ਜ਼ਜ਼ਬਾਤਾਂ ਦੇ ਹਾਵੀ ਹੋ ਜਾਣ ਕਾਰਣ ਉਹ ਚਾਹੁੰਦੀ ਹੋਈ ਵੀ ਨਹੀਂ ਪੁੱਛ ਸਕਦੀ ਸੀ। ਇਸ ਲਈ ਉਸ ਨੇ ਇਹ ਕੰਮ ਲਈ ਮੇਰੀ ਮੱਦਦ ਚਾਹੀ। ਜਦੋਂ ਮੈ ਉਸ ਬਜੁਰਗ ਨੂੰ ਉਸ ਦੀ ਕਿਸੇ ਖ਼ਵਾਹਿਸ਼ ਵਾਰੇ ਪੁੱਛਿਆ ਤਾਂ ਉਹ ਥਿਰਕਦੀ ਆਵਾਜ਼ ਵਿੱਚ ਕੁਝ ਕਹਿਣਾ ਚਾਹੁੰਦਾ ਸੀ, ਜਿਸ ਨੂੰ ਮੈਂ ਸਮਝਣ ਦੇ ਅਸਮੱਰਥ ਸਾਂ। ਉਸ ਨੇ ਇਸ਼ਾਰੇ ਨਾਲ ਮੇਰੇ ਕੋਲੋਂ ਪੈਨ ਤੇ ਕਾਪੀ ਦੀ ਮੰਗ ਕੀਤੀ। ਦਿੱਤੇ ਗਏ ਕਾਗ਼ਜ਼ ਦੇ ਟੁਕੜੇ ਉੱਪਰ ਉਸ ਨੇ ਬੜੀ ਮੁਸ਼ਕਿਲ ਨਾਲ ਲਿਖਿਆ ਸੀ 'ਮੇਰੀ ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਮੈਂ ਅਗਲੇ ਜਨਮ ਸਿਰਫ਼ ਧੀਆਂ ਦਾ ਹੀ ਪਿਤਾ ਬਣਾਂ'। ਮੌਤ ਦੀ ਦਹਿਲੀਜ਼ ਤੇ ਖੜੇ ਇਸ ਲਾਚਾਰ ਬਾਪ ਦੀ ਅਖ਼ੀਰਲੀ ਚਾਹਤ ਨੂੰ ਪੜ੍ਹ ਕੇ ਸਾਰਾ ਮਾਹੌਲ ਭਾਵੁਕ ਹੋ ਗਿਆ। ਭਾਂਵੇਂ ਪੁਨਰ ਜਨਮ ਦੀ ਸੋਚ ਇੱਕ ਕਲਪਨਾ ਸੀ ਪਰ ਰੱਬ ਅੱਗੇ ਸਿਰਫ਼ ਧੀਆਂ ਦਾ ਬਾਬਲ ਹੋਣ ਦੀ ਫ਼ਰਿਆਦ ਕਰਨਾ ਇਸੇ ਜੀਵਨ ਵਿੱਚ ਪੁੱਤਰ ਮੋਹ ਦੇ ਕੌੜੇ ਅਨੁਭਵਾਂ ਨਾਲ ਜੁੜਿਆ ਇੱਕ ਸਿਖ਼ਰ ਦਾ ਸੱਚ ਸੀ। • ਮੋਬਾਈਲ ੯੪੧੭੦-੫੧੬੨੭



*ਮੌਤ ਦੇ ਦਿਨਾਂ ਦੀ ਗਿਣਤੀ ਕਰ ਰਿਹੇ ਬਜ਼ੁਰਗ ਪਿਤਾ ਨੂੰ ਅਖ਼ੀਰਲੇ ਸਮੇਂ ਆਪਣੇ ਪੁੱਤਰਾਂ ਨੂੰ ਮਿਲਣ ਦੀ ਤਾਂਘ ਸੀ। ਪਰ ਧੀ ਦੇ ਵਾਰ-ਵਾਰ ਫੋਨ ਕਰਨ ਤੇ ਵੀ ਉਹ ਨਹੀਂ ਆ ਰਹੇ ਸਨ। ਪਿਤਾ ਦੀ ਉਦਾਸੀ, ਬੇਟੀ ਕੋਲੋਂ ਬਰਦਾਸ਼ਤ ਨਾਂ ਹੁੰਦੀ ਤਾਂ ਉਹ ਬਾਹਰ ਪਾਰਕ ਵਿੱਚ ਜਾ ਕੇ ਪੁੱਤ ਦੇ ਰੂਪ ਵਿੱਚ, ਆਵਾਜ਼ ਬਦਲ ਕੇ ਆਪਣੇ ਪਿਤਾ ਨੂੰ ਫੋਨ ਕਰਦੀ ਅਤੇ ਇਸ ਤਰ੍ਹਾਂ ਪਿਤਾ ਨੂੰ ਮਿਲਣ ਦੀ ਇੱਕ ਝੂਠੀ ਤਸੱਲੀ ਦੇ ਦਿੰਦੀ ਸੀ। ਪੁੱਤਰ ਨੂੰ ਮਿਲਣ ਦੀ ਉਮੀਦ ਨਾਲ ਪਿਤਾ ਦੇ ਚਿਹਰੇ 'ਤੇ ਖੁਸ਼ੀ ਦੀ ਝਲਕ ਸਾਫ਼ ਦਿਖਾਈ ਦੇਣ ਲੱਗ ਜਾਂਦੀ।*

**ਦਿੱਤੇ ਗਏ ਕਾਗ਼ਜ਼ ਦੇ ਟੁਕੜੇ ਉੱਪਰ ਉਸ ਨੇ ਬੜੀ ਮੁਸ਼ਕਿਲ ਨਾਲ ਲਿਖਿਆ ਸੀ 'ਮੇਰੀ ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਮੈਂ ਅਗਲੇ ਜਨਮ ਸਿਰਫ਼ ਧੀਆਂ ਦਾ ਹੀ ਪਿਤਾ ਬਣਾਂ'। ਮੌਤ ਦੀ ਦਹਿਲੀਜ਼ ਤੇ ਖੜ੍ਹੇ ਇਸ ਲਾਚਾਰ ਬਾਪ ਦੀ ਅਖ਼ੀਰਲੀ ਚਾਹਤ ਨੂੰ ਪੜ੍ਹ ਕੇ ਸਾਰਾ ਮਾਹੌਲ ਭਾਵੁਕ ਹੋ ਗਿਆ। ਪੁਨਰ ਜਨਮ ਦੀ ਸੋਚ ਇਕ ਕਲਪਨਾ ਸੀ ਪਰ ਰੱਬ ਅੱਗੇ ਸਿਰਫ਼ ਧੀਆਂ ਦਾ ਬਾਬਲ ਹੋਣ ਦੀ ਫ਼ਰਿਆਦ ਕਰਨਾ ਜੀਵਨ 'ਚ ਪੁੱਤਰ ਮੋਹ ਦੇ ਕੌੜੇ ਅਨੁਭਵਾਂ ਨਾਲ ਜੁੜਿਆ ਇਕ ਸਿਖ਼ਰ ਹੈ...**

# ਸਿੱਖ ਰਾਜ ਦੇ ਅੰਬਰ ਦੇ ਮਨਹੂਸ ਸਿਤਾਰੇ, ਡੋਗਰੇ ਭਰਾ



**ਬਲਰਾਜ ਸਿੰਘ ਸਿੱਧੂ ਐਸ.ਪੀ.**
**ਪੰਡੋਰੀ ਸਿੱਧਵਾਂ 9501100062**

**ਗੁਲਾਬ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਹੁਤ ਹੀ ਵਫਾਦਾਰੀ ਨਾਲ ਸੇਵਾ ਕੀਤੀ ਤੇ ਬਦਲੇ ਵਿੱਚ ਵੱਡੇ ਇਨਾਮ ਪ੍ਰਾਪਤ ਕੀਤੇ। ਉਸ ਨੇ ਖਾਲਸਾ ਫੌਜ ਵੱਲੋਂ ਅਨੇਕਾਂ ਲੜਾਈਆਂ ਵਿੱਚ ਹਿੱਸਾ ਲਿਆ। 1821 ਵਿੱਚ ਉਸ ਨੇ ਰਾਜੌਰੀ ਅਤੇ ਕਿਸ਼ਤਵਾੜ ਨੂੰ ਖਾਲਸਾ ਰਾਜ ਵਿੱਚ ਮਿਲਾਇਆ ਤੇ ਡੇਰਾ ਗਾਜ਼ੀ ਖਾਨ ਦੀ ਜਿੱਤ ਵਿੱਚ ਵਿੱਚ ਅਹਿਮ ਰੋਲ ਨਿਭਾਇਆ। 1824 ਵਿੱਚ ਸਮਾਰਥਾ ਦਾ ਕਿਲ੍ਹਾ ਜਿਤਿਆ ਤੇ 1827 ਵਿੱਚ ਹਰੀ ਸਿੰਘ ਨਲਵਾ ਦੀ ਕਮਾਂਡ ਹੇਠ ਸਾਦੂ ਦੀ ਜੰਗ ਵਿੱਚ ਸੱਯਦ ਅਹਿਮਦ ਸ਼ਾਹ ਬਰੇਲਵੀ ਨੂੰ ਹਰਾਇਆ। ਹੌਲੀ ਹੌਲੀ ਉਹ ਖਾਲਸਾ ਦਰਬਾਰ ਦਾ ਇੱਕ ਸਭ ਤੋਂ ਤਾਕਤਵਰ ਸਰਦਾਰ ਬਣ ਗਿਆ। ਉਸ ਨੂੰ 3 ਪੈਦਲ ਰੈਜਮੈਂਟਾਂ, 15 ਛੋਟੀਆਂ ਅਤੇ 40 ਵੱਡੀਆਂ ਤੋਪਾਂ ਰੱਖਣ ਦੀ ਆਗਿਆ ਸੀ (ਕਰੀਬ 6000 ਸੈਨਿਕ)। 1831 ਵਿੱਚ ਮਹਾਰਾਜੇ ਨੇ ਮਿਆਣੀ ਦੀਆਂ ਲੂਣ ਦੀ ਖਾਣਾਂ, ਭੇਰਾ, ਜੇਹਲਮ, ਰੋਹਤਾਸ ਅਤੇ ਗੁਜਰਾਤ ਦੀ ਜਾਗੀਰ ਵੀ ਗੁਲਾਬ ਸਿੰਘ ਡੋਗਰੇ ਨੂੰ ਬਖਸ਼**

ਖਾਲਸਾ ਰਾਜ ਦੀ ਮੁਕੰਮਲ ਤਬਾਹੀ ਵਿੱਚ ਮੋਹਰੀ ਰੋਲ ਨਿਭਾਉਣ ਵਾਲੇ ਇਹਨਾਂ ਤਿੰਨ ਭਰਾਵਾਂ ਦੇ ਬਾਪ ਦਾ ਨਾਮ ਮੀਆਂ ਕਿਸ਼ੋਰੀ ਸਿੰਘ ਸੀ। ਇਹ ਜੰਮਵਾਲ ਰਾਜਪੂਤ ਖਾਨਦਾਨ ਨਾਲ ਸਬੰਧ ਰੱਖਦੇ ਸਨ ਜਿਸ ਦੀ ਨੀਂਹ 1703 ਈ. ਵਿੱਚ ਰਾਜਾ ਧਰੁਵਦੇਵ ਨੇ ਜੰਮੂ 'ਤੇ ਕਬਜ਼ਾ ਕਰ ਕੇ ਰੱਖੀ ਸੀ। ਧਰੁਵਦੇਵ ਦੇ ਬੇਟੇ ਰਣਜੀਤ ਦੇਵ ਨੇ 1728 ਤੋਂ 1780 ਈਸਵੀ ਤੱਕ ਸਾਸ਼ਨ ਕੀਤਾ। ਉਸ ਦੀਆਂ ਲਗਾਤਾਰ ਸਿੱਖ ਮਿਸਲਾਂ ਨਾਲ ਲੜਾਈਆਂ ਚੱਲਦੀਆਂ ਰਹੀਆਂ। ਮਹਾਰਾਜਾ ਰਣਜੀਤ ਸਿੰਘ ਦੇ ਦਾਦੇ ਸ. ਚੜ੍ਹਤ ਸਿੰਘ ਦੀ ਮੌਤ 1774 ਈ. ਵਿੱਚ ਜੰਮੂ ਹਮਲੇ ਦੌਰਾਨ ਬੰਦੂਕ ਫਟਣ ਨਾਲ ਹੋਈ ਸੀ। ਰਣਜੀਤ ਸਿੰਘ ਦੇ ਪਿਤਾ ਸ. ਮਹਾਂ ਸਿੰਘ ਨੇ ਵੀ ਵੀ ਜੰਮੂ 'ਤੇ ਕਈ ਹਮਲੇ ਕੀਤੇ ਸਨ। ਰਣਜੀਤ ਦੇਵ ਸੁਧਾਰਵਾਦੀ ਸੀ। ਉਹ ਪਹਿਲਾ ਭਾਰਤੀ ਰਾਜਾ ਸੀ ਜਿਸ ਨੇ ਸਤੀ ਅਤੇ ਕੁੜੀ ਮਾਰਨ ਦੀ ਪ੍ਰਥਾ 'ਤੇ ਪਾਬੰਦੀ ਲਗਾਈ। ਰਣਜੀਤ ਦੇਵ ਦਾ ਬੇਟਾ ਬ੍ਰਿਜ ਦੇਵ ਤੇ ਉਸ ਦਾ ਬੇਟਾ ਸੰਪੂਰਨ ਸਿੰਘ ਸੀ। 1808 ਈ. ਨੂੰ ਮਹਾਰਾਜਾ ਰਣਜੀਤ ਸਿੰਘ ਨੇ ਰਾਜਾ ਜੀਤ ਸਿੰਘ ਨੂੰ ਹਰਾ ਕੇ ਜੰਮੂ 'ਤੇ ਕਬਜ਼ਾ ਕਰ ਲਿਆ ਤੇ ਆਪਣੇ ਬੇਟੇ ਕੁੰਵਰ ਖੜਕ ਸਿੰਘ ਦੇ ਹਵਾਲੇ ਕਰ ਦਿੱਤਾ।

ਪਰ ਪਹਾੜੀਆਂ ਨੇ ਮੀਆਂ ਦਿੱਦੋ ਜੰਮਵਾਲ ਦੀ ਅਗਵਾਈ ਹੇਠ ਬਗਾਵਤ ਕਰ ਦਿੱਤੀ। ਜਦੋਂ ਖੜਕ ਸਿੰਘ ਇਸ ਗੜਬੜ 'ਤੇ ਕੰਟਰੋਲ ਨਾ ਕਰ ਸਕਿਆ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਰਾਜਾ ਜੀਤ ਸਿੰਘ ਦੇ ਦੂਰ ਦੇ ਰਿਸ਼ਤੇਦਾਰ ਅਤੇ ਬਹੁਤ ਹੀ ਕਾਬਲ ਸੈਨਿਕ ਮੀਆਂ ਕਿਸ਼ੋਰ ਸਿੰਘ ਡੋਗਰੇ ਨੂੰ ਜੰਮੂ ਦੀ ਜਾਗੀਰ ਸੌਂਪ ਦਿੱਤੀ। ਇਲਾਕੇ ਦਾ ਭੇਤੀ ਹੋਣ ਕਾਰਨ ਕੁਝ ਹੀ ਦਿਨਾਂ ਵਿੱਚ ਕਿਸ਼ੋਰ ਸਿੰਘ ਨੇ ਮੀਆਂ ਦਿੱਦੋ ਨੂੰ ਕਠੂਏ ਨਜ਼ਦੀਕ ਹਰਾ ਕੇ ਮਾਰ ਦਿੱਤਾ ਤੇ ਜੰਮੂ ਵਿੱਚ ਸ਼ਾਂਤੀ ਸਥਾਪਤ ਕਰ ਦਿੱਤੀ। ਉਸ ਦੀ ਇਸ ਸਫਲਤਾ ਕਾਰਨ ਇਹ ਖਾਨਦਾਨ ਮਹਾਰਾਜੇ ਦਾ ਕ੍ਰਿਪਾ ਪਾਤਰ ਬਣ ਗਿਆ ਤੇ ਦਿਨੋਂ ਦਿਨ ਤਰੱਕੀ ਦੀਆਂ ਪੌੜੀਆਂ ਚੜ੍ਹਦਾ ਗਿਆ। ਹੌਲੀ ਹੌਲੀ ਖਾਲਸਾ ਦਰਬਾਰ ਇੱਕ ਤਰਾਂ ਨਾਲ ਡੋਗਰਿਆਂ ਦੇ ਕਬਜ਼ੇ ਵਿੱਚ ਹੀ ਆ ਗਿਆ। 1822 ਈ. ਵਿੱਚ ਕਿਸ਼ੋਰ ਸਿੰਘ ਦੀ ਮੌਤ ਹੋ ਗਈ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਰਾਜੇ ਦਾ ਖਿਤਾਬ ਦੇ ਕੇ ਗੁਲਾਬ ਸਿੰਘ ਡੋਗਰੇ ਨੂੰ ਜੰਮੂ ਦਾ ਜਾਗੀਰਦਾਰ ਬਣਾ ਦਿੱਤਾ। ਮਹਾਰਾਜੇ ਨੇ ਆਪਣੀ ਹੱਥੀਂ ਇਸ ਦਾ ਰਾਜ ਤਿਲਕ ਕੀਤਾ ਸੀ। ਗੁਲਾਬ ਸਿੰਘ ਹੁਰੀਂ ਤਿੰਨੇ ਭਰਾ ਅੱਤ ਦੇ ਤੇਜ਼ ਤਰਾਟ ਤੇ ਜ਼ੁਬਾਨ ਦੇ ਸ਼ਹਿਦ ਨਾਲੋਂ ਵੀ ਮਿੱਠੇ ਸਨ।

ਗੁਲਾਬ ਸਿੰਘ ਡੋਗਰਾ--- ਭਾਵੇਂ ਸਾਰੇ ਡੋਗਰਾ ਭਰਾਵਾਂ ਨਾਲੋਂ ਧਿਆਨ ਸਿੰਘ ਜਿਆਦਾ ਮਸ਼ਹੂਰ ਹੈ, ਪਰ ਇਸ ਪਰਿਵਾਰ ਦੀ ਤਰੱਕੀ ਦਾ ਸਭ ਤੋਂ ਵੱਡਾ ਜ਼ਿੰਮੇਵਾਰ ਗੁਲਾਬ ਸਿੰਘ ਡੋਗਰਾ ਹੈ। ਉਸੇ ਦੀ ਸਿਫਾਰਸ਼ ਕਾਰਨ ਧਿਆਨ ਸਿੰਘ ਅਤੇ ਸੁਚੇਤ ਸਿੰਘ ਨੂੰ ਖਾਲਸਾ ਦਰਬਾਰ ਵਿੱਚ ਨੌਕਰੀ ਪ੍ਰਾਪਤ ਹੋਈ। ਇਸ ਦਾ ਜਨਮ 17 ਅਕਤੂਬਰ 1792 ਈ. ਨੂੰ ਜੰਮੂ ਵਿੱਚ ਹੋਇਆ ਸੀ। ਇਸ ਦੀ ਪਤਨੀ ਦਾ ਨਾਮ ਨਿਹਾਲ ਕੌਰ ਅਤੇ ਪੁੱਤਰ ਦਾ ਨਾਮ ਰਣਬੀਰ ਸਿੰਘ ਸੀ। ਉਹ 1809 ਈ. ਨੂੰ ਖਾਲਸਾ ਫੌਜ ਵਿੱਚ ਭਰਤੀ ਹੋਇਆ ਤੇ ਆਪਣੀ ਕਾਬਲੀਅਤ ਸਦਕਾ ਜਲਦੀ ਹੀ 12000 ਸਲਾਨਾ ਜਾਗੀਰ ਦਾ ਮਾਲਕ ਅਤੇ 250 ਘੋੜਸਵਾਰਾਂ ਦਾ ਕਮਾਂਡਰ ਬਣਾ ਦਿੱਤਾ ਗਿਆ।

ਗੁਲਾਬ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਹੁਤ ਹੀ ਵਫਾਦਾਰੀ ਨਾਲ ਸੇਵਾ ਕੀਤੀ ਤੇ ਬਦਲੇ ਵਿੱਚ ਵੱਡੇ ਇਨਾਮ ਪ੍ਰਾਪਤ ਕੀਤੇ। ਉਸ ਨੇ ਖਾਲਸਾ ਫੌਜ ਵੱਲੋਂ ਅਨੇਕਾਂ ਲੜਾਈਆਂ ਵਿੱਚ ਹਿੱਸਾ ਲਿਆ। 1821 ਵਿੱਚ ਉਸ ਨੇ ਰਾਜੌਰੀ ਅਤੇ ਕਿਸ਼ਤਵਾੜ ਨੂੰ ਖਾਲਸਾ ਰਾਜ ਵਿੱਚ ਮਿਲਾਇਆ ਤੇ ਡੇਰਾ ਗਾਜ਼ੀ ਖਾਨ ਦੀ ਜਿੱਤ ਵਿੱਚ ਵਿੱਚ ਅਹਿਮ ਰੋਲ ਨਿਭਾਇਆ। 1824 ਵਿੱਚ ਸਮਾਰਥਾ ਦਾ ਕਿਲ੍ਹਾ ਜਿਤਿਆ ਤੇ 1827 ਵਿੱਚ ਹਰੀ ਸਿੰਘ ਨਲਵਾ ਦੀ ਕਮਾਂਡ ਹੇਠ ਸਾਦੂ ਦੀ ਜੰਗ ਵਿੱਚ ਸੱਯਦ ਅਹਿਮਦ ਸ਼ਾਹ ਬਰੇਲਵੀ ਨੂੰ ਹਰਾਇਆ। ਹੌਲੀ ਹੌਲੀ ਉਹ ਖਾਲਸਾ ਦਰਬਾਰ ਦਾ ਇੱਕ ਸਭ ਤੋਂ ਤਾਕਤਵਰ ਸਰਦਾਰ ਬਣ ਗਿਆ। ਉਸ ਨੂੰ 3 ਪੈਦਲ ਰੈਜਮੈਂਟਾਂ, 15 ਛੋਟੀਆਂ ਅਤੇ 40 ਵੱਡੀਆਂ ਤੋਪਾਂ ਰੱਖਣ ਦੀ ਆਗਿਆ ਸੀ (ਕਰੀਬ 6000 ਸੈਨਿਕ)। 1831 ਵਿੱਚ ਮਹਾਰਾਜੇ ਨੇ ਮਿਆਣੀ ਦੀਆਂ ਲੂਣ ਦੀ ਖਾਣਾਂ, ਭੇਰਾ, ਜੇਹਲਮ, ਰੋਹਤਾਸ ਅਤੇ ਗੁਜਰਾਤ ਦੀ ਜਾਗੀਰ ਵੀ ਗੁਲਾਬ ਸਿੰਘ ਡੋਗਰੇ ਨੂੰ ਬਖਸ਼ ਦਿੱਤੀ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ (1839 ਈ.) ਤੋਂ ਬਾਅਦ ਲਾਹੌਰ ਦਰਬਾਰ ਸਾਜਿਸ਼ਾਂ ਦਾ ਅਖਾੜਾ ਬਣ ਗਿਆ ਤੇ ਤਿੰਨੇ ਡੋਗਰਾ ਭਰਾ ਇਸ ਸ਼ਤਰੰਜ ਦੇ ਮੋਹਰੀ ਖਿਡਾਰੀ। ਗੁਲਾਬ ਸਿੰਘ ਜੰਮੂ ਵਿੱਚ ਅਤੇ ਧਿਆਨ ਸਿੰਘ ਪ੍ਰਧਾਨ ਮੰਤਰੀ ਵਜੋਂ ਨਿਰੰਕੁਸ਼ ਹੋ ਗਏ। 1840 ਵਿੱਚ ਮਹਾਰਾਜਾ ਖੜਕ ਸਿੰਘ ਅਤੇ ਕੁੰਵਰ ਨੌਨਿਹਾਲ ਸਿੰਘ ਨੂੰ ਮਹਾਰਾਜੇ ਕੋਲ ਪਹੁੰਚਾ ਦਿੱਤਾ ਗਿਆ। ਛੱਜਾ ਡਿੱਗਣ ਕਾਰਨ ਕੁੰਵਰ ਨੌਨਿਹਾਲ ਸਿੰਘ ਦੇ ਨਾਲ ਮਰਨ ਵਾਲਾ ਮੀਆਂ ਊਧਮ ਸਿੰਘ ਗੁਲਾਬ ਸਿੰਘ ਦਾ ਪੁੱਤਰ ਸੀ। ਮਹਾਰਾਜਾ ਸ਼ੇਰ ਸਿੰਘ ਦੇ ਰਾਜ ਪ੍ਰਾਪਤੀ ਵੇਲੇ ਵੀ ਬਹੁਤ ਵੱਡੀ ਖੇਡ ਖੇਡੀ ਗਈ। ਧਿਆਨ ਸਿੰਘ ਸ਼ੇਰ ਸਿੰਘ ਦੀ ਅਤੇ ਗੁਲਾਬ ਸਿੰਘ ਰਾਣੀ ਚੰਦ ਕੌਰ ਦੀ ਮਦਦ ਕਰ ਰਿਹਾ ਸੀ। ਸ਼ੇਰ ਸਿੰਘ ਦੀ ਜਿੱਤ ਤੋਂ ਬਾਅਦ ਧਿਆਨ ਸਿੰਘ ਦੀ ਦਖਲਅੰਦਾਜ਼ੀ ਕਾਰਨ ਹੀ ਗੁਲਾਬ ਸਿੰਘ ਘੇਰੇ ਵਿੱਚੋਂ ਸੁਰੱਖਿਅਤ ਬਚ ਕੇ ਨਿਕਲ ਸਕਿਆ। ਉਹ ਲਾਹੌਰ ਦਾ ਤਕਰੀਬਨ ਸਾਰਾ ਖਜ਼ਾਨਾ ਆਪਣੇ ਨਾਲ ਜੰਮੂ ਲੈ ਗਿਆ।

ਇਸ ਤੋਂ ਬਾਅਦ ਅਗਲੇ ਕੁਝ ਸਾਲਾਂ ਵਿੱਚ ਉਸ ਨੇ ਮੰਗਲਾ ਕਿਲਾ ਜਿੱਤ ਲਿਆ ਤੇ ਹਰੀ ਸਿੰਘ ਨਲਵਾ ਦੀ ਮੌਤ ਤੋਂ ਬਾਅਦ ਬਾਗੀ ਹੋਏ ਹਜ਼ਾਰਾ ਦੇ ਕਬਾਇਲੀ ਬਾਗੀਆਂ ਨੂੰ ਸਖਤੀ ਨਾਲ ਦਬਾਇਆ। ਉਸ ਦੇ ਕਮਾਂਡਰ ਜ਼ੋਰਾਵਰ ਸਿੰਘ ਨੇ ਹਿਮਾਲੀਆ ਟੱਪ ਕੇ ਸੁਰੂ ਘਾਟੀ ਅਤੇ ਕਾਰਗਿਲ (1835), ਲੱਦਾਖ (1836-40) ਅਤੇ ਬਾਲਟੀਸਤਾਨ (1840) 'ਤੇ ਕਬਜ਼ਾ ਜਮਾ ਲਿਆ। ਉਸ ਨੇ 1841 ਵਿੱਚ ਤਿੱਬਤ ਦੇ ਵੱਡੇ ਹਿੱਸੇ 'ਤੇ ਵੀ ਕਬਜ਼ਾ ਕਰ ਲਿਆ।

ਸ਼ੇਰ ਸਿੰਘ ਦੇ ਮਹਾਰਾਜਾ ਬਣਨ ਤੋਂ ਬਾਅਦ ਉਸ ਨੇ ਲਾਹੌਰ ਦਰਬਾਰ ਦੀਆਂ ਸਾਜਿਸ਼ਾਂ ਤੋਂ ਆਪਣੇ ਆਪ ਨੂੰ ਵੱਖ ਰੱਖਿਆ ਤੇ ਅੰਗਰੇਜ਼ਾਂ ਨਾਲ ਗੱਲ ਬਾਤ ਸ਼ੁਰੂ ਕਰ ਲਈ। ਹੌਲੀ ਹੌਲੀ ਮਹਾਰਾਜਾ ਸ਼ੇਰ ਸਿੰਘ (1842), ਧਿਆਨ ਸਿੰਘ ਡੋਗਰਾ (1842), ਸੁਚੇਤ ਸਿੰਘ ਡੋਗਰਾ (1844) ਅਤੇ ਹੀਰਾ ਸਿੰਘ ਡੋਗਰਾ (1844) ਆਦਿ ਕਤਲ ਕਰ ਦਿੱਤੇ ਗਏ। 1844 ਈ. ਵਿੱਚ ਖਾਲਸਾ ਫੌਜ ਨੇ ਜੰਮੂ ਉੱਪਰ ਚੜ੍ਹਾਈ ਕਰ ਦਿੱਤੀ। ਗੁਲਾਬ ਸਿੰਘ ਨੇ ਸੰਧੀ ਕਰ ਲਈ ਅਤੇ 27 ਲੱਖ ਰੁਪਈਆ ਹਰਜ਼ਾਨਾ ਭਰ ਕੇ ਜਾਨ ਛੁਡਾਈ। ਪਹਿਲੀ ਐਂਗਲੋ-ਸਿੱਖ ਜੰਗ (1845-46) ਵਿੱਚ ਉਸ ਨੇ ਅੰਗਰੇਜ਼ਾਂ ਦੀ ਹਰ ਤਰਾਂ ਨਾਲ ਖੁਲ੍ਹ ਕੇ ਮਦਦ ਕੀਤੀ। ਉਸ ਦੀਆਂ ਇਹਨਾਂ ਸੇਵਾਵਾਂ ਬਦਲੇ ਲਾਹੌਰ ਸੰਧੀ (1846) ਅਧੀਨ ਅੰਗਰੇਜ਼ਾਂ ਨੇ ਜੰਮੂ ਅਤੇ ਕਸ਼ਮੀਰ 75 ਲੱਖ ਰੁ. ਬਦਲੇ ਗੁਲਾਬ ਸਿੰਘ ਦੇ ਹਵਾਲੇ ਕਰ ਦਿੱਤਾ।



ਆਖਰਕਾਰ ਉਸ ਦਾ ਮਹਾਰਾਜਾ ਬਣਨ ਦਾ ਚਿਰਾਂ ਦਾ ਸੁਪਨਾ ਪੂਰਾ ਹੋ ਗਿਆ। ਦਸੰਬਰ 1846 ਈ. ਨੂੰ ਇੱਕ ਸ਼ਾਨਦਾਰ ਸਮਾਰੋਹ ਵਿੱਚ ਜੰਮੂ ਵਿਖੇ ਉਸ ਨੂੰ ਰਾਜ ਤਿਲਕ ਕੀਤਾ ਗਿਆ। ਜੰਮੂ-ਕਸ਼ਮੀਰ ਭਾਰਤ ਦੀ ਸਭ ਤੋਂ ਵੱਡੀ ਸਟੇਟ ਸੀ। ਉਸ ਦੀ 30 ਜੂਨ 1857 ਵਿੱਚ 65 ਸਾਲ ਦੀ ਉਮਰ ਵਿੱਚ ਮੌਤ ਹੋ ਗਈ। ਉਸ ਦੇ ਵਾਰਸ 1947 ਤੱਕ ਕਸ਼ਮੀਰ 'ਤੇ ਰਾਜ ਕਰਦੇ ਰਹੇ।

ਧਿਆਨ ਸਿੰਘ ਡੋਗਰਾ - ਧਿਆਨ ਸਿੰਘ ਚਾਹੇ ਗੁਲਾਬ ਸਿੰਘ ਨਾਲੋਂ ਛੋਟਾ ਸੀ ਪਰ ਉਸ ਨਾਲੋਂ ਕਿਤੇ ਵੱਧ ਚੁਸਤ ਚਲਾਕ ਅਤੇ ਸਾਜ਼ਿਸ਼ੀ ਸੀ। ਖਾਲਸਾ ਰਾਜ ਦੀ ਤਬਾਹੀ ਵਿੱਚ ਸਭ ਤੋਂ ਵੱਡਾ ਹੱਥ ਇਸੇ ਦਾ ਹੈ। ਇਸ ਦਾ ਜਨਮ 22 ਅਗਸਤ 1796 ਈ. ਨੂੰ ਜੰਮੂ ਦੇ ਨਜ਼ਦੀਕ ਇੱਕ ਪਿੰਡ ਵਿੱਚ ਹੋਇਆ। ਜਦੋਂ 1812 ਵਿੱਚ ਇਹ 16 ਸਾਲ ਦਾ ਸੀ ਤਾਂ ਗੁਲਾਬ ਸਿੰਘ ਨੇ ਇਸ ਨੂੰ ਰੋਹਤਾਸਗੜ੍ਹ ਵਿਖੇ ਮਹਾਰਾਜੇ ਸਾਹਮਣੇ ਪੇਸ਼ ਕੀਤਾ। ਇਸ ਨੂੰ 60 ਰੁ. ਮਹੀਨਾ 'ਤੇ ਮਹਾਰਾਜੇ ਦੇ ਨਿੱਜੀ ਸਟਾਫ ਵਿੱਚ ਸਿਪਾਹੀ ਭਰਤੀ ਕਰ ਲਿਆ ਗਿਆ। ਪਰ ਧਿਆਨ ਸਿੰਘ ਦੇ ਸ਼ਾਨਦਾਰ ਵਿਅਕਤੀਤਵ, ਚਤੁਰਾਈ, ਗੱਲਬਾਤ ਦੇ ਅੰਦਾਜ਼, ਚਾਲ ਢਾਲ ਅਤੇ ਕੰਮ ਨਿਪਟਾਉਣ ਦੀ ਨਿਪੁੰਨਤਾ ਕਾਰਨ ਉਹ ਜਲਦੀ ਹੀ ਮਹਾਰਾਜੇ ਦੀ ਨਜ਼ਰੀਂ ਚੜ੍ਹ ਗਿਆ। 1818 ਵਿੱਚ ਉਸ ਨੂੰ ਜਮਾਂਦਾਰ ਖੁਸ਼ਹਾਲ ਸਿੰਘ ਦੀ ਜਗ੍ਹਾ ਡਿਊੜੀਦਾਰ ਬਣਾ ਦਿੱਤਾ ਗਿਆ ਤੇ ਉਸ ਦੀ ਮਹਾਰਾਜੇ ਤੱਕ ਸਿੱਧੀ ਪਹੁੰਚ ਹੋ ਗਈ।

ਸਵੇਰੇ ਦਾਤਣ ਕਰਨ ਤੋਂ ਲੈ ਕੇ ਰਾਤ ਸੌਣ ਤੱਕ ਉਹ ਮਹਾਰਾਜੇ ਦੇ ਨਾਲ ਨਾਲ ਰਹਿੰਦਾ ਸੀ ਤੇ ਕਈ ਵਾਰ ਮਹਾਰਾਜੇ ਦੇ ਤੰਬੂ ਦੇ ਬਾਹਰ ਹੀ ਸੌਂ ਜਾਂਦਾ ਸੀ। ਉਹ ਮਹਾਰਾਜੇ ਤੋਂ ਬਾਅਦ ਖਾਲਸਾ ਰਾਜ ਦਾ ਸਭ ਤੋਂ ਤਾਕਤਵਰ ਵਿਅਕਤੀ ਸੀ। ਕੋਈ ਚਿੱਠੀ ਪੱਤਰ ਜਾਂ ਵਿਅਕਤੀ ਉਸ ਦੀ ਆਗਿਆ ਤੋਂ ਬਿਨਾਂ ਮਹਾਰਾਜੇ ਸਾਹਮਣੇ ਪੇਸ਼ ਨਹੀਂ ਸੀ ਕੀਤਾ ਜਾ ਸਕਦਾ। ਉਹ ਵਾਹਿਦ ਸਖਸ਼ ਸੀ ਜੋ ਮਹਾਰਾਜੇ ਦੇ ਜਨਾਨਖਾਨੇ ਵਿੱਚ ਪ੍ਰਵੇਸ਼ ਕਰ ਸਕਦਾ ਸੀ ਤੇ ਦਰਬਾਰ ਵਿੱਚ ਬਿਨਾਂ ਆਗਿਆ ਬੋਲ ਸਕਦਾ ਸੀ। ਖੜਕ ਸਿੰਘ, ਨੌਨਿਹਾਲ ਸਿੰਘ ਅਤੇ ਹੀਰਾ ਸਿੰਘ ਡੋਗਰੇ ਤੋਂ ਬਾਅਦ ਸਿਰਫ ਉਸ ਨੂੰ ਮਹਾਰਾਜੇ ਦੀ ਸੋਨੇ ਦੀ ਕੁਰਸੀ 'ਤੇ ਬੈਠਣ ਦਾ ਅਧਿਕਾਰ ਸੀ। ਉਸ 'ਤੇ ਮਹਾਰਾਜੇ ਵੱਲੋਂ ਬੇਅੰਤ ਬਖਸ਼ਿਸ਼ਾਂ ਕੀਤੀਆਂ ਗਈਆਂ। ਉਸ ਨੂੰ ਜੰਮੂ ਇਲਾਕੇ ਵਿੱਚ ਵੱਡੀਆਂ ਜਾਗੀਰਾਂ ਬਖਸ਼ੀਆਂ ਗਈਆਂ ਤੇ 20 ਜੂਨ 1827 ਨੂੰ ਰਾਜਾਰਜਗਾਨ ਰਾਜਾ ਕਲਾ ਬਹਾਦਰ ਦਾ ਖਿਤਾਬ ਦਿੱਤਾ ਗਿਆ। ਉਸ ਦੀ ਤਾਕਤ ਦਾ ਸਿਖਰ ਉਦੋਂ ਆਇਆ ਜਦੋਂ ਅੰਤਿਮ ਸਾਹਾਂ 'ਤੇ ਪਏ ਮਹਾਰਾਜਾ ਰਣਜੀਤ ਸਿੰਘ ਨੇ ਸਾਰੇ ਦਰਬਾਰੀਆਂ, ਸਰਦਾਰਾਂ ਅਤੇ ਫੌਜੀ ਕਮਾਂਡਰਾਂ ਦੀ ਹਜ਼ਰੀ ਵਿੱਚ ਕੁੰਵਰ ਖੜਕ ਸਿੰਘ ਨੂੰ ਆਪਣਾ ਉੱਤਰਾਧਿਕਾਰੀ ਅਤੇ ਰਾਜਾ ਧਿਆਨ ਸਿੰਘ ਨੂੰ ਉਸ ਦਾ ਵਜ਼ੀਰੇ ਆਜ਼ਮ ਘੋਸ਼ਿਤ ਕਰ ਦਿੱਤਾ। ਮਹਾਰਾਜੇ ਨੇ ਧਿਆਨ ਸਿੰਘ ਨੂੰ ਨਾਇਬ ਸਲਤਨਤੇ ਅਜ਼ਮਤ, ਖੈਰਖਵਾਹ ਸਾਮੀਮੀ ਦੌਲਤੇ ਸਿਰਕਾਰੀਕੁਬਰਾ, ਵਜ਼ੀਰੇਆਜ਼ਮ, ਦਸਤੂਰੇਮੁਅੱਜ਼ਮ, ਮੁਖਤਾਰੇਮੁਲਕ ਦਾ ਖਿਤਾਬ ਬਖਸ਼ਿਆ।

28 ਜੂਨ 1839 ਨੂੰ ਮਹਾਰਾਜੇ ਦੇ ਅੰਤਿਮ ਸੰਸਕਾਰ ਮੌਕੇ ਧਿਆਨ ਸਿੰਘ ਨੇ ਬਹੁਤ ਪਾਖੰਡ ਕੀਤੇ। ਉਸ ਨੇ ਕਈ ਵਾਰ ਭੱਜ ਕੇ ਚਿਤਾ ਵਿੱਚ ਛਾਲ ਮਾਰਨ ਦੀ ਕੋਸ਼ਿਸ਼ ਕੀਤੀ। ਜੇ ਕਿਤੇ ਉਸ ਨੂੰ ਕੋਈ ਨਾ ਰੋਕਦਾ ਤੇ ਉਹ ਸੱਚੀਂ ਸੜ ਬਲ ਜਾਂਦਾ ਤਾਂ ਅੱਜ ਪੰਜਾਬ ਦਾ ਇਤਿਹਾਸ ਕੁਝ ਹੋਰ ਹੋਣਾ ਸੀ। ਪਰ ਖਾਲਸਾ ਰਾਜ ਦੀ ਬਦਕਿਸਮਤੀ ਕਿ ਉਸ ਨੂੰ ਮੰਤਰੀਆਂ ਅਤੇ ਰਾਣੀਆਂ ਨੇ ਅਜਿਹਾ ਕਰਨ ਤੋਂ ਰੋਕ ਲਿਆ। ਖੜਕ ਸਿੰਘ ਮਹਾਰਾਜਾ ਬਣ ਗਿਆ ਪਰ ਉਸ ਨੇ ਧਿਆਨ ਸਿੰਘ ਦੇ ਪਰ ਕੁਤਰਨੇ ਅਤੇ ਆਪਣੇ ਰਿਸ਼ਤੇਦਾਰ ਚੇਤ ਸਿੰਘ ਬਾਜਵਾ ਨੂੰ ਅੱਗੇ ਵਧਾਉਣਾ ਸ਼ੁਰੂ ਕਰ ਦਿੱਤਾ। ਤਾਕਤ ਖੁੱਸਦੀ ਵੇਖ ਕੇ ਧਿਆਨ ਸਿੰਘ ਨੇ ਚੇਤ ਸਿੰਘ ਬਾਜਵਾ ਦੇ ਕਤਲ ਦੀ ਸਕੀਮ ਘੜ ਲਈ। ਉਸ ਨੇ ਖੜਕ ਸਿੰਘ ਦੇ ਅੰਗਰੇਜ਼ਾਂ ਨਾਲ ਮਿਲੇ ਹੋਣ ਦੀ ਅਫਵਾਹ ਫੈਲਾ ਦਿੱਤੀ ਤੇ ਨੌਨਿਹਾਲ ਸਿੰਘ ਅਤੇ ਰਾਣੀ ਚੰਦ ਕੌਰ ਨੂੰ ਆਪਣੇ ਨਾਲ ਮਿਲਾ ਲਿਆ। 9 ਅਕਤੂਬਰ 1839 ਨੂੰ ਉਸ ਨੇ ਨੌਨਿਹਾਲ ਸਿੰਘ, ਸੁਚੇਤ ਸਿੰਘ ਡੋਗਰੇ, ਜਨਰਲ ਗਾਰਡਨਰ ਅਤੇ ਹੋਰ ਸਾਥੀਆਂ ਨਾਲ ਮਿਲ ਕੇ ਚੇਤ ਸਿੰਘ ਬਾਜਵਾ ਦਾ ਕਤਲ ਕਰ ਕੇ ਦਰਬਾਰ ਵਿੱਚ ਉਸ ਖੂਨੀ ਖੇਡ ਦੀ ਸ਼ੁਰੂਆਤ ਕੀਤੀ ਜੋ ਉਸ ਦੀ ਖੁਦ ਦੀ ਜਾਨ ਲੈ ਕੇ ਵੀ ਸ਼ਾਂਤ ਨਾ ਹੋਈ।

ਖੜਕ ਸਿੰਘ ਅਤੇ ਨੌਨਿਹਾਲ ਦੀ ਕ੍ਰਮਵਾਰ 4 ਅਤੇ 5 ਨਵੰਬਰ 1840 ਨੂੰ ਮੌਤ ਹੋ ਗਈ। ਧਿਆਨ ਸਿੰਘ ਨੇ ਸਾਜਿਸ਼ ਖੇਡ ਕੇ ਸ਼ੇਰ ਸਿੰਘ ਨੂੰ ਮਹਾਰਾਜਾ ਬਣਾ ਦਿੱਤਾ ਤੇ ਆਪ ਉਸ ਦਾ ਵਜ਼ੀਰ ਬਣ ਗਿਆ। ਆਖਰ ਉਸ ਦੇ ਪਾਪਾਂ ਦਾ ਘੜਾ ਭਰ ਗਿਆ। ਅਜੀਤ ਸਿੰਘ ਅਤੇ ਲਹਿਣਾ ਸਿੰਘ ਸੰਧਾਵਾਲੀਆਂ ਨੇ 15 ਸਤੰਬਰ 1843 ਨੂੰ ਮਹਾਰਾਜਾ ਸ਼ੇਰ ਸਿੰਘ ਅਤੇ ਧਿਆਨ ਸਿੰਘ ਡੋਗਰੇ ਦਾ ਕਤਲ ਕਰ ਦਿੱਤਾ। 21 ਦਸੰਬਰ 1844 ਨੂੰ ਸ. ਸ਼ਾਮ ਸਿੰਘ ਅਟਾਰੀ ਨੇ ਹੀਰਾ ਸਿੰਘ ਡੋਗਰੇ ਨੂੰ ਖਜ਼ਾਨਾ ਲੈ ਕੇ ਜੰਮੂ ਵੱਲ ਭੱਜਦੇ ਸਮੇਂ ਪੰਡਿਤ ਜੱਲ੍ਹੇ ਸਮੇਤ ਮਾਰ ਕੇ ਇਸ ਪਾਪੀ ਦਾ ਖਾਨਦਾਨ ਸਮੂਲ ਖਤਮ ਕਰ ਦਿੱਤਾ।

ਧਿਆਨ ਸਿੰਘ ਡੋਗਰਾ ਅੰਗਰੇਜ਼ਾਂ ਨੂੰ ਬੇਹੱਦ ਨਫਰਤ ਕਰਦਾ ਸੀ। ਉਹ ਸਾਰੀ ਉਮਰ ਮਹਾਰਾਜੇ ਨੂੰ ਅੰਗਰੇਜ਼ਾਂ ਖਿਲਾਫ ਲੜਾਈ ਕਰਨ ਲਈ ਉਕਸਾਉਂਦਾ ਰਿਹਾ। ਮਹਾਰਾਜਾ ਸਿਰਫ ਇੱਕ ਵਾਰ ਉਸ ਨਾਲ ਨਰਾਜ਼ ਹੋਇਆ ਸੀ ਜਦੋਂ ਉਸ ਨੇ ਹਰੀ ਸਿੰਘ ਨਲਵਾ ਦੀਆਂ ਚਿੱਠੀਆਂ ਮਹਾਰਾਜੇ ਤੱਕ ਨਾ ਪਹੁੰਚਣ ਦਿੱਤੀਆਂ ਤੇ ਘੱਟ ਫੌਜ ਕਾਰਨ ਮਾਰਚ 1837 ਦੀ ਜਮਰੌਦ ਦੀ ਲੜਾਈ ਵਿੱਚ ਹਰੀ ਸਿੰਘ ਨਲਵਾ ਸ਼ਹੀਦ ਹੋ ਗਿਆ। ਬਾਅਦ ਵਿੱਚ ਸੱਚਾਈ ਪਤਾ ਲੱਗਣ 'ਤੇ ਸਵੇਰੇ ਦਾਤਣ ਕਰਦੇ ਸਮੇਂ ਮਹਾਰਾਜੇ ਨੇ ਗੁੱਸੇ ਵਿੱਚ ਆ ਕੇ ਪਾਣੀ ਵਾਲੀ ਗੜਵੀ ਧਿਆਨ ਸਿੰਘ ਨੂੰ ਮਾਰੀ ਜੋ ਉਸ ਦੀ ਲੱਤ 'ਤੇ ਲੱਗੀ।

ਸੁਚੇਤ ਸਿੰਘ ਡੋਗਰਾ - ਇਹ ਡੋਗਰਾ ਭਰਾਵਾਂ ਵਿੱਚ ਸਭ ਤੋਂ ਛੋਟਾ ਸੀ। ਉਸ ਦਾ ਜਨਮ 18 ਜਨਵਰੀ 1801 ਨੂੰ ਹੋਇਆ। ਉਸ ਨੂੰ ਵੀ ਗੁਲਾਬ ਸਿੰਘ ਨੇ ਛੋਟੀ ਉਮਰ ਵਿੱਚ ਹੀ ਦਰਬਾਰ ਵਿੱਚ ਭਰਤੀ ਕਰਵਾ ਦਿੱਤਾ। ਉਹ ਮਹਾਰਾਜੇ ਸਾਹਮਣੇ ਲੋਕਾਂ ਦੀਆਂ ਦਰਖਾਸਤਾਂ ਆਦਿ ਪੇਸ਼ ਕਰਨ ਲਈ ਆਪਣੇ ਭਰਾ ਧਿਆਨ ਸਿੰਘ ਦਾ ਸਹਾਇਕ ਨਿਯੁੱਕਤ ਕੀਤਾ ਗਿਆ। ਜਦੋਂ 1820 ਵਿੱਚ ਧਿਆਨ ਸਿੰਘ ਮੰਤਰੀ ਬਣ ਗਿਆ ਤਾਂ ਇਸ ਨੂੰ ਡਿਉੜੀਦਾਰ ਬਣਾ ਦਿੱਤਾ ਗਿਆ। 1822 ਵਿੱਚ ਮਹਾਰਾਜੇ ਨੇ ਇਸ ਨੂੰ ਵੀ ਰਾਜਾ ਦਾ ਖਿਤਾਬ ਦੇ ਕੇ ਸਾਂਬਾ, ਜਸਰੋਟਾ, ਅਟੱਲਗੜ੍ਹ, ਕੋਠੀ ਅਤੇ ਨਾਦੌਣ ਦੀ ਜਾਗੀਰ ਦੇ ਦਿੱਤੀ ਅਤੇ ਮਹਾਰਾਜੇ ਦੀ ਸਭ ਤੋਂ ਸ਼ਾਨਦਾਰ ਘੋੜਸਵਾਰ ਰਸਾਲੇ, ਚਾਰਯਾਰੀ ਸਵਾਰਾਂ ਦਾ ਕਮਾਂਡਰ ਵੀ ਲਗਾ ਦਿੱਤਾ ਗਿਆ। ਉਸ ਨੇ ਪੇਸ਼ਾਵਰ ਆਦਿ ਕੁਝ ਯੁੱਧਾਂ ਵਿੱਚ ਵੀ ਹਿੱਸਾ ਲਿਆ ਪਰ ਉਹ ਬਹੁਤਾ ਸਮਾਂ ਦਰਬਾਰ ਵਿੱਚ ਹੀ ਰਹਿੰਦਾ ਸੀ ਤੇ ਮਹਾਰਾਜੇ ਦੇ ਨਿੱਜੀ ਕੰਮ ਕਰਦਾ ਸੀ।

ਮਹਾਰਾਜੇ ਦੀ ਮੌਤ ਤੋਂ ਬਾਅਦ ਉਹ ਵੀ ਧਿਆਨ ਸਿੰਘ ਨਾਲ ਰਲ ਕੇ ਸਜਿਸ਼ਾਂ ਵਿੱਚ ਹਿੱਸਾ ਲੈਣ ਲੱਗ ਪਿਆ। ਚੇਤ ਸਿੰਘ ਬਾਜਵਾ ਦੇ ਕਤਲ ਵੇਲੇ ਉਹ ਨਾਲ ਹੀ ਸੀ। ਉਹ ਮਹਾਰਾਜਾ ਸ਼ੇਰ ਸਿੰਘ ਦਾ ਮੰਤਰੀ ਬਣ ਗਿਆ ਤੇ ਕੁੰਵਰ ਪ੍ਰਤਾਪ ਸਿੰਘ ਦੀ ਲਾਰਡ ਐਲਨਬਰੋ ਨਾਲ 1842 ਨੂੰ ਫਿਰੋਜ਼ਪੁਰ ਵਿਖੇ ਹੋਈ ਮਿਲਣੀ ਵੇਲੇ ਨਾਲ ਗਿਆ। ਸ਼ੇਰ ਸਿੰਘ, ਪ੍ਰਤਾਪ ਸਿੰਘ ਅਤੇ ਧਿਆਨ ਸਿੰਘ ਦੇ ਕਤਲ ਤੋਂ ਬਾਅਦ ਜਦੋਂ ਉਸ ਦੀ ਬਜਾਏ ਹੀਰਾ ਸਿੰਘ ਡੋਗਰਾ ਪ੍ਰਧਾਨ ਮੰਤਰੀ ਬਣ ਗਿਆ ਤਾਂ ਉਹ ਸੜ ਬਲ ਗਿਆ। ਗੁਲਾਬ ਸਿੰਘ ਡੋਗਰੇ ਦੇ ਵਰਜਣ ਦੇ ਬਾਵਜੂਦ ਉਸ ਨੇ ਮਹਾਰਾਣੀ ਜਿੰਦਾਂ ਦੇ ਭਰਾ ਜਵਾਹਰ ਸਿੰਘ ਨਾਲ ਮਿਲ ਕੇ ਹੀਰਾ ਸਿੰਘ ਡੋਗਰਾ ਦੇ ਖਿਲਾਫ ਸਜਿਸ਼ਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ। ਇਸ ਕਾਰਨ ਹੀਰਾ ਸਿੰਘ ਡੋਗਰਾ ਉਸ ਦੀ ਜਾਨ ਦਾ ਦੁਸ਼ਮਣ ਬਣ ਗਿਆ। 5 ਦਸੰਬਰ 1843 ਨੂੰ ਗੁਲਾਬ ਸਿੰਘ ਉਸ ਨੂੰ ਜੰਮੂ ਲੈ ਗਿਆ ਪਰ ਉਸ ਨੇ ਲਾਹੌਰ ਚਿੱਠੀ ਪੱਤਰੀ ਜਾਰੀ ਰੱਖੀ। ਕੁਝ ਛੋਟੇ ਫੌਜੀ ਅਫਸਰਾਂ ਵੱਲੋਂ ਮਿਲ ਰਹੇ ਹਾਂ ਪੱਖੀ ਜਵਾਬਾਂ ਕਾਰਨ ਉਹ ਉਤਸ਼ਾਹ ਵਿੱਚ ਆ ਗਿਆ ਤੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਲਈ ਥੋੜ੍ਹੀ ਜਿਹੀ ਫੌਜ ਲੈ ਕੇ 26 ਮਾਰਚ 1844 ਨੂੰ ਲਾਹੌਰ ਪਹੁੰਚ ਗਿਆ। ਦੁਸ਼ਮਣ ਚਾਚੇ ਨੂੰ ਮਾਰ ਹੇਠ ਆਇਆ ਵੇਖ ਕੇ ਹੀਰਾ ਸਿੰਘ ਡੋਗਰੇ ਨੇ 27 ਮਾਰਚ ਨੂੰ ਉਸ ਦਾ ਡੇਰਾ ਘੇਰ ਲਿਆ ਤੇ ਗੋਲਾਬਾਰੀ ਕਰ ਕੇ ਕਤਲ ਕਰ ਦਿੱਤਾ। ਹਮਜਿਨਸੀ ਹੋਣ ਕਾਰਨ ਸੁਚੇਤ ਸਿੰਘ ਦੇ ਕੋਈ ਔਲਾਦ ਨਹੀਂ ਸੀ ਪਰ ਉਸ ਨੇ ਕਰੋੜਾਂ ਦਾ ਖਜ਼ਾਨਾ ਜਮ੍ਹਾਂ ਕੀਤਾ ਹੋਇਆ ਸੀ ਜੋ ਉਸ ਦੀਆਂ ਜਾਗੀਰਾਂ ਸਮੇਤ ਹੀਰਾ ਸਿੰਘ ਦੇ ਹੱਥ ਆ ਗਿਆ।

# ਭਿੰਡੀ ਸਰੀਰ ਦੀਆਂ ਕਈ ਬਿਮਾਰੀਆਂ ਨੂੰ ਕਰਦੀ ਹੈ ਜੜ੍ਹ ਤੋਂ ਖਤਮ



ਆਮ ਤੌਰ 'ਤੇ ਭਿੰਡੀ ਖਾਣਾ ਹਰ ਕੋਈ ਪਸੰਦ ਕਰਦਾ ਹੈ। ਇਹ ਸੁਆਦ ਹੋਣ ਦੇ ਨਾਲ-ਨਾਲ ਸਿਹਤ ਲਈ ਵੀ ਬਹੁਤ ਫਾਇਦੇਮੰਦ ਹੁੰਦੀ ਹੈ। ਭਿੰਡੀ 'ਚ ਕਈ ਤਰ੍ਹਾਂ ਦੇ ਪੋਸ਼ਕ ਤੱਤ ਮੌਜੂਦ ਹੁੰਦੇ ਹਨ ਜੋ ਸਰੀਰ ਨੂੰ ਕਈ ਬਿਮਾਰੀਆਂ ਤੋਂ ਦੂਰ ਰੱਖਦੇ ਹਨ। ਅੱਜ ਅਸੀਂ ਤੁਹਾਨੂੰ ਰੋਜ਼ਾਨਾ ਭਿੰਡੀ ਖਾਣ ਨਾਲ ਸਰੀਰ ਨੂੰ ਹੋਣ ਵਾਲੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ ਇਸ ਦੇ ਫਾਇਦਿਆਂ ਬਾਰੇ...

**ਡਾਇਬਿਟੀਜ਼ ਤੋਂ ਬਚਾਏ**-ਭਿੰਡੀ ਡਾਇਬੀਟੀਜ਼ ਦੇ ਇਲਾਜ 'ਚ ਬਹੁਤ ਉਪਯੋਗੀ ਹੁੰਦੀ ਹੈ। ਇਸ 'ਚ ਫਾਈਬਰ ਭਰਪੂਰ ਮਾਤਰਾ 'ਚ ਮੌਜੂਦ ਹੁੰਦਾ ਹੈ। ਡਾਇਬੀਟੀਜ਼ ਦੇ ਇਲਾਜ ਲਈ ਦੋ ਭਿੰਡੀਆਂ ਲਓ। ਭਿੰਡੀਆਂ ਦੇ ਦੋਨੋਂ ਸਿਰੇ ਕੱਟ ਕੇ ਇਨ੍ਹਾਂ ਨੂੰ ਇਕ ਗਿਲਾਸ ਪਾਣੀ 'ਚ ਪੂਰੀ ਰਾਤ ਭਿਓਂ ਕੇ ਰੱਖੋ। ਸਵੇਰੇ ਉੱਠ ਕੇ ਇਸ ਪਾਣੀ ਨੂੰ ਪੀਓ। ਇਸ ਪਾਣੀ ਨਾਲ ਸਰੀਰ 'ਚ ਫਾਈਬਰ ਦੀ ਮਾਤਰਾ ਵਧੇਗੀ ਅਤੇ ਬੀ.ਪੀ. ਕੰਟਰੋਲ 'ਚ ਰਹੇਗਾ।

**ਗਰਭ ਅਵਸਥਾ 'ਚ ਫਾਇਦੇਮੰਦ**-ਗਰਭਵਤੀ ਔਰਤਾਂ ਨੂੰ ਭਿੰਡੀ ਜ਼ਰੂਰ ਖਾਣੀ ਚਾਹੀਦੀ ਹੈ। ਇਸ 'ਚ ਮੌਜੂਦ ਫਾਲਿਕ ਐਸਿਡ ਭਰੂਣ ਦੇ ਵਿਕਾਸ ਲਈ ਜ਼ਰੂਰੀ ਹੈ।

**ਰੋਗਾਂ ਨਾਲ ਲੜ੍ਹਣ ਦੀ ਸੱਮਰਥਾ ਵਧਾਏ**-ਭਿੰਡੀ 'ਚ ਵਿਟਾਮਿਨ ਸੀ ਮੌਜੂਦ ਹੁੰਦਾ ਹੈ, ਜਿਸ ਕਾਰਨ ਇਸ ਨੂੰ ਖਾਣ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਦੀ ਸੱਮਰਥਾ ਵਧਦੀ ਹੈ। ਸਰੀਰ 'ਚ ਵਿਟਾਮਿਨ ਸੀ ਦੀ ਮਾਤਰਾ ਸਤੁੰਲਿਤ ਹੋਣ ਨਾਲ ਮੌਸਮੀ ਐਲਰਜੀ ਤੋਂ ਬਚਾਅ ਰਹਿੰਦਾ ਹੈ।

**ਅੱਖਾਂ ਲਈ ਲਾਭਕਾਰੀ**-ਵਿਟਾਮਿਨ ਏ ਅਤੇ ਬੀਟਾ ਕੈਰੋਟੀਨ ਅੱਖਾਂ ਦੀ ਰੌਸ਼ਨੀ ਵਧਾਉਂਦੇ ਹਨ। ਭਿੰਡੀ 'ਚ ਇਹ ਦੋਵੇਂ ਭਰਪੂਰ ਮਾਤਰਾ 'ਚ ਪਾਏ ਜਾਂਦੇ ਹਨ।

**ਭਾਰ ਘਟਾਏ**-ਭਿੰਡੀ 'ਚ ਕੈਲੋਰੀ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ ਅਤੇ ਫਾਈਬਰ ਜ਼ਿਆਦਾ ਹੁੰਦਾ ਹੈ, ਜਿਸ ਕਾਰਨ ਇਹ ਸਰੀਰ ਨੂੰ ਭਰਪੂਰ ਊਰਜਾ ਤਾਂ ਦਿੰਦੀ ਹੀ ਹੈ ਨਾਲ ਹੀ ਇਸ ਨੂੰ ਖਾਣ ਨਾਲ ਭਾਰ ਵੀ ਨਹੀਂ ਵਧਦਾ।

**ਕਬਜ਼ ਤੋਂ ਰਾਹਤ**-ਜੇ ਤੁਸੀਂ ਕਬਜ਼ ਤੋਂ ਪ੍ਰੇਸ਼ਾਨ ਹੋ ਤਾਂ ਆਪਣੇ ਭੋਜਨ 'ਚ ਭਿੰਡੀ ਨੂੰ ਸ਼ਾਮਲ ਕਰੋ। ਇਸ 'ਚ ਮੌਜੂਦ ਫਾਈਬਰ ਰੋਜ਼ ਸਵੇਰੇ ਪੇਟ ਸਾਫ ਕਰਨ 'ਚ ਮਦਦ ਕਰਦੇਹਨ।

# ਤੁਲਸੀ ਵਾਲਾ ਦੁੱਧ ਪੀਣ ਦੇ ਕਈ ਫਾਇਦੇ



ਰੋਜ਼ਾਨਾ ਇਕ ਗਲਾਸ ਦੁੱਧ ਦੀ ਵਰਤੋਂ ਸਿਹਤ ਲਈ ਬਹੁਤ ਹੀ ਫਾਇਦੇਮੰਦ ਹੁੰਦੀ ਹੈ। ਦੁੱਧ ਦਾ ਜ਼ਿਆਦਾ ਫਾਇਦਾ ਲੈਣ ਲਈ ਤੁਸੀਂ ਅਕਸਰ ਉਸ 'ਚ ਬਾਦਾਮ, ਚਾਕਲੇਟ ਪਾਊਡਰ ਜਾਂ ਹੋਰ ਕਈ ਪੌਸ਼ਟਿਕ ਚੀਜ਼ਾਂ ਮਿਲਾ ਕੇ ਪੀਂਦੇ ਹੋ। ਅੱਜ ਅਸੀਂ ਤੁਹਾਨੂੰ ਦੁੱਧ 'ਚ ਤੁਲਸੀ ਮਿਲਾ ਕੇ ਪੀਣ ਨਾਲ ਸਰੀਰ ਨੂੰ ਹੋਣ ਵਾਲੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ। ਰੋਜ਼ਾਨਾ ਤੁਲਸੀ ਵਾਲਾ ਦੁੱਧ ਪੀਣ ਨਾਲ ਤੁਹਾਡੀ ਮਾਈਗਰੇਨ ਅਤੇ ਕਿਡਨੀ ਦੀ ਸਮੱਸਿਆ ਦੂਰ ਹੋ ਜਾਵੇਗੀ। ਇਸ ਤੋਂ ਇਲਾਵਾ ਤੁਲਸੀ ਦੇ ਪੱਤਿਆਂ ਅਤੇ ਦੁੱਧ 'ਚ ਮੌਜੂਦ ਪੋਸ਼ਕ ਤੱਤ ਤੁਹਾਨੂੰ ਕੈਂਸਰ ਅਤੇ ਦਿਲ ਦੀਆਂ ਬੀਮਾਰੀਆਂ ਤੋਂ ਬਚਾਉਣ 'ਚ ਵੀ ਮਦਦ ਕਰਦੇ ਹਨ ਤਾਂ ਚਲੋ ਜਾਣਦੇ ਹਾਂ ਦੁੱਧ 'ਚ ਤੁਲਸੀ ਮਿਲਾ ਕੇ ਪੀਣ ਨਾਲ ਤੁਹਾਨੂੰ ਕੀ-ਕੀ ਫਾਇਦੇ ਹੁੰਦੇ ਹਨ।

ਵਾਇਰਲ ਫਲੂ ਤੋਂ ਰਾਹਤ-ਬਦਲਦੇ ਮੌਸਮ ਕਾਰਨ ਅਕਸਰ ਤੁਸੀਂ ਵਾਇਰਲ ਇਨਫੈਕਸ਼ਨ ਜਾਂ ਫਲੂ ਦਾ ਸ਼ਿਕਾਰ ਹੋ ਜਾਂਦੇ ਹੋ। ਅਜਿਹੇ 'ਚ ਵਾਇਰਲ ਇਨਫੈਕਸ਼ਨ ਜਾਂ ਫਲੂ ਨੂੰ ਦੂਰ ਕਰਨ ਲਈ ਦੁੱਧ 'ਚ ਤੁਲਸੀ, ਲੌਂਗ ਅਤੇ ਕਾਲੀ ਮਿਰਚ ਨੂੰ ਉਬਾਲ ਕੇ ਠੰਡਾ ਕਰ ਲਓ। ਇਸ ਦੁੱਧ ਦੀ ਵਰਤੋਂ ਕਰਨ ਨਾਲ ਰੋਗ ਪ੍ਰਤੀਰੋਧੀ ਸਮਰੱਥਾ ਵਧਦੀ ਹੈ ਅਤੇ ਤੁਹਾਡੀਆਂ ਕਈ ਹੋਰ ਸਮੱਸਿਆਵਾਂ ਵੀ ਦੂਰ ਹੋ ਜਾਂਦੀਆਂ ਹਨ।

ਮਾਈਗਰੇਨ ਤੋਂ ਰਾਹਤ-ਮਾਈਗਰੇਨ ਦੀ ਸਮੱਸਿਆ ਤੋਂ ਪੀੜਤ ਲੋਕਾਂ ਦੇ ਸਿਰ 'ਚ ਅਕਸਰ ਬਹੁਤ ਦਰਦ ਰਹਿੰਦਾ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਸਵੇਰੇ-ਸ਼ਾਮ ਦੋ ਵਾਰ ਤੁਲਸੀ ਅਤੇ ਹਲਦੀ ਨੂੰ ਦੁੱਧ 'ਚ ਉਬਾਲ ਕੇ ਪੀਓ। ਤੁਹਾਡਾ ਮਾਈਗਰੇਨ ਦਾ ਦਰਦ ਦੂਰ ਹੋ ਜਾਵੇਗਾ।

ਦਿਲ ਨੂੰ ਰੱਖੇ ਸਿਹਤਮੰਦ-ਰੋਜ਼ਾਨਾ ਤੁਲਸੀ ਵਾਲਾ ਦੁੱਧ ਪੀਣ ਨਾਲ ਤੁਹਾਡਾ ਦਿਲ ਹਮੇਸ਼ਾ ਸਿਹਤਮੰਦ ਰਹਿੰਦਾ ਹੈ। ਇਸ ਨਾਲ ਤੁਹਾਨੂੰ ਦਿਲ ਨਾਲ ਜੁੜੀਆਂ ਕਈ ਬੀਮਾਰੀਆਂ ਜਿਵੇਂ ਹਾਰਟ ਅਟੈਕ ਅਤੇ ਹਾਰਟ ਬਲਾਕੇਜ ਹੋਣ ਦਾ ਖਤਰਾ ਕਾਫੀ ਘਟ ਜਾਂਦਾ ਹੈ। ਕਿਡਨੀ ਸਟੋਨ ਤੋਂ ਰਾਹਤ-ਰੋਜ਼ਾਨਾ ਇਕ ਹਫਤੇ ਤਕ ਸਵੇਰੇ ਖਾਲੀ ਪੇਟ 1 ਗਲਾਸ ਤੁਲਸੀ ਦੇ ਪੱਤਿਆਂ ਵਾਲਾ ਦੁੱਧ ਪੀਓ। ਇਸ ਨਾਲ ਤੁਹਾਡੀ ਪੱਥਰੀ ਟੁੱਟ ਜਾਵੇਗੀ ਅਤੇ ਯੂਰਿਨ ਦੇ ਰਸਤੇ ਬਾਹਰ ਆ ਜਾਵੇਗੀ। ਇਸ ਨਾਲ ਸਟੋਨ ਦੇ ਨਾਲ-ਨਾਲ ਕਿਡਨੀ 'ਚ ਮੌਜੂਦ ਸਾਰੇ ਜ਼ਹਿਰੀਲੇ ਪਦਾਰਥ ਵੀ ਬਾਹਰ ਨਿਕਲ ਜਾਣਗੇ।

# ਰੋਜ਼ਾਨਾ ਸਵੇਰੇ ਨਮਕ ਵਾਲਾ ਪਾਣੀ ਪੀਣ ਨਾਲ ਹੁੰਦੇ ਹਨ ਕਈ ਫਾਇਦੇ



ਕੀ ਤੁਸੀਂ ਜਾਣਦੇ ਹੋ ਕਿ ਕਈ ਵਾਰ ਮਿਨਰਲਸ ਦੀ ਕਮੀ ਨਾਲ ਵੀ ਸਾਡਾ ਸਰੀਰ ਬਿਮਾਰੀਆਂ ਦੀ ਚਪੇਟ 'ਚ ਆ ਜਾਂਦਾ ਹੈ। ਅਜਿਹੇ 'ਚ ਜ਼ਰੂਰੀ ਹੈ ਕਿ ਵਿਅਕਤੀ ਆਪਣੇ ਖਾਣ-ਪੀਣ 'ਚ ਮਿਨਰਲਸ ਦਾ ਧਿਆਨ ਰੱਖੇ। ਸਰੀਰ 'ਚ ਨਮਕ ਦੀ ਕਮੀ ਨਾਲ ਵੀ ਕਈ ਗੰਭੀਰ ਬੀਮਾਰੀਆਂ ਹੋ ਸਕਦੀਆਂ ਹਨ ਪਰ ਜੇ ਤੁਸੀਂ ਹਰ ਰੋਜ਼ ਸਹੀ ਮਾਤਰਾ 'ਚ ਨਮਕ ਦੀ ਵਰਤੋਂ ਕਰਦੇ ਹੋ ਤਾਂ ਇਹ ਤੁਹਾਡੇ ਲਈ ਦਵਾਈ ਦਾ ਕੰਮ ਕਰਦਾ ਹੈ। ਰੋਜ਼ ਸਵੇਰੇ ਨਮਕ ਵਾਲਾ ਪਾਣੀ ਪੀਣ ਨਾਲ ਸਰੀਰ 'ਚ ਕਈ ਤੱਤਾਂ ਦੀ ਪੂਰਤੀ ਕੀਤੀ ਜਾ ਸਕਦੀ ਹੈ। ਰੋਜ਼ ਸਵੇਰੇ ਨਮਕ ਦਾ ਪਾਣੀ ਪੀਣ ਨਾਲ ਕਈ ਬੀਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ। ਤਾਂ ਆਓ ਜਾਣਦੇ ਹਾਂ ਹਰ ਰੋਜ਼ ਨਮਕ ਦਾ ਪਾਣੀ ਪੀਣ ਨਾਲ ਸਰੀਰ ਨੂੰ ਹੋਣ ਵਾਲੇ ਫਾਇਦਿਆਂ ਬਾਰੇ...



**ਹੱਡੀਆਂ ਨੂੰ ਮਜ਼ਬੂਤ ਕਰੇ**-ਹੱਡੀਆਂ ਨੂੰ ਮਜ਼ਬੂਤ ਬਣਾਉਣ ਲਈ ਵੀ ਨਮਕ ਦਾ ਪਾਣੀ ਕਾਫੀ ਫਾਇਦੇਮੰਦ ਹੁੰਦਾ ਹੈ। ਇਸ ਨਾਲ ਸਰੀਰ 'ਚ ਕੈਲਸ਼ੀਅਮ ਦੀ ਪੂਰਤੀ ਹੋ ਜਾਂਦੀ ਹੈ ਅਤੇ ਹੱਡੀਆਂ ਵੀ ਮਜ਼ਬੂਤ ਹੁੰਦੀਆਂ ਹਨ।

**ਚਮੜੀ ਲਈ ਫਾਇਦੇਮੰਦ**-ਨਮਕ ਦਾ ਪਾਣੀ ਪੀਣ ਨਾਲ ਚਮੜੀ ਨਾਲ ਜੁੜੀਆਂ ਕਈ ਸਮੱਸਿਆਵਾਂ ਦੂਰ ਹੋ ਜਾਂਦੀਆਂ ਹਨ। ਇਸ ਨਾਲ ਮੁਹਾਸੇ, ਦਾਗ-ਧੱਬੇ ਆਦਿ ਆਸਾਨੀ ਨਾਲ ਦੂਰ ਹੋ ਜਾਂਦੇ ਹਨ। ਨਮਕ ਦੇ ਪਾਣੀ ਨਾਲ ਚਮੜੀ 'ਚ ਨਿਖਾਰ ਵੀ ਆਉਂਦਾ ਹੈ।

**ਲੀਵਰ ਦੀ ਸਮੱਸਿਆ ਦੂਰ ਕਰੇ**-ਨਮਕ ਦੇ ਪਾਣੀ ਦੀ ਵਰਤੋਂ ਨਾਲ ਵੀ ਲੀਵਰ ਦੀ ਸਮੱਸਿਆ ਨੂੰ ਦੂਰ ਕੀਤਾ ਜਾ ਸਕਦਾ ਹੈ। ਨਮਕ ਦੇ ਪਾਣੀ ਨਾਲ ਖਰਾਬ ਜਾਂ ਡੈਮੇਜ਼ ਸੈੱਲਸ ਦੁਬਾਰਾ ਕੰਮ ਕਰਨ ਲੱਗਦੇ ਹਨ। ਸਰੀਰ 'ਚੋਂ ਟਾਕਸਿੰਸ ਕੱਢਣਾ ਕਾਫੀ ਜ਼ਰੂਰੀ ਹੁੰਦਾ ਹੈ ਅਤੇ ਇਸ ਲਈ ਨਮਕ ਦਾ ਪਾਣੀ ਕਾਫੀ ਫਾਇਦੇਮੰਦ ਹੁੰਦਾ ਹੈ।

**ਨੀਂਦ ਨਾ ਆਉਣ ਦੀ ਸਮੱਸਿਆ ਦੂਰ ਕਰੇ**-ਜੇ ਤੁਸੀਂ ਨੀਂਦ ਨਾ ਆਉਣ ਦੀ ਸਮੱਸਿਆ ਤੋਂ ਪ੍ਰੇਸ਼ਾਨ ਰਹਿੰਦੇ ਹੋ ਤਾਂ ਨਮਕ ਵਾਲੇ ਪਾਣੀ ਦੀ ਵਰਤੋਂ ਕਰੋ। ਕੁਦਰਤੀ ਨਮਕ 'ਚ ਮੌਜੂਦ ਮਿਨਰਲਸ ਤੰਤਰਿਕਾ ਤੰਤਰ ਨੂੰ ਸ਼ਾਂਤ ਕਰਨ 'ਚ ਮਦਦ ਕਰਦਾ ਹੈ।

# ਹਿੰਗ ਸਰੀਰ ਦੀਆਂ ਕਈ ਬਿਮਾਰੀਆਂ ਨੂੰ ਕਰਦੀ ਹੈ ਜੜ੍ਹ ਤੋਂ ਖਤਮ

ਹਿੰਗ ਨੂੰ ਮਸਾਲਿਆਂ 'ਚ ਸਭ ਤੋਂ ਜ਼ਿਆਦਾ ਗੁਣਕਾਰੀ ਮੰਨਿਆ ਜਾਂਦਾ ਹੈ। ਇਸ ਦੀ ਤਿੱਖੀ ਖੁਸ਼ਬੂ ਨੂੰ ਕੁਝ ਲੋਕ ਪਸੰਦ ਨਹੀਂ ਕਰਦੇ ਪਰ ਇਸ ਦੇ ਗੁਣਾਂ ਦੇ ਸਾਹਮਣੇ ਇਸ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ। ਸਿਹਤ ਦੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਪ੍ਰਾਚੀਨ ਸਮੇਂ ਤੋਂ ਹੀ ਇਸ ਨੂੰ ਆਯੂਰਵੈਦ 'ਚ ਖਾਸ ਥਾਂ ਦਿੱਤੀ ਗਈ ਹੈ। ਸਬਜ਼ੀਆਂ 'ਚ ਇਸ ਦਾ ਤੜਕਾ ਲਗਾਉਣ ਨਾਲ ਜਾਇਕਾ ਤਾਂ ਵਧ ਹੀ ਜਾਂਦਾ ਹੈ ਨਾਲ ਹੀ ਇਸ ਨਾਲ ਸਿਹਤ ਵੀ ਦਰੁੱਸਤ ਰਹਿੰਦੀ ਹੈ।

**ਯਾਦਦਾਸ਼ਤ ਤੇਜ਼ ਕਰੇ**-ਜਿਨ੍ਹਾਂ ਲੋਕਾਂ ਦੀ ਸੋਚਣ ਅਤੇ ਯਾਦ ਰੱਖਣ ਦੀ ਤਾਕਤ ਕਮਜ਼ੋਰ ਹੁੰਦੀ ਹੈ ਉਨ੍ਹਾਂ ਲਈ ਹਿੰਗ ਦੀ ਵਰਤੋ ਬੇਹੱਦ ਫਾਇਦੇਮੰਦ ਹੁੰਦੀ ਹੈ। ਇਸ ਨਾਲ ਯਾਦਦਾਸ਼ਤ ਤੇਜ਼ ਹੁੰਦੀ ਹੈ।

**ਡਾਈਬੀਟੀਜ਼**-ਹਿੰਗ ਦੀ ਵਰਤੋਂ ਨਾਲ ਸਰੀਰ 'ਚ ਬਲੱਡ ਸ਼ੂਗਰ ਲੈਵਲ ਸੰਤੁਲਿਤ ਰਹਿੰਦਾ ਹੈ, ਜਿਸ ਵਜ੍ਹਾ ਨਾਲ ਡਾਇਬਿਟੀਜ਼ ਹੋਣ ਦਾ ਖਤਰਾ ਨਹੀਂ ਰਹਿੰਦਾ ਹੈ। ਇਸ ਤੋਂ ਇਲਾਵਾ ਡਾਇਬੀਟੀਜ਼ ਦੇ ਰੋਗੀ ਨੂੰ ਰੋਜ਼ਾਨਾ ਇਸ ਦਾ ਪਾਣੀ ਪੀਣਾ ਚਾਹੀਦਾ ਹੈ ਇਸ ਨਾਲ ਕਾਫੀ ਲਾਭ ਹੁੰਦਾ ਹੈ।

**ਹਿਚਕੀ ਅਤੇ ਡਕਾਰ ਦੂਰ**-ਕੁਝ ਲੋਕਾਂ ਨੂੰ ਇਕ ਵਾਰ ਹਿਚਕੀ ਸ਼ੁਰੂ ਹੋ ਜਾਵੇ ਤਾਂ ਬੰਦ ਹੋਣ ਦਾ ਨਾਂ ਹੀ ਨਹੀਂ ਲੈਂਦੀ। ਇਸ ਨੂੰ ਹਟਾਉਣ ਲਈ ਕੇਲੇ ਦੇ ਗੂਦੇ 'ਚ ਮਸੂਰ ਦੀ ਦਾਲ ਦੇ ਦਾਣਿਆਂ ਦੇ ਬਰਾਬਰ ਹਿੰਗ ਦੀ ਵਰਤੋਂ ਕਰਨ ਨਾਲ ਹਿਚਕੀ ਅਤੇ ਡਕਾਰ ਆਉਣੇ ਬੰਦ ਹੋ ਜਾਂਦੇ ਹਨ।

**ਪੇਟ ਸਿਹਤਮੰਦ**-ਪੇਟ ਠੀਕ ਨਾ ਹੋਵੇ ਤਾਂ ਸਿਹਤ ਨਾਲ ਜੁੜੀਆਂ ਬਹੁਤ ਸਾਰੀਆਂ ਪ੍ਰੇਸ਼ਾਨੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਪੇਟ ਨੂੰ ਸਿਹਤਮੰਦ ਅਤੇ ਪ੍ਰਤੀਰੋਧਕ ਸਮਰੱਥਾ ਮਜ਼ਬੂਤ ਬਣਾਉਣ ਲਈ ਸਬਜ਼ੀ-ਦਾਲ 'ਚ ਹਿੰਗ ਦਾ ਤੜਕਾ ਲਗਾਓ। ਹਿੰਗ ਦੇ ਚੂਰਨ ਦੀ ਵਰਤੋਂ ਕਰਨ ਨਾਲ ਹਾਜ਼ਮਾ ਠੀਕ ਰਹਿੰਦਾ ਹੈ।

**ਬਲਗਮ**-ਮੌਸਮ 'ਚ ਬਦਲਾਅ ਆਉਣ ਨਾਲ ਬਲਗਮ ਦੀ ਪ੍ਰੇਸ਼ਾਨੀ ਹੋਣਾ ਆਮ ਗੱਲ ਹੈ। ਇਸ ਤੋਂ ਛੁਟਕਾਰਾ ਪਾਉਣ ਲਈ ਪਾਣੀ 'ਚ ਹਿੰਗ ਪਾ ਕੇ ਪੇਸਟ ਤਿਆਰ ਕਰ ਲਓ। ਇਸ ਪੇਸਟ ਨੂੰ ਛਾਤੀ 'ਤੇ ਮਲੋ। ਲਗਾਤਾਰ 2-3 ਦਿਨ ਤਕ ਅਜਿਹਾ ਕਰਨ ਨਾਲ ਕਫ ਬਾਹਰ ਨਿਕਲਣ ਲੱਗਦੀ ਹੈ।

**ਯੂਰਿਨ ਦੀ ਸਮੱਸਿਆ**-ਜਿਨ੍ਹਾਂ ਲੋਕਾਂ ਨੂੰ ਯੂਰਿਨ ਇੰਫੈਕਸ਼ਨ ਜਾਂ ਇਸ ਨਾਲ ਜੁੜੀ ਕੋਈ ਹੋਰ ਸਮੱਸਿਆ ਹੁੰਦੀ ਹੈ ਉਨ੍ਹਾਂ ਲਈ ਵੀ ਹਿੰਗ ਕਾਫੀ ਫਾਇਦੇਮੰਦ ਹੈ।

**ਮਜ਼ਬੂਤ ਹੱਡੀਆਂ**-ਇਸ 'ਚ ਮਜ਼ਬੂਤ ਐਂਟੀ-ਇੰਫਲੇਮੇਟਰੀ ਗੁਣ ਹੱਡੀਆਂ ਨੂੰ ਮਜ਼ਬੂਤ ਕਰਦੇ ਹਨ ਅਤੇ ਜੋੜਾਂ ਦੇ ਦਰਦ ਨੂੰ ਘੱਟ ਕਰਦੇ ਹਨ।



**ਅਸਥਮਾ**-ਅਸਥਮਾ ਦੇ ਰੋਗੀਆਂ ਲਈ ਵੀ ਹਿੰਗ ਬੇਹੱਦ ਫਾਇਦੇਮੰਦ ਹੁੰਦੀ ਹੈ ਇਸ 'ਚ ਮਜ਼ਬੂਤ ਐਂਟੀ-ਬੈਕਟੀਰਿਅਲ ਗੁਣ ਸਾਹ ਫੁੱਲਣ ਦੀ ਸਮੱਸਿਆ ਨੂੰ ਘੱਟ ਕਰਦੇ ਹਨ।


**ਅੱਖਾਂ ਦੀ ਰੌਸ਼ਨੀ**-ਹਿੰਗ ਦੇ ਪਾਣੀ 'ਚ ਮੌਜੂਦ ਵੀਟਾ ਕੈਰੋਟੀਨ ਅੱਖਾਂ ਨੂੰ ਸਿਹਤਮੰਦ ਰੱਖਣ 'ਚ ਮਦਦ ਕਰਦਾ ਹੈ। ਰੋਜ਼ਾਨਾ ਇਸ ਦੀ ਵਰਤੋਂ ਨਾਲ ਅੱਖਾਂ ਦੀ ਰੌਸ਼ਨੀ ਵਧਦੀ ਹੈ।

**ਖ਼ੂਨ ਦੀ ਕਮੀ**-ਸਰੀਰ 'ਚ ਖ਼ੂਨ ਦੀ ਕਮੀ ਹੋਣ 'ਤੇ ਅਨੀਮੀਆ ਦੀ ਸਮੱਸਿਆ ਹੋ ਜਾਂਦੀ ਹੈ ਅਜਿਹੇ 'ਚ ਹਿੰਗ 'ਚ ਮੌਜੂਦ ਆਇਰਨ ਨਾਲ ਸਰੀਰ 'ਚ ਖ਼ੂਨ ਦੀ ਕਮੀ ਪੂਰੀ ਹੋ ਜਾਂਦੀ ਹੈ।

# ਇਸ ਦੁਨੀਆ 'ਤੇ ਰਸ਼ਕ ਕਰੋ









ਸਾਡੇ ਵਿਚੋਂ ਇਹ ਬਹੁਤਿਆਂ ਦੇ ਵੱਸ ਦੀ ਗੱਲ ਨਹੀਂ ਹੈ। ਇਸ ਦੀ ਸਿਰਫ਼ ਕਲਪਨਾ ਹੀ ਵਿਲਾਸਤਾ ਦੀ ਸਿਖਰ ਦਾ ਅਹਿਸਾਸ ਦਿੰਦੀ ਹੈ ਅਤੇ ਇਹ ਕੋਈ ਕਰੂਜ਼ ਜਹਾਜ਼ ਨਹੀਂ ਜਿਵੇਂ ਕਿ ਤਸਵੀਰਾਂ ਤੋਂ ਲੱਗਦਾ ਹੈ। ਬਾਹਰ ਤੋਂ ਭਾਵੇਂ ਹੀ ਇਹ ਕਰੂਜ਼ ਜਹਾਜ਼ ਲੱਗੇ ਪਰ ਇਹ ਪਾਣੀ 'ਤੇ ਵਸੀ ਇਕ ਦੁਨੀਆਂ ਹੈ। ਇਹ ਪੂਰੀ ਦੁਨੀਆਂ ਵਿਚ ਨਿੱਜੀ ਮਾਲਕੀ ਵਾਲਾ ਸਭ ਤੋਂ ਵੱਡਾ ਰਿਹਾਇਸ਼ੀ ਜਹਾਜ਼ ਹੈ। ਸਾਨੀ ਇਸ ਵਿਚ ਲੋਕਾਂ ਦੇ ਘਰ  ਹਨ ਅਤੇ ਘਰ ਕੋਈ ਮਾਮੂਲੀ ਨਹੀਂ। ਹੁਣ ਘਰ ਘਰ ਹਨ ਤਾਂ ਇਹ ਜਹਾਜ਼ ਵੀ ਕੋਈ ਸ਼ੋਅਪੀਸ ਨਹੀਂ। ਇਹ ਜਹਾਜ਼ ਪੂਰੀ ਦੁਨੀਆਂ ਘੁੰਮਦਾ ਹੈ। ਯਾਨੀ ਇਸ  ਦੇ ਘਰਾਂ ਦੇ ਨਿਵਾਸੀਆਂ ਨੂੰ ਪੂਰੀ ਦੁਨੀਆਂ ਘੁੰਮਣ ਲਈ ਆਪਣੇ ਘਰਾਂ ਤੋਂ ਬਾਹਰ ਨਹੀਂ ਨਿਕਲਣਾ ਪੈਂਦਾ। ਉਨ੍ਹਾਂ ਦੇ ਘਰ ਪੂਰੀ ਦੁਨੀਆਂ ਘੁੰਮਦੇ ਹਨ। ਹੁਣ ਇਹ ਕੋਈ ਆਮ ਕਰੂਜ਼ ਜਹਾਜ਼ ਹੁੰਦਾ ਤਾਂ ਏਨੇ ਵੱਡੇ ਜਹਾਜ਼ 'ਤੇ 1800 ਤੋਂ ਜ਼ਿਆਦਾ ਮੁਸਾਫ਼ਰ ਹੁੰਦੇ। ਪਰ ਕਿਉਂਕਿ ਇਸ ਵਿਚ ਸਵੀਟ ਜਾਂ ਕਮਰੇ ਨਾ ਹੋ ਕੇ ਆਲੀਸ਼ਾਨ ਘਰ ਹਨ ਤਾਂ ਲਿਹਾਜ਼ਾ ਇਸ ਵਿਚ 165 ਆਲੀਸ਼ਾਨ ਨਿੱਜੀ ਲਗਜ਼ਰੀ ਅਪਾਰਟਮੈਂਟ ਹਨ।

ਇਹ 'ਦਿ ਵਰਲਡ' ਹੈ ਅਤੇ ਨਾਂ ਦੇ ਮੁਤਾਬਿਕ ਇਹ ਸੁੱਚੀ ਮੁੱਚੀ ਇਕ ਅਲੱਗ ਦੁਨੀਆਂ ਹੈ। ਇਸ ਦੇ ਲਗਜ਼ਰੀ ਅਪਾਰਟਮੈਂਟਸ ਦੇ ਮਾਲਕ ਇਸ ਦੁਨੀਆਂ ਦੇ ਨਿਵਾਸੀ ਹਨ। ਇਸ ਸਮੇਂ ਇਨ੍ਹਾਂ ਨਿਵਾਸੀਆਂ ਵਿਚ ਅਮਰੀਕਾ, ਯੂਰਪ, ਏਸ਼ੀਆ, ਆਸਟ੍ਰੇਲੀਆ, ਦੱਖਣੀ ਅਮਰੀਕਾ ਅਤੇ ਦੱਖਣੀ ਅਫ਼ਰੀਕਾ ਦੇ ਲਗਭਗ 19 ਦੇਸ਼ਾਂ ਦੇ 130 ਪਰਿਵਾਰ ਸ਼ਾਮਿਲ ਹਨ। ਇਹ ਸਾਰੇ ਲੋਕ ਇਸ  ਇਸ ਜਹਾਜ਼ ਦੇ ਸਾਂਝੇ ਮਾਲਕ ਹਨ ਅਤੇ ਇਹ ਸਭ ਮਿਲ ਕੇ ਤੈਅ ਕਰਦੇ ਹਨ ਕਿ ਜਹਾਜ਼ ਕਿਸ ਸਮੇਂ ਦੁਨੀਆਂ ਦੇ ਕਿਸ ਸਮੁੰਦਰ ਨੂੰ ਚੀਰੇਗਾ ਅਤੇ ਕਿਸ ਸਮੁੰਦਰੀ ਕੰਢੇ ਨੂੰ ਚੁੰਮੇਗਾ।

ਜਾਣ ਕੇ ਹੈਰਾਨੀ ਹੋਵੇਗੀ ਕਿ ਪਿਛਲੇ ਸੋਾਲ ਇਸ ਜਹਾਜ਼ ਨੇ 50 ਤੋਂ ਜ਼ਿਆਦਾ ਦੇਸ਼ਾਂ ਦੀ ਸੈਰ ਕੀਤੀ। ਆਮ ਤੌਰ 'ਤੇ ਹਰ ਸ਼ਹਿਰ ਵਿਚ ਇਹ ਦੋ ਤੋਂ ਪੰਜ ਦਿਨ ਰੁਕਦਾ ਹੈ। ਇਹ ਜਹਾਜ਼ 'ਬਹਾਮਾਸ' ਵਿਚ ਰਜਿਸਟਰਡ ਹੈ ਅਤੇ ਫਲੋਰੀਡਾ ਤੋਂ ਇਸ ਦਾ ਸੰਚਾਲਨ ਹੁੰਦਾ ਹੈ। ਇਸ 'ਤੇ 250 ਲੋਕਾਂ ਦਾ ਕਰੂ ਹੈ। ਜਦੋਂ ਮੈਂ ਇਹ ਲਿਖਿਆ ਕਿ ਇਹ ਸਾਡੇ 'ਚੋਂ ਜ਼ਿਆਦਾਤਰ ਦੇ ਵੱਸ ਦੀ ਗੱਲ ਨਹੀਂ ਤਾਂ ਇਹ ਸਿਰਫ਼ ਇਹ ਕਹਿਣ ਲਈ ਨਹੀਂ ਸੀ। ਜਹਾਜ਼ ਦੇ 165 ਅਪਾਰਟਮੈਂਟਾਂ ਵਿਚੋਂ 106 ਅਪਾਰਟਮੈਂਟ, 19 ਸਟੂਡੈਂਟ ਅਪਾਰਟਮੈਂਟ ਅਤੇ 40 ਸਟੂਡੀਓ ਹਨ। ਕੁਝ ਸਮਾਂ ਪਹਿਲਾਂ ਤੱਕ 'ਦਿ ਵਰਲਡ' ਵਿਚ  ਸਿਰਫ਼ 328 ਵਰਗ ਫੁੱਟ ਦੇ ਇਕ ਸਟੂਡੀਓ ਦੀ ਕੀਮਤ 6 ਲੱਖ  ਅਮਰੀਕੀ ਡਾਲਰ ਸੀ। ਦੋ ਬੈਡਰੂਮ ਵਾਲੇ ਓਸਨ ਸਟੂਡੀਓ ਦੀ ਕੀਮਤ ਲਗਭਗ 30 ਲੱਖ ਅਮਰੀਕੀ ਡਾਲਰ ਹੈ। ਨਾਲ ਹੀ ਪੰਜ ਬੈਡਰੂਮ ਵਾਲੇ ਦਿ ਵਰਲਡ ਸਵੀਟ ਦੀ ਕੀਮਤ 135 ਕਰੋੜ ਅਮਰੀਕੀ ਡਾਲਰ ਹੈ। ਇੰਨਾ ਹੀ ਨਹੀਂ, ਇਸ ਦੇ ਨਿਵਾਸੀਆਂ ਨੂੰ ਜਹਾਜ਼ ਦੇ ਤੇਲ, ਕਰੂ, ਰੱਖ-ਰਖਾਅ ਤੇ ਭੋਜਨ ਖਰਚ ਦੇ ਲਈ ਘੱਟ ਤੋਂ ਘੱਟ 20  ਹਜ਼ਾਰ ਅਮਰੀਕੀ ਡਾਲਰ ਹਰ ਮਹੀਨੇ ਦੇਣੇ ਪੈਂਦੇ ਹਨ। ਇਸ ਹਿਸਾਬ ਨਾਲ ਸਲਾਨਾ ਮੇਨਟੀਨੈਂਸ  ਹੀ ਇਕ ਅਰਬ ਕਰੋੜ ਰੁਪਏ ਤੋਂ ਉਪਰ ਦੀ ਹੋ ਜਾਂਦੀ ਹੈ। ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਕਿਸ ਦੀ ਹੈਸੀਅਤ ਵਿਚ ਹੈ। ਇਸ ਵਿਚ ਵੀ ਕੁਝ ਹੀ ਪਰਿਵਾਰ ਹਨ ਜਿਹੜੇ ਆਪਣਾ ਮੁੱਖ ਘਰ ਬਣਾ ਕੇ ਸਾਲ ਭਰ ਜਹਾਜ਼ 'ਤੇ ਹੀ ਰਹਿੰਦੇ ਹਨ। ਜ਼ਿਆਦਾਤਰ ਲੋਕ ਸਾਲ ਵਿਚ 3-4 ਮਹੀਨੇ ਦਾ ਸਮਾਂ ਹੀ ਇੱਥੇ ਗੁਜ਼ਾਰਦੇ ਹਨ। ਕਦੀ ਕੋਈ ਤਾਂ ਕਦੀ ਕੋਈ। ਔਸਤਨ 150 ਨਿਵਾਸੀ ਹੀ ਇਸ ਜਹਾਜ਼ 'ਤੇ ਰਹਿੰਦੇ ਹਨ। ਇਸ ਕੀਮਤ 'ਤੇ ਵੀ 2002 ਵਿਚ ਪਾਣੀ ਵਿਚ ਉਤਰੇ ਇਸ ਦੁਨੀਆਂ ਦੇ ਸਾਰੇ ਘਰ 2006 ਤੱਕ ਵਿਕ ਚੁੱਕੇ ਸਨ। ਹਾਲਾਂਕਿ ਜੋ ਲੋਕ ਖ਼ੁਦ ਨੂੰ ਖੁਸ਼ਕਿਸਮਤ ਮੰਨਦੇ ਹੋਣ ਤਾਂ ਹਾਲੇ ਵੀ ਕੁਝ ਲੋਕ ਆਪਣੇ ਅਪਾਰਟਮੈਂਟ ਵੇਚਣ ਦੀ ਫਿਰਾਕ ਵਿਚ ਹਨ। ਹੱਥ ਅਜ਼ਮਾਓਗੇ ?

\- ਉਪਿੰਦਰ ਸਵਾਮੀ







**Nlight Financial**

# Insurance



**Are you paying too much for Auto, Home, Business, Workman Compensation, Contractors, General Liability, E&O ?**

**Call us today for complimentary analysis of your policy.**

# NLight Financial LLC



**Sharanjit Singh Thind**
Licensed Insurance Broker/ Notary Public
(Service with Honesty & Smile, Since 2012)

1900, Hempstead Tpke., Suite 306
East Meadow, New York 11554
Cell: 917 612 3158 Tel Fax: 516 246 9022
Email: info@nlightfin.com
www.nlightfin.com